# ਜੰਗ ਮੜੌਲੀ

ਡਾ. ਚਰਨ ਸਿੰਘ

 www.sikhbookclub.com

ੴ ੧ੴ ਸਤਿਗੁਰ ਪ੍ਰਸਾਦਿ ੴ

# ਜੰਗ ਮੜੌਲੀ

ਜਿਸ ਵਿਚ ਰਾਣੀ ਰੂਪ ਕੌਰ (ਯਾਨੀ ਅਵਿਦਿਆ ਯਾ ਮਾਯਾ)
ਤੇ
ਟਿਕਾ ਮੈਨਾ ਸਿੰਘ (ਯਾਨੀ ਜੀਵ ਯਾ ਮਨ)
ਦੇ ਸੰਘਰਸ਼ ਦਾ ਵਿਸਥਾਰ ਹੈ।

ਡਾ. ਚਰਨ ਸਿੰਘ

**ਭਾਈ ਵੀਰ ਸਿੰਘ ਸਾਹਿਤ ਸਦਨ**
**ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001**

 www.sikhbookclub.com

# Jang Marholi

*Dr. Charan Singh*

ISBN # 978-81-904956-1-5

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਨਵੀਂ ਐਡੀਸ਼ਨ : ਅਕਤੂਬਰ, 2009

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ,
ਭਾਈ ਵੀਰ ਸਿੰਘ ਮਾਰਗ,
ਨਵੀਂ ਦਿੱਲੀ - 110 001

*Printer :*
Jaipaul & Brothers
14/8986, Shidi Pura, Karol Bagh
New Delhi - 110005

ਮੁੱਲ : 66/- ਰੁਪਏ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਜੰਗ ਮੜੋਲੀ-ਸਨਿੱਮਰ ਬੇਨਤੀ

**ਇਹ** ਲੇਖ ਸਤਿਕਾਰਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪਿਤਾ ਡਾ. ਚਰਨ ਸਿੰਘ ਜੀ ਦੀ ਰਚਨਾ ਹੈ। ਇਸ ਦਾ ਜਿਕਰ ਸੰਥਯਾ ਪੋਥੀ-੭ ਦੇ ਪੰਨਾ ੩੨੬੧ ਇਹ ਪਹਿਲੀ ਵਾਰੀ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਵਲੋਂ 'ਨਿਰਗੁਣੀਆਰ਼ਾ' ਟ੍ਰੈਕਟ ਨੰ: ੨੦੭, ੨੦੮, ੨੧੧ ਅਤੇ ੨੧੨ ਦੇ ਰੂਪ ਵਿਚ ਅਗਸਤ-ਸਤੰਬਰ, ੧੯੦੩ ਵਿਚ ਪ੍ਰਕਾਸ਼ਿਤ ਹੋਇਆ ਸੀ। ੧੯੦੩ ਤੋਂ ਬਾਦ ਇਹ ਕਈ ਵਾਰੀ ਛਪਿਆ ਹੋਵੇਗਾ (ਜਿਸ ਦਾ ਵੇਰਵਾ ਸਾਡੇ ਪਾਸ ਨਹੀਂ ਹੈ) ਪਰ ਸਤੰਬਰ, ੧੯੬੮ ਵਿਚ ਤਾਂ ਜ਼ਰੂਰ ਹੀ ਛਪਿਆ ਸੀ।

ਇਹ ਲੇਖ ਇਕ ਬੜੀ ਅਨੋਖੀ ਕਿਸਮ ਦੀ ਮੁੰਦਾਵਣੀ (=ਬੁਝਾਰਤ) ਦੀ ਸੂਰਤ ਵਿਚ ਹੈ ਤੇ ਪੜ੍ਹਨ ਲਗਿਆਂ ਵਧੇਰੇ ਇਕਾਗ੍ਰਤਾ ਦੀ ਮੰਗ ਕਰਦਾ ਹੈ। ਰਾਣੀ ਰੂਪ ਕੌਰ (=ਅਵਿਦਿਆ ਯਾ ਮਾਯਾ) ਤੇ ਟਿਕਾ ਮੰਨਾ ਸਿੰਘ (=ਮਨ ਯਾ ਜੀਵ) ਦੇ ਆਪਸ ਵਿਚ ਦੇ ਸੰਘਰਸ਼ ਦਾ ਬੜੇ ਵਿਸਥਾਰ ਨਾਲ ਹਾਲ ਦਸਿਆ ਹੈ। ਵਿਸ਼ਾ ਬੜਾ ਮੁਸ਼ਕਲ ਹੈ ਪਰ ਸਤਿਕਾਰਯੋਗ ਲੇਖਕ ਜੀ ਨੇ ਇਸ ਨੂੰ ਨਾਵਲੀ ਰੂਪ ਵਿਚ ਪੇਸ਼ ਕਰਕੇ ਸੁਆਦਲਾ ਤੇ ਖਿੱਚ ਭਰਪੂਰ ਬਣਾ ਦਿਤਾ ਹੈ।

ਜੰਗ ਮੜੋਲੀ ਦੀ ਬੁਝਾਰਤ ਦਾ ਸੁਯੋਗ ਸੁਲਝਾਓ ਤਾਂ ਲੇਖਕ ਜੀ ਆਪ ਹੀ ਜਾਣਦੇ ਹਨ ਪਰ ਸਾਧਸੰਗਤ ਦੀ ਕ੍ਰਿਪਾ ਨਾਲ ਜੋ ਵੀ ਥੋੜਾ-ਬਹੁਤਾ ਲੇਸ਼ ਮਾਤ੍ਰ ਤੁਛ ਬੁਧੀ ਅਨੁਸਾਰ ਸਮਝ ਆਇਆ ਹੈ ਉਸਨੂੰ ਇਸ ਲੇਖ ਦੇ ਪਾਠਕਾਂ ਨਾਲ ਸਾਂਝਾ ਕਰਨ ਦਾ ਨਿਮਾਨਾ ਜਿਹਾ ਤਰੱਦਦ ਹੈ। ਕ੍ਰਿਪਾ ਕਰਕੇ ਪ੍ਰਵਾਨ ਕਰਨਾ ਜੀ।


www.sikhbookclub.com

'ਜੰਗ' ਦਾ ਅਰਥ ਹੈ ਵੱਡੀ ਲੜਾਈ ਤੇ 'ਮੜੋਲੀ' ਦਾ ਅਰਥ ਹੈ ਸ਼ਰੀਰ (ਦੇ ਅੰਦਰ)। ਸਾਡੇ ਅੰਦਰ ਜੋ ਚੰਗੇ ਤੇ ਮਾੜੇ ਵਿਚਾਰਾਂ ਯਾ ਚੰਗੀਆਂ ਮੰਦੀਆਂ ਬ੍ਰਿਤੀਆਂ ਦੀ ਆਪਸ ਵਿਚ ਖਿੱਚਾ-ਖਿੱਚੀ ਚਲਦੀ ਰਹਿੰਦੀ ਹੈ ਉਸਨੂੰ "ਜੰਗ ਮੜੋਲੀ" ਕਿਹਾ ਹੈ। ਮਨ ਜਾਂ ਜੀਵ (=ਮੰਨਾ ਸਿੰਘ) ਨੂੰ ਅਵਿੱਦਿਆ ਜਾਂ ਮਾਯਾ (=ਰਾਣੀ ਰੂਪ ਕੌਰ) ਦੇ ਜਾਲ ਵਿਚ ਫਸਾਨ ਵਾਲੀਆਂ ਤਮੋਗੁਣੀ ਤੇ ਰਜੋਗੁਣੀ ਬ੍ਰਿਤੀਆਂ (ਆਸੁਰੀ ਸੰਪਤੀ ਯਾਨੀ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਚੁਗਲੀ, ਈਰਖਾ, ਬੇਇਮਾਨੀ, ਜ਼ੁਲਮ ਕਰਨਾ ਆਦਿ) ਇਕ ਪਾਸੇ ਹਨ ਤੇ ਉਸ ਨੂੰ ਸੰਸਾਰੀ ਦਲ ਦਲ ਵਿਚੋਂ ਕੱਢ ਕੇ ਵਾਹਿਗੁਰੂ ਜੀ ਨਾਲ ਮਿਲਾਨ ਵਾਲੀਆਂ ਸਤੋਗੁਣੀ ਬ੍ਰਿਤੀਆਂ(ਦੈਵੀ ਸੰਪਤੀ-ਬ੍ਰਹਮ ਗਿਆਨੀ ਗੁਰੂ ਦਾ ਮਿਲਾਪ ਤੇ ਉਸਦੀ ਕਿਰਪਾ, ਸਤਿਸੰਗ, ਨਾਮ ਸਿਮਰਨ, ਗੁਰਬਾਣੀ ਦਾ ਪਾਠ ਤੇ ਵਿਚਾਰ, ਪ੍ਰਭੂ ਗੁਣ ਗਾਇਣ, ਕੀਰਤਨ, ਸਚ ਬੋਲਣਾ, ਆਚਾਰ ਸ਼ੁੱਧ ਰਖਣਾ, ਮਿੱਠਾ ਬੋਲਣਾ, ਨਿੰਮ੍ਰਤਾ ਵਰਤਣੀ ਆਦਿ) ਦੂਜੇ ਪਾਸੇ ਹਨ। ਦੋਵਾਂ ਦੀਆਂ ਆਪਣੀਆਂ ਆਪਣੀਆਂ ਫੌਜਾਂ ਮੈਦਾਨ-ਏ-ਜੰਗ (ਰਣ-ਭੂਮੀ) ਵਿਚ ਲੜ ਰਹੀਆਂ ਹਨ। ਇਨ੍ਹਾਂ ਵਿਚੋਂ ਬਹਾਦਰ ਕੌਣ ਹੈ:

**"ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ**
**ਦੁਸਟੁ ਅਹੰਕਰਣੁ ਮਾਰਿਆ॥ ਗੁਰਮੁਖਿ**
**ਨਾਮੁ ਸਾਲਾਹਿ ਜਨਮੁ ਸਵਾਰਿਆ॥"**

[ਵਾਰ:ਸਿਰੀ:ਮ:੩, ਪੰਨਾ-੮੬]

ਸਤਿਕਾਰਯੋਗ ਲੇਖਕ ਜੀ ਨੇ ਦੈਵੀ ਬ੍ਰਿਤੀਆਂ ਤੇ ਆਸੁਰੀ ਬ੍ਰਿਤੀਆਂ ਦੇ ਬਹੁਤ ਸਾਰੇ ਨਾਮ ਇਸ ਵਿਲੱਖਣ ਲੇਖ ਵਿਚ ਗਿਣੇ ਹਨ। ਇਹ ਇਕ ਪੱਤ੍ਰਿਭਾ ਸੰਪਨ (ਕਾਬਲੀਯਤ ਭਰਪੂਰ) ਲੇਖ ਹੈ। ਇਸ ਵਿਚ ਜੀਵ ਕਿਸ ਤਰ੍ਹਾਂ ਆਪਣੇ ਮਾਲਕ ਤੋਂ ਵਿਛੁੜਿਆ ਹੈ ਤੇ ਕਿਸ ਤਰ੍ਹਾਂ ਕਸ਼ਟ ਸਹਾਰਦਾ ਤੇ ਉਦੱਮ ਕਰਦਾ ਆਪਣੇ ਘਰ ਵਾਪਿਸ ਮਿਲਦਾ ਹੈ- ਇਸ ਸਾਰੇ ਸਿਧਾਂਤ ਨੂੰ ਲਕਸ਼ਣਾਂ ਬ੍ਰਿਤੀ ਦੇ ਬੜੇ ਸੁੰਦਰ ਢੰਗ ਨਾਲ ਸਮਝਾਇਆ ਹੈ। ਲਕਸ਼ਣ ਬ੍ਰਿਤੀ ਇਹ ਹੈ ਕਿ ਇਸ ਨੂੰ ਪੜਨ ਲਗਿਆਂ 'ਮੰਨਾ ਸਿੰਘ' ਨੂੰ 'ਮਨ' ਸਮਝਣਾ ਪਵੇਗਾ ਤੇ ਇਸੇ ਤਰ੍ਹਾਂ 'ਰਾਣੀ ਰੂਪ ਕੌਰ' ਨੂੰ 'ਅਵਿੱਦਿਆ' ਜਾਂ

'ਮਾਯਾ', 'ਬਿਬੇਕਾ ਸਿੰਘ' ਨੂੰ 'ਬਿਬੇਕ ਬੁਧੀ', 'ਨਿਯਮ ਸਿੰਘ' ਨੂੰ 'ਚੰਗੇ ਨਿਯਮਾਂ ਦਾ ਪਾਲਣਾ', 'ਸੁਮਤਿ ਕੌਰ' ਯਾ 'ਸੁਬੁਧ ਕੌਰ' ਨੂੰ 'ਅੱਛੀ ਬੁਧੀ', 'ਦ੍ਰਿੜ੍ਹ ਨਿਸ਼ਚਾ ਸਿੰਘ' ਨੂੰ ਜਿਗਿਆਸੂ ਦਾ 'ਦ੍ਰਿੜ੍ਹ ਨਿਸ਼ਚਾ', 'ਧੀਰਜ ਸਿੰਘ' ਨੂੰ 'ਧੀਰਜ' ਤੇ 'ਗਰੂਰ ਸਿੰਘ' ਨੂੰ 'ਹਉਮੈਂ ਤੇ ਹੰਕਾਰ' ਆਦਿ ਸਮਝਣਾ ਪਵੇਗਾ। ਇਸ ਤਰੀਕੇ ਨਾਲ ਪੜ੍ਹਾਂਗੇ ਤਾਂ ਮੁਦਾਵਣੀ ਸਮਝ ਵਿਚ ਆ ਜਾਏਗੀ।

ਜੀਵ ਕਿਸ ਤਰ੍ਹਾਂ ਬਣਦਾ ਹੈ, ਕਿਸ ਤਰ੍ਹਾਂ ਅਵਿਦਿਆ ਵਿਚ ਫਸਦਾ ਹੈ ਤੇ ਕਿਸ ਤਰ੍ਹਾਂ ਨਿਕਲਦਾ ਹੈ। ਇਸ ਦਾ ਅਸਲੀ ਸਰੂਪ ਕੀ ਹੈ? ਗੁਰਬਾਣੀ ਵਿਚੋਂ ਜਵਾਬ ਮਿਲਦਾ ਹੈ ਕਿ:

**"ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲ ਪਛਾਣੁ"**

[ਆਸਾ:ਮ: ੩, ਪੰਨਾ-੪੪੧]

ਇਸ ਵਿਸ਼ੇ ਤੇ ਗੁਰਬਾਣੀ ਵਿਚ ਅਨਗਿਣਤ ਸ਼ਬਦ ਹਨ। ਇਸ ਵਿਸ਼ੇ ਨੂੰ ਭਾਈ ਵੀਰ ਸਿੰਘ ਜੀ ਨੇ ਵੀ ਆਪਣੇ ਰਚੇ ਸਾਹਿਤ ਵਿਚ ਕਈ ਜਗ੍ਹਾ ਕਈ ਕਈ ਵੰਨ-ਸੁਵੰਨੇ ਰੂਪ ਦੇ ਦੇਕੇ ਬਹੁਤ ਵਿਸਥਾਰ ਨਾਲ ਬਿਆਨਿਆ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵੀ ਇਸ ਵਿਸ਼ੇ ਤੇ ਹਨ। ਕੁਝ ਕੁ ਨਮੂਨੇ ਇਸ ਪ੍ਰਕਾਰ ਹਨ:

੧ "ਹੀਰਾ ਇਕ ਅਸਮਾਨੋਂ ਢੱਠਾ,
ਟੁਟ ਕੇ ਹੋ ਗਿਆ ਕਣੀ ਕਣੀ।
ਕਣੀ ਕਣੀ ਬੀ ਹੀਰਾ ਹੈ ਵੇ,
ਜਿਉਂ ਕਿ ਤਿਉਂ ਹੈ ਬਣੀ ਬਣੀ।
ਪਾਰਖੂਆਂ ਨੇ ਪਰਖ ਲਿਆ ਹੈ,
ਲੈਂਦੇ ਸੋਨੇ ਜੜਤ ਜੜਾ।
ਮੂਰਖ ਉਸ ਦੀ ਸਾਰ ਨ ਜਾਣਨ,
ਪੈਰ ਲਤਾੜੇ ਜਣੀ ਖਣੀ।

[ਮੇਰੇ ਸਾਈਆਂ ਜੀਓ, ਹੀਰਾ ਕਣੀ ਕਵਿਤਾ ਨੰ: ੬੨]

 www.sikhbookclub.com

੨. ਸਾਬਣ ਲਾ ਲਾ ਧੋਤਾ ਕੋਲਾ,
ਦੁਧ ਦਹੀਂ ਵਿਚ ਪਾਇਆ,
ਖੁੰਬ ਚਾੜ੍ਹ, ਰੰਗਣ ਭੀ ਧਰਿਆ,
ਰੰਗ ਨ ਏਸ ਵਟਾਇਆ,
ਵਿੱਛੁੜ ਕੇ ਕਾਲਕ ਸੀ ਆਈ
ਬਿਨ ਮਿਲਿਆਂ ਨਹੀਂ ਲਹਿੰਦੀ:
ਅੰਗ ਅੱਗ ਦੇ ਲਾਕੇ ਦੇਖੋ
ਚੜ੍ਹਦਾ ਰੂਪ ਸਵਾਇਆ।
[ਵਿਛੋੜਾ-ਵਸਲ, ਕਵਿਤਾ ਨੰ:੩੨, ਲਹਿਰਾਂ ਦੇ ਹਾਰ]

੩. ਮੈਂ ਸੁੰਡੀ ਸਾਂ ਭੁੰਜੇ ਰੁਲਦੀ
ਕੀੜਿਯੋਂ ਵੱਧ ਨਿਕਾਰੀ,
ਮੈਨੂੰ ਗਜਾਤ ਫੁਰੀ:ਹਾਂ ਮੈਂ ਭੀ
ਜੋਤਿ ਸੁੰਦਰਤਾ ਸਾਰੀ;
ਏਸ ਖੁਸ਼ੀ ਬੇਹੋਸ਼ ਹੋ ਗਈ,
ਮੁੜੀ ਹੋਸ਼ ਕੀ ਵੇਖਾਂ?
ਨਿਕਲ ਪਏ ਪਰ ਮੀਨਾਕਾਰੀ,
ਵਾਸ ਫੁੱਲਾਂ ਦੀ ਵਾੜੀ!
[ਭੰਬੀਰੀ, ਬਿਜਲੀਆਂ ਦੇ ਹਾਰ]

੪. ਦਿਉਦਾਰਾਂ ਨੂੰ ਨਿੱਘ ਆ ਗਈ,
ਅਗ ਕਿਸੇ ਜਦ ਬਾਲੀ,
"ਇਹ ਕੀ ਚਮਤਕਾਰ ਸੁਖ ਵਾਲਾ?"
ਪੁੱਛਣ ਹੋਹੁ ਸਵਾਲੀ।
ਬਿਜਲੀ ਨੇ ਤਦ ਗਰਜ ਆਖਿਆ:
"ਹੇ ਸੁਖ ਨੀਂਦੇ ਸੁਤਿਓ।
"ਤੁਸੀਂ ਅਗਨ ਹੋ ਆਪ, ਸੁਹਣਿਓ!
ਪਰ ਚਿੰਣਗੋਂ ਹੋ ਖਾਲੀ"
[ਚਿੰਣਗ, ਕਵਿਤਾ ਨੰ:੪, ਸਾਹਿਤਕ ਕਲੀਆਂ]

 www.sikhbookclub.com

ਅਸਲ ਵਿਚ ਜੀਵ ਯਾ ਮਨ (=ਮੰਨਾ ਸਿੰਘ) ਅਕਾਲ ਪੁਰਖ ਦੀ ਅੰਸ਼ (ਪੁਤ੍ਰ) ਹੈ 'ਲਾਇਕ ਪੁਤ੍ਰ ਹੈ, ਹੋਣਹਾਰ ਤੇ ਭੋਲਾ ਹੈ। ਜਦੋਂ ਮਾਯਾ ਦੇ ਜਾਲ ਵਿਚ ਫਸ ਜਾਂਦਾ ਹੈ ਤਾਂ ਮਾਯਾ ਨਾਲ ਝਗੜੇ ਕਰਦਾ, ਹੰਭਲਾ ਮਾਰਦਾ, ਤਰੱਦਦ ਕਰਦਾ ਹੈ ਤੇ ਅੰਤ ਵਿਚ ਅਕਾਲ ਪੁਰਖ ਨਾਲ ਹੀ ਜਾ ਮਿਲਦਾ ਹੈ। ਤਾਂ ਫਿਰ ਅਵਿੱਦਿਆ (ਰੂਪ ਕੌਰ) ਗੁਰੂ ਮਿਹਰ ਨਾਲ ਭਗਤੀ ਬਣ ਜਾਂਦੀ ਹੈ। ਪਿਉ ਪੁਤ੍ਰ ਦੇ ਮਿਲਾਪ ਵਿਚ ਸਹਾਈ ਹੁੰਦੀ ਹੈ ਤੇ ਸਾਰੀਆਂ ਪ੍ਰਤੀਕੂਲ ਪ੍ਰਸਥਿਤੀਆਂ ਅਨੁਕੂਲ ਹੋ ਜਾਂਦੀਆਂ ਹਨ। ਇਸ ਪਿਉ-ਪੁਤ੍ਰ ਦੇ ਵਿਛੋੜੇ ਤੇ ਮਿਲਾਪ ਦਾ ਕ੍ਰਮਵਾਰ ਪ੍ਰਸੰਗ ਇਸ ਲੇਖ ਰਾਹੀਂ ਬਿਆਨਿਆ ਗਿਆ ਹੈ।

ਜਦੋਂ ਰਾਜਕੁਮਾਰ ਮੰਨਾ ਸਿੰਘ ਨੂੰ ਅਵਿਦਿਆ ਨੇ ਪੂਰੀ ਤਰ੍ਹਾਂ ਅਪਣੇ ਕਬਜ਼ੇ ਵਿਚ ਕਰਕੇ ਬੇੜੀਆਂ ਪਾ ਦਿਤੀਆਂ ਤਾਂ ਮੰਤਰੀ 'ਦ੍ਰਿੜ ਨਿਸਚਾ ਸਿੰਘ' ਨੇ ਕੁਛ ਮਿਰਾਸਨਾਂ ਨੂੰ ਸੂਹ ਕੱਢਣ ਵਾਸਤੇ ਅਵਿੱਦਿਆ (ਰੂਪ ਕੌਰ) ਦੇ ਕਿਲ੍ਹੇ ਵਿਚ ਭੇਜਿਆ। ਉਨ੍ਹਾਂ ਰੂਪ ਕੌਰ ਦੇ ਦਰਬਾਰ ਵਿਚ ਐਸੇ ਗੁਰਬਾਣੀ ਦੇ ਸ਼ਬਦ ਗਾਏ ਕਿ ਰਾਜਕੁਮਾਰ ਮੰਨਾ ਸਿੰਘ ਬੜਾ ਰੋਇਆ ਤੇ ਆਪਣਾ ਹਾਲ ਕਿਹਾ:

**"ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨ ਸਭ ਗੁਨ ਤੇਰੇ ॥੧॥ਰਹਾਉ॥**
**ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥**
**ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨ ਤੁਹਾਰੇ॥"**

[ਗਉ:ਮ:੫,ਪੰਨਾ-੨੦੫]

ਤੇ ਫਿਰ ਤਰਲੇ ਕੱਢਦਾ ਹੈ:

**"ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ॥**
**ਸਾਰ ਸਮ੍ਹਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ॥੧॥"**

[ਮਲਾ:ਮ:੫,ਪੰਨਾ-੧੨੬੬]

ਇਸ ਤੋਂ ਪਤਾ ਲਗਦਾ ਹੈ ਕਿ ਮੰਨਾ ਸਿੰਘ ਅਸਲ ਵਿਚ ਇਕ ਬੜਾ ਸੁਚੱਜਾ ਬਾਲਕ ਹੈ ਪਰ ਵਿਚਾਰਾ ਫਸ ਗਿਆ ਹੈ। ਵਾਰ ਵਾਰ ਹਾੜੇ ਕੱਢਦਾ ਹੈ ਕਿ ਮੈਨੂੰ ਅਵਿਦਿਆ ਤੇ ਮਾਯਾ ਤੋਂ ਬਚਾ ਲਉ ਤੇ ਵਾਪਿਸ ਅਕਾਲ ਪੁਰਖ ਦੇ ਪ੍ਰਵਾਰ ਵਿਚ ਲੈ ਚਲੋ। ਪੂਰਨ ਤੌਰ ਤੇ ਸ਼ਰਨਾਗਤ ਹੋ ਜਾਂਦਾ ਹੈ।

 www.sikhbookclub.com

ਪਰਮਾਤਮਾ (ਪਰਮਾਤਮ ਰੂਪ ਸਿੰਘ ਜੀ) ਆਪਨੇ ਕਮਾਂਡਰ (Commander) ਨੀਯਮ ਸਿੰਘ ਨੂੰ ਇਸ਼ਾਰਾ ਦੇਂਦੇ ਹਨ ਕਿ ਜੇ ਉਦਮ ਨੂੰ ਮੋਹਰੇ ਕਰਕੇ ਸਦਾਚਾਰ ਤੇ ਨਿਯਮਾਂ ਦਾ ਪਾਲਨ ਕਰੋਗੇ ਤੇ ਸ਼ਰਨ ਰਹੋਗੇ ਤਾਂ ਇਕ ਮੜੋਲੀ ਦਾ ਕਿਲ੍ਹਾ ਕੀਹ ਚੀਜ਼ ਹੈ, ਅਨੇਕਾਂ ਐਸੇ ਕਿਲ੍ਹੇ ਫਤਹਿ ਹੋ ਸਕਦੇ ਹਨ।

ਇਸ ਸਾਰੀ ਜੀਵ (ਮੰਨਾ ਸਿੰਘ) ਦੀ ਸੰਸਾਰ ਯਾਤ੍ਰਾ ਤੇ ਵਾਪਿਸ ਅਕਾਲ ਪੁਰਖ ਵਾਲੇ ਪ੍ਰਵਾਰ ਵਿਚ ਜਾ ਪਹੁੰਚਣ ਦੀ ਤੇ ਕ੍ਰਿਤ ਕ੍ਰਿਤ ਹੋਣ ਦੀ ਯਥਾਰਥਤਾ ਦਾ ਨਾਮ "**ਜੰਗ ਮੜੋਲੀ**" ਜਿੱਤ ਲੈਣਾ ਹੈ।

## ਵਿਸ਼ੇਸ਼ ਪ੍ਰਾਰਥਨਾ

**ਸੁ**ਹਿਰਦ ਪਾਠਕ ਜਨਾਂ ਨੂੰ ਸਨਿੰਮਰ ਬੇਨਤੀ ਹੈ ਕਿ ਇਸ ਬੁਝਾਰਤ ਨੂੰ ਸਮਝਣ ਲਈ ਤੇ ਪੂਰਾ ਲਾਭ ਲੈਣ ਲਈ:

੧. ਮਨ ਪੂਰੀ ਇਕਾਗ੍ਰਤਾ ਨਾਲ ਪੁਸਤਕ ਦੇ ਵਿਚ ਹੋਵੇ;
੨. ਪੁਸਤਕ ਅੱਧ-ਪਚੱਧੀ ਪੜ੍ਹਕੇ ਛੱਡ ਨਾ ਦੇਣਾ, ਸਾਰੀ ਪੜ੍ਹਨਾ, ਜ਼ਰੂਰ ਪੜ੍ਹਨਾ ਤੇ ਸਹਿਜ-ਭਾਵ ਨਾਲ ਪੜ੍ਹਨਾ;
੩. ਲੱਛਣ ਬ੍ਰਿਤੀਆਂ ਦਾ, ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਹੈ, ਧਿਆਨ ਵਿਚ ਰਖਕੇ ਪੜ੍ਹਨਾ, ਤੇ
੪. ਇਕ ਵਾਰ ਪੜ੍ਹਕੇ ਫਿਰ ਦੂਜੀ ਵਾਰ ਜ਼ਰੂਰ ਪੜ੍ਹਨਾ ਜੀ।

ਅਸਾਂ ਜੋ ਇਸ ਬੁਝਾਰਤ ਨੂੰ ਸਮਝਣ ਦਾ ਯਤਨ ਕੀਤਾ ਹੈ ਓਹ ਬਿਲਕੁਲ ਠੀਕ ਹੈ- ਇਸਦਾ ਅਸੀਂ ਦਾਅਵਾ ਨਹੀਂ ਕਰਦੇ। ਇਸ ਦਾ ਠੀਕ ਠੀਕ ਹਲ ਤਾਂ ਕੇਵਲ ਇਸ ਦੇ ਸਤਿਕਾਰਯੋਗ ਲੇਖਕ ਜੀ ਹੀ ਜਾਣਦੇ ਹਨ। ਕਿਸੇ ਸੱਜਣ ਨੂੰ ਇਹ ਗ਼ਲਤ ਲਗੇ ਜਾਂ ਕੋਈ ਇਸ ਵਿਚ ਹੋਰ ਕੁਝ ਕਹਿਣਾ ਚਾਹੁੰਦੇ ਹੋਣ ਜਾਂ ਕੋਈ ਸੁਧਾਰ ਕਰਨਾ ਚਾਹੁੰਦੇ ਹੋਣ ਤਾਂ ਸਾਨੂੰ ਲਿਖ ਭੇਜਣ, ਅਸੀਂ ਧੰਨਵਾਦੀ ਹੋਵਾਂਗੇ ਤੇ ਵਿਚਾਰ ਕੇ ਅਗਲੀ ਛਪਾਈ ਵੇਲੇ ਸੁਧਾਈ ਕਰਨ ਦਾ ਯਤਨ ਕਰਾਂਗੇ।

ਜੁਲਾਈ, 2009

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

ੴ ਸਤਿਗੁਰ ਪ੍ਰਸਾਦਿ॥

# ਜੰਗ ਮੜੋਲੀ

**"ਤਿਤੁ ਅਗਮ ਤਿਤੁ ਅਗਮ ਪੁਰੇ**
**ਕਹੁ ਕਿਤੁ ਬਿਧਿ ਜਾਈਐ ਰਾਮ॥"**

[ਆਸਾ:ਮ:੧,ਪੰਨਾ--੪੩੬]

**"ਇਹੁ ਮਨੁ ਸਕਤੀ ਇਹੁ ਮਨੁ ਸੀਉ**
**ਇਹੁ ਮਨੁ ਪੰਚ ਤਤ ਕੋ ਜੀਉ॥"**

[ਗਉ:ਬ:ਅੱਖ:ਕਬੀ:, ਪੰਨਾ--੩੪੨]

**ਇਕ** ਅਚਰਜ ਅਨੋਖੇ ਰਮਣੀਕ ਅਤੇ ਘਣੇ ਵਸਨੀਕ ਸ਼ਹਰ ਵਿਚ ਕੁਝਕੁ ਘਰ ਸਿਖਾਂ ਅਤੇ ਸਿੰਘਾਂ ਦੇ ਵਸਦੇ ਸਨ।

ਇਨਹਾਂ ਘਰਾਂ ਵਿਚ ਇਕ ਘਰਾਣਾ ਚੰਗਾ ਟੁਕਰ ਖਾਂਦਾ ਜਗੀਰਦਾਰ ਵਸਦਾ ਸੀ। ਪਰਵਾਰ ਅਤੇ ਸਾਕਾਂ ਸਨਬੰਧਾਂ ਵਿਚ ਵੀ ਬਹੁਤ ਫੈਲਿਆ ਹੋਇਆ ਸੀ। ਇਸ ਘਰਾਣੇ ਦੇ ਵਡੇ ਮਾਲਕ ਦਾ ਨਾਂਉ ਲੋਕੀ ਸਰਦਾਰ ਅਪਰਮਿਤ ਸਿੰਘ ਕਰਕੇ ਕਹਿੰਦੇ ਸਨ। ਇਹ ਸਰਦਾਰ ਧਨ, ਪਦਾਰਥ ਪਰੀਵਾਰ ਕਰਕੇ ਸੱਚਮੁਚ ਅਪਰਮਿਤ ਹੀ ਸੀ। ਇਸਦੇ ਛੇ ਪੁਤ੍ਰ ਬੜੇ ਲਾਇਕ, ਨਾਮੀ ਗਿਰਾਮੀ, ਚੰਗੇ ਚੰਗੇ ਅਹੁਦਿਆਂ ਪਰ ਸਨ। ਕੋਈ ਡਿਪਟੀ ਸਾ, ਕੋਈ ਮੁਨਸਫ਼ ਸਾ, ਕੋਈ ਪਲੀਡਰ ਸਾ, ਕੋਈ ਬੈਰਿਸਟਰ ਸਾ, ਕੋਈ ਇਨਸਪੈਕਟਰ ਸਾ, ਪਰ ਛੇਵਾਂ ਪੁਤ੍ਰ ਸਭ ਤੋਂ ਛੋਟਾ ਸਾ ਅਤੇ ਮਾਂ ਪਿਓ ਦਾ ਵਡਾ ਲਾਡਲਾ ਹੋਣ ਕਰਕੇ ਇਸ ਦਾ ਨਾਓਂ ਪਿਤਾ ਨੇ ਲਾਡਾਂ ਨਾਲ ਅਲਬੇਲਾ ਸਿੰਘ ਰਖਿਆ ਹੋਇਆ ਸਾ। ਇਹ ਬਰਖੁਰਦਾਰ ਪੜ੍ਹਾਈ ਵਿਚ ਐਮ.ਏ. ਦੀ ਡਿਗਰੀ ਲੈ ਚੁਕਾ ਸੀ। ਪਰ ਅਜੇ ਕਿਸੇ ਕੰਮ ਦੇ ਸਿਰ ਤੇ ਨਹੀਂ ਹੋਇਆ ਸੀ।

 www.sikhbookclub.com

ਇਸਨੂੰ ਇਮਤਹਾਨੋਂ ਵਿਹਲੇ ਹੋਣ ਦੇ ਕਾਰਣ ਨਾਵਲਾਂ ਪੜਨ ਦਾ ਸ਼ੌਕ ਪੈ ਗਿਆ। ਦਿਨ ਰਾਤ ਨਾਵਲਾਂ ਦੀ ਪੜਾਈ ਵਿਚ ਮਸਤ ਰਹਿੰਦਾ ਸੀ। ਜੀਕਰ ਕੋਈ ਭੰਗੀ ਭੰਗ ਪੀਕੇ ਹਰ ਵੇਲੇ ਅਪਣੇ ਤਰੰਗਾਂ ਵਿਚ ਉਛਲਦਾ ਰਹਿੰਦਾ ਹੈ ਓਕਰ ਹੀ ਕਿਸੇ ਕਿਸੇ ਵੇਲੇ ਇਹ ਲਾਡਲਾ ਨਾਵਲ ਪੜਦਾ ਹੋਇਆ ਆਪੇ ਹੀ ਹਸਣ ਲਗ ਪੈਂਦਾ, ਕਦੀ ਰੋਣ ਲਗ ਜਾਂਦਾ, ਕਦੀ ਖਿੱਦੋ ਵਾਂਗ ਬੁੜਕ ਬੁੜਕ ਪੈਂਦਾ। ਖਾਣਾ, ਪੀਣਾ, ਸੌਣਾਂ ਤਾਂ ਕੇਈ ਵੇਰ ਭੁਲ ਜਾਂਦਾ, ਪਰ ਨਾਵਲਾਂ ਦੀ ਬਹਾਰ ਵਿਚ ਹਰ ਵੇਲੇ ਲਾਲੋ ਲਾਲ ਰਹਿੰਦਾ।

ਜੇ ਕਿਤੇ ਹਵਾ ਖਾਣ ਲਈ ਬਾਗ਼ ਬਗ਼ੀਚੇ ਵਿਚ ਜਾਂਦਾ ਤਾਂ ਭੀ ਕੋਈ ਨਾ ਕੋਈ ਨਾਵਲ ਅਵਸੌਂ ਹਥ ਵਿਚ ਰਖਦਾ। ਬਗੀਚੇ ਦੇ ਫੁਲ ਔਰ ਦਰਖਤਾਂ ਦੀ ਕਿਸੇ ਖੂਬੀ ਵਲ ਅਖ ਪਰਤ ਕੇ ਵੀ ਨਾ ਦੇਖਦਾ। ਨਿਰਾ ਨਾਵਲਾਂ ਹੀ ਪੜ੍ਹਦਾ ਰਹਿੰਦਾ। ਕਿਸੇ ਯਾਰ ਦੋਸਤ, ਮਿਤ੍ਰ, ਭਰਾ ਭਾਈ, ਸਨਬੰਧੀ ਨਾਲ ਵੀ ਕੋਈ ਗਲ ਬਾਤ ਨਾ ਕਰਦਾ, ਨਿਰਾ ਆਪਣੀ ਹੀ ਧੁਨ ਵਿਚ ਲਗਾ ਰਹਿੰਦਾ। ਕੇਈ ਵੇਰੀ ਮੈਦਾਨੀ ਬੈਠਾ ਹੋਇਆ ਵੀ ਨਾਵਲ ਹੀ ਘੋਟਦਾ ਰਹਿੰਦਾ। ਇਸਦੇ ਅਜੇਹੇ ਅਨੋਖੇ ਰਟਨ ਨੂੰ ਵੇਖਕੇ ਮਾਂ ਪਿਓ ਨੇ ਕੇਈ ਵੇਰੀ ਸਮਝਾਇਆ ਬੁਝਾਇਆ, ਭਿਰਾਵਾਂ ਨੇ ਨਸੀਹਤਾਂ ਕੀਤੀਆਂ, ਮੱਤਾਂ ਦਿਤੀਆਂ, ਪਰ ਇਸ ਨਾਵਲਾਨੁਰਾਗੀ ਪੁਰਖ ਨੇ ਕਿਸੇ ਦੀ ਇਕ ਦੀ ਜੀ ਵਿਚ ਨਾਂ ਵਸਾਈ ਅਤੇ ਨਾ ਹੀ ਨਾਵਲਾਂ ਤੋਂ ਅਖ ਫਿਰਾਈ। ਨਿਰਾ ਆਪਣੀ ਲੈ ਵਿਚ ਮਸਤ ਅਤੇ ਨਾਵਲ ਪੜਨ ਵਿਚ ਇਹ ਹਰ ਵੇਲੇ ਚੁਸਤ ਬਣਿਆ ਰਹਿੰਦਾ।

ਜੇ ਕਦੀ ਨਵੀਂ ਕਿਤਾਬ ਨਾਵਲ ਦੀ ਆਉਣ ਵਿਚ ਦੇਰ ਹੁੰਦੀ ਤਾਂ ਆਪ ਨਾਵਲਾਂ ਰਚਦਾ ਉਪਰੰਤ ਉਨ੍ਹਾਂ ਦੇ ਛਪਾਉਣ ਦੀਆਂ ਤਦਬੀਰਾਂ ਸੋਚਦਾ, ਪਰੰਤੂ ਆਪਣੇ ਅਖਤਜਾਰ ਵਿਚ ਇਤਨਾ ਖੁਲਾ ਪਦਾਰਥ ਨਾ ਹੋਣੇ ਕਰਕੇ ਨਿਰੀ ਆਪਣੀਆਂ ਅਲਮਾਰੀਆਂ ਦੀ ਸਜਾਵਟ ਪੂਰੀ ਕਰ ਛਡਦਾ। ਇਜੇਹੇ ਨਾਵਲਾਂ ਦੇ ਪ੍ਰੇਮੀ ਅਲਬੇਲਾ ਸਿੰਘ ਨੂੰ ਮਦਰਸਾ ਛਡਿਆਂ ਡੇਢ ਕੁ ਵਰ੍ਹਾ ਬੀਤ ਗਿਆ। ਇੰਨੇ ਚਿਰ ਵਿਚ ਇਸ ਨੇ ਦੋ ਸੌ ਬਹਤ੍ਰ ਨਾਵਲਾਂ ਪੜ੍ਹ ਪੜ੍ਹਕੇ ਅਲਮਾਰੀਆਂ ਸਜਾਈਆਂ। ਇਕੁਰ ਹੀ ਨਿਤ ਨਵੀਂ ਨਾਵਲ ਖਰੀਦਦਾ ਤੇ ਦਿਨ ਰਾਤ ਕਰਕੇ

ਅਖਾਂ ਵਿਚ ਦੀ ਕਢਦਾ। ਆਪਣਾ ਜੇਬ ਖਰਚ ਜੋ ਕੁਝ ਪਿਤਾ ਵਲੋਂ ਮਿਲਦਾ ਓਹ ਸਾਰਾ ਨਾਵਲਾਂ ਤੇ ਖਰਚ ਕਰਕੇ ਫੇਰ ਵੀ ਕਰਜਾਈ ਬਣਿਆ ਰਹਿੰਦਾ।

ਇਕ ਦਿਨ ਦੈਵਨੇਤ ਨਾਲ ਸਰਦਾਰ ਅਪਰਮਿਤ ਸਿੰਘ ਜੀ ਦੇ ਘਰ ਇਕ ਗੁਰਮੁਖ ਪੁਰਖ ਚੰਗੇ ਵਿਦਵਾਨ ਅਤੇ ਧਾਰਨਾਂ ਵਾਲੇ, ਰਹਤ ਬਹਤ ਦੇ ਪੱਕੇ, ਨਿਤਨੇਮ ਦੇ ਨੇਮੀ, ਗੁਰਬਾਣੀ ਦੇ ਪ੍ਰੇਮੀ, ਦੇਸਾਂ ਦੇਸਾਤ੍ਰਾਂ ਦੀ ਸੈਲ ਕਰਦੇ, ਬਿਅੰਤ ਕੁਦਰਤ ਦੇ ਰੰਗਾਂ ਦੇ ਦਮ ਭਰਦੇ, ਹਰਿ ਗੁਣ ਗਾਉਂਦੇ, ਭੁਲਿਆਂ ਭਟਕਿਆਂ ਨੂੰ ਪਰਮਾਰਥ ਦੇ ਰਾਹ ਪਾਉਂਦੇ, ਆਣ ਉਤਰੇ।

ਸਰਦਾਰ ਅਪਰਮਿਤ ਸਿੰਘ ਜੀ ਵੀ ਪੁਰਾਣੇ ਸਿੰਘਾਂ ਵਿਚੋਂ ਚੰਗੀ ਧਾਰਨਾ ਵਾਲੇ ਸਤਿਸੰਗੀ ਸਿੰਘ, ਰਹਤ ਬਹਤ ਦੇ ਭਰੋਸੇ ਅਤੇ ਦਾਈਏ ਵਾਲੇ ਸਿੰਘ ਸੇ। ਉਪਰੋਕਤ ਭਾਈ ਦਿਵਾਕਰ ਸਿੰਘ ਜੀ ਇਨ੍ਹਾਂ ਦੇ ਪੁਰਾਣੇ ਸਤਸੰਗੀ ਅਤੇ ਮੇਲੀ ਹੋਣੇ ਕਰਕੇ ਬਾਹਲਾ ਸਰਦਾਰ ਹੋਰਾਂ ਦੇ ਘਰ ਹੀ ਉਤਰਿਆ ਕਰਦੇ ਸੇ। ਇਸ ਵਾਰਾਂ ਵੀ ਭਾਈ ਜੀ ਨੇ ਏਥੇ ਹੀ ਡੇਰਾ ਕੀਤਾ।

ਸਰਦਾਰ ਹੋਰਾਂ ਵੀ ਵਡੇ ਪ੍ਰੇਮ ਅਤੇ ਭਾਰੀ ਭਾਵਨਾਂ ਕਰਕੇ ਕੁਝ ਦਿਨਾਂ ਦੇ ਸਤਸੰਗ ਦੇ ਪਰਚੇ ਲਈ ਭਾਈ ਜੀ ਨੂੰ ਆਪਣੇ ਪਾਸ ਅਟਕਾ ਲਿਆ। ਸਰਦਾਰ ਹੋਰਾਂ ਦੀ ਗੋਸਟ ਸੰਤਾਂ ਨਾਲ ਹਰ ਵੇਲੇ ਗਰਮ ਰਹਣ ਲਗੀ। ਗੁਰਮਤ ਦੇ ਚੰਗੇ ਚੰਗੇ ਬਚਨ ਬਿਲਾਸ ਹੁੰਦੇ, ਗੁਰਬਾਣੀ ਦੇ ਅਰਥ ਅਤੇ ਭਾਵ ਆਦਿਕਾਂ ਨਿਰਨੇ ਕਰਦੇ, ਰਹਤ ਬਹਤ ਪਰਥਾਇ ਡੂੰਘੇ ਡੂੰਘੇ ਵੇਰਵੇ ਖੁਲਦੇ, ਸਿਖੀ ਅਤੇ ਸਿਦਕ ਭਰੋਸੇ ਦੇ ਪ੍ਰਕਰਣਾਂ ਵਿਚ ਕੇਈ ਸਾਦਿਕਾਂ ਦੀਆਂ ਸਾਖੀਆਂ ਸੁਣਾਉਂਦੇ। ਜੋ ਕੁਝ ਗੁਰ ਘਰ ਪਰਥਾਇ ਸਰਦਾਰ ਹੋਰੀ ਪ੍ਰਸ਼ਨ ਕਰਦੇ ਉਸਦਾ ਸਮਾਧਾਨ ਭਾਈ ਦਿਵਾਕਰ ਸਿੰਘ ਜੀ ਬੜੀ ਚੰਗੀ ਤਰ੍ਹਾਂ ਗੁਰਮਤ ਅਨੁਸਾਰ ਕਰਦੇ। ਇਸੇ ਤਰਾਂ ਸਤਿਸੰਗ ਦੇ ਆਨੰਦ ਵਿਚ ਕੇਈ ਕੁ ਦਿਨ ਗੁਜਰ ਗਏ। ਹੋਰ ਤਾਂ ਸਾਰਾ ਟਬਰ ਇਨ੍ਹਾਂ ਗੁਰਮੁਖਾਂ ਦੇ ਬਚਨ ਬਿਲਾਸ ਸੁਣਦਾ ਅਤੇ ਰਹਤ ਬਹਤ ਵਿਚ ਦਿਨੋਂ ਦਿਨ ਪੱਕਾ ਤੇ ਪੀਡਾ ਹੁੰਦਾ ਗਇਆ, ਪਰੰਤੂ ਸਰਦਾਰ ਅਲਬੇਲਾ ਸਿੰਘ ਆਪਣੀ ਨਾਵਲਾਂ ਪੜਨ ਵਾਲੀ ਚਾਲੇ ਪਇਆ ਰੇਲ ਗਡੀ ਵਾਂਗੂ ਅਥਕ ਪਟੜੀ ਤੋਂ ਨਾ ਹਿਲਿਆ। ਇਕ ਰਾਤ ਨੂੰ ਭਾਈ ਦਿਵਾਕਰ ਸਿੰਘ

ਜੀ ਨੇ ਸਰਦਾਰ ਹੋਰਾਂ ਨੂੰ ਪੁਛਿਆ ਕਿ ਇਹ ਬਾਲਕਾ, ਜੋ ਸਾਹਮਣੇ ਕਮਰੇ (ਮਕਾਨ) ਵਿਚ ਲੈਂਪ ਦੇ ਚਾਨਣੇ ਬੈਠਾ ਹੋਇਆ ਕਿਤਾਬ ਘੋਖ ਰਹਿਆ ਹੈ, ਕੀ ਪੜ੍ਹਦਾ ਹੈ ? ਕੀ ਇਸਨੂੰ ਕਿਸੇ ਇਮਤਿਹਾਨ ਦੇਣ ਦੀ ਬਹੁਤ ਤਾਂਘ ਹੈ ? ਚੰਗਾ ਤਕੜਾ ਗਠ ਕੇ ਲਗਾ ਹੋਇਆ ਹੈ।

ਸਰਦਾਰ ਹੋਰਾਂ ਬੇਨਤੀ ਕੀਤੀ ਕਿ ਇਹ ਇਮਤਹਾਨ ਦੇਕੇ ਵੇਹਲਾ ਹੋ ਚੁਕਾ ਹੈ, ਡੇਢ ਬਰਸ ਇਮਤਹਾਨ ਪਾਸ ਕੀਤੇ ਨੂੰ ਬੀਤ ਚੁਕਾ ਹੈ ਪਰੰਤੂ ਅਜੇ ਕਿਸੇ ਕਾਰੇ ਨਹੀਂ ਲਗਾ ਕਿਉਂਕਿ ਅਜਕਲ ਨੌਕਰੀ ਬਹੁਤ ਦੁਰਲਭ ਹੋ ਗਈ ਹੈ। ਭਾਵੇਂ ਸਿਫਾਰਸ਼ ਦਰਖਾਸਤ ਕੇਈ ਜਗਹ ਕੀਤੀ ਕਰਾਈ ਹੈ ਪਰ ਅਜੇ ਤਕ ਕਿਤੇ ਢੋ ਨਹੀਂ ਢੁਕਾ। ਇਸ ਲਈ ਕੇਈ ਸੋਚਾਂ ਵਿਚਾਰਾਂ ਕਰ ਰਹੇ ਹਾਂ ਭਾਈ ਕਿਤੇ ਕੋਈ ਹੱਟੀ ਪੱਟੀ ਹੀ ਕਰ ਦੇਈਏ। ਜਾਂ ਕਿਤੇ ਠੇਕੇਦਾਰ ਦਾ ਹੀ ਕੰਮ ਲੈ ਦੇਈਏ। ਵੇਹਲਾ ਰਹਿਣ ਕਰਕੇ ਇਹ ਦਿਨ ਰਾਤ ਅਖੰਡ ਨਾਵਲਾਂ ਪੜਨ ਵਿਚ ਲਗਾ ਹੋਇਆ ਹੈ। ਆਪਣੇ ਖਾਣ ਪੀਣ, ਸੌਣ ਜਾਗਣ ਦੀ ਵੀ ਕੋਈ ਲੰਮੀ ਹੋਸ਼ ਨਹੀਂ ਰਖਦਾ। ਕੀੜੇ ਵਾਂਗ ਕਿਤਾਬਾਂ ਨੂੰ ਲਗਾ ਹੋਇਆ ਉਨਾਂ ਵਿਚੋਂ ਨਿਕਲਦਾ ਹੀ ਨਹੀਂ। ਖਰਚ ਨਾਵਲਾਂ ਤੇ ਇੰਨਾ ਕਰਦਾ ਹੈ ਕਿ ਬਸ ਕੁਝ ਪੁਛੋ ਹੀ ਨਹੀਂ। ਕੇਈ ਵਾਰਾਂ ਸਮਝਾ ਚੁਕੇ ਹਾਂ ਭਈ ਇਹ ਨਾਵਲਾਂ ਦਾ ਪੜਨਾ ਨਿਰਾ ਸ਼ੁਦਾ ਪੁਣਾ ਹੈ ਪਰ ਇਸਨੂੰ ਇਕ ਨਹੀਂ ਪੋਹੰਦੀ।

**ਭਾਈ ਦਿਵਾਕਰ ਸਿੰਘ ਜੀ**: ਸਰਦਾਰ ਜੀ ਨਾਵਲ ਕੀ ਹੁੰਦੇ ਹਨ ?

**ਸਰਦਾਰ ਜੀ**: ਮਹਾਰਾਜ ਨਾਵਲ ਅੰਗ੍ਰੇਜ਼ੀ ਵਿਚ ਮਨ ਘੜਤ ਕਿੱਸੇ ਕਹਾਣੀਆਂ ਦੀ ਰਚਤ ਕਿਤਾਬਾਂ ਨੂੰ ਕਹਿੰਦੇ ਹਨ। ਕਿੱਸੇ ਠੱਪ ਲੋਗ ਅਕਾਸ਼ ਵਿਚ ਖਿਆਲੀ ਮਹਲ ਉਸਾਰ ਕੇ ਵਿਖਾ ਦਿੰਦੇ ਹਨ, ਨਾਵਲ ਵਿਚ ਇਕ ਹੀਰੋ (ਰਸਕ ਯਾ ਨਾਇਕ) ਅਤੇ ਦੂਜੀ ਹੀਰੋਇਨ (ਨਾਇਕਾ) ਕਲਪ ਕੇ ਉਸਦਾ ਕਿੱਸਾ ਜੋੜ ਕਢਦੇ ਹਨ। ਰਚਨਾ ਅਤੇ ਦਰਸ਼ਨ ਬਹੁਤ ਮਨੋਹਰ ਹੁੰਦੇ ਹਨ। ਪਰ ਕਿਤੇ ਕਿਤੇ ਸਿਖਯਾ, ਉਪਦੇਸ਼, ਤਰਕ, ਦੋਖ ਦ੍ਰਿਸ਼ਟੀ ਆਦਿਕ ਬਹੁਤ ਅਛੇ ਨਿਭੇ ਹੋਏ ਹੁੰਦੇ ਹਨ। ਸਾਰੇ ਨਾਵਲ ਦੀ ਬਣਤ ਨਿਰੀ ਅਕਾਸ਼ ਦੇ ਹੀ ਫੁਲਾਂ ਵਾਕਰ ਹੁੰਦੀ ਹੈ। ਨਾਵਲਾਂ ਦੇ ਪੜ੍ਹਾਕੂਆਂ ਨੂੰ ਨਾਵਲਾਂ ਬਹੁਤਾ ਸੁਦਾਈ

ਕਰ ਛਡਦੀਆਂ ਹਨ। ਜੇ ਕੋਈ ਪੜਾਕੂ ਸ਼ੁਦਾਈ ਨਾ ਹੋਵੇ ਤਾਂ ਭੀ ਸੰਸਾਰ ਦੇ ਕੰਮਾਂ ਕਾਰਾਂ ਜੋਗਾ ਨਹੀਂ ਰਹਿਣ ਦੇਂਦੀਆਂ। ਹਰ ਵੇਲੇ ਉਸ ਨਿਕੰਮੇ ਦੀਆਂ ਅਖਾਂ ਅਗੇ ਨਾਵਲਾਂ ਦੇ ਪੜ੍ਹੇ ਹੋਏ ਬਨ, ਬਾਗ਼, ਪਹਾੜ, ਚਸ਼ਮੇ, ਪਧਰ, ਰੇਗਸਤਾਨ, ਦਰੀਆ, ਹਨੇਰਾ, ਬਿਜਲੀ, ਬਾਰਸ਼, ਅਗ, ਲੜਾਈ, ਖ਼ੂਨ, ਡਾਕੇ, ਚੋਰੀਆਂ, ਛਲ, ਧੋਖੇ, ਪਾਪ, ਦਰੋਹ, ਸੂਰਤਾਂ ਬਣ ਬਣ ਕੇ ਘੁੰਮਦੇ ਰਹਿੰਦੇ ਹਨ। ਇਜੇਹੇ ਖਿਆਲੀ ਖਿਆਲਾਂ ਵਿਚ ਜਦ ਅਕਲ ਫਸਕੇ ਉਲਝ ਜਾਂਦੀ ਹੈ ਤਦ ਪ੍ਰਤਖ ਪਦਾਰਥ ਜੋ ਹਰ ਵੇਲੇ ਵਰਤਣ ਦੇ ਹਨ ਉਨਾਂ ਤੋਂ ਬੁਧਿ ਭ੍ਰਾਮਕ ਹੋ ਜਾਂਦੀ ਹੈ। ਜਿਸਦਾ ਫਲ ਘਰਾਂ ਵਿਚ ਛਿਥੇਆਣ, ਕਲਹ, ਕਲੇਸ਼, ਉਪਦ੍ਰਵ ਉਠ ਖੜੋਂਦੇ ਹਨ। ਕੋਈ ਪੜਾਕੂ ਅਪਣੇ ਆਪਨੂੰ ਹੀਰੋ ਮੰਨ ਬੈਠਦਾ ਹੈ ਜਿਸ ਕਰਕੇ ਲੋਕੀ ਸ਼ੁਦਾਈ ਕਹਣ ਲਗ ਜਾਂਦੇ ਹਨ। ਨਹੀਂ ਤਾਂ ਆਪ ਵੀ ਨਾਵਲ ਹੀ ਰਚਣ ਲਗ ਪੈਂਦਾ ਹੈ। ਪੜਾਕੂ ਭਾਵੇਂ ਇਹ ਗਲ ਚੰਗੀ ਤਰਹ ਜਾਣਦਾ ਵੀ ਹੈ ਕਿ ਨਾਵਲਾਂ ਦੇ ਪਦਾਰਥ ਸਾਰੇ ਖਜਾਲੀ ਹੀ ਹੁੰਦੇ ਹਨ, ਪਰ ਤਾਂ ਭੀ ਪਿਆਰ, ਸੰਕਾ, ਗਿਲਾਨੀ, ਕਰੁਣਾ, ਰੋਣਾ, ਹਸਣਾ ਆਦਿਕ ਕ੍ਰਿਯਾ ਕਰਨੋਂ ਨਹੀਂ ਰੁਕਦਾ, ਬੇਵਸਾ ਹੋਕੇ ਕਰਦਾ ਹੈ। ਮੁਕਦੀ ਗਲ ਇਹ ਹੈ ਜੋ ਨਾਵਲਾਂ ਦੇ ਪੜਾਕੂ ਨਾਵਲਾਂ ਦੇ ਸਰੂਪ ਹੀ ਹੋ ਜਾਂਦੇ ਹਨ।

**ਭਾਈ ਜੀ**: ਤਾਂ ਤਾਂ ਛੋਟੇ ਸਰਦਾਰ ਹੋਰੀ ਬੜੇ ਪ੍ਰੇਮੀ ਪੁਰਖ ਹਨ (ਅਵਾਜ ਮਾਰਕੇ) ਸਰਦਾਰ ਅਲਬੇਲਾ ਸਿੰਘ ਜੀ! ਜਰਾ ਕਿਰਪਾ ਕਰਕੇ ਏਧਰ ਦਰਸ਼ਨ ਤਾਂ ਦਿਓ।

ਅਲਬੇਲਾ ਸਿੰਘ ਕਿਤਾਬ ਵਿਚ ਨਿਸ਼ਾਨੀ ਰਖਕੇ ਅਖਾਂ ਮਲਦੇ ਹੋਏ ਨੇ ਆਕੇ ਫਤੇ ਗਜਾਈ। ਭਾਈ ਜੀ ਨੇ ਬਡੇ ਸਤਕਾਰ ਅਤੇ ਪਿਆਰ ਨਾਲ ਪਾਸ ਬਿਠਾਇਆ, ਤੇ ਆਖਿਆ ਸਰਦਾਰ ਜੀ ਅਸੀਂ ਤੁਹਾਡੇ ਦਰਸ਼ਨ ਲਈ ਕੇਡੀ ਦੂਰੋਂ ਚਲਕੇ ਆਏ ਹਾਂ ਤੇ ਤੁਸੀਂ ਬਸ ਕਿਤਾਬ ਵਿਚ ਨਿਰੇ ਕਿਤਾਬ ਰੂਪ ਹੀ ਹੋ ਰਹੇ ਹੋ। ਭਲਾ ਇਹ ਤਾਂ ਦਸੋ ਨਾਵਲਾਂ ਦੇ ਗਫੇ ਆਪੇ ਆਪ ਹੀ ਲਾਈਦੇ ਹਨ ਕਿ ਕਿਸੇ ਨੂੰ ਵੰਡਕੇ ਵੀ ਛਕਦੇ ਹੋ।

**ਅਲਬੇਲਾ ਸਿੰਘ**: (ਹਥ ਜੋੜਕੇ ਅਦਬ ਨਾਲ) **"ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤ ਵਰਜਿ ਰਹਾਏ"**(ਰਾ: ਮ:੧ ਸਿਧ ਗੋ:, ਪੰਨਾ-੯੪੫)

**ਭਾਈ ਜੀ**: (ਪਿਠ ਤੇ ਹਥ ਫੇਰ ਕੇ) ਸਾਬਾਸ ਬੜਾ ਬਰਖੁਰਦਾਰ ਹੈ। ਗੁਰਬਾਣੀ ਦੀ ਵੀ ਸੂਝ ਹੈ। ਭਲਾ ਦਸ ਖਾਂ ਭਈ ਨਿਤ ਨੇਮ ਦੀ ਬਾਣੀ ਪੜਨਾ ਹੁੰਨਾ ਹੈਂ ਕਿ ਨਹੀਂ? ਜਪ ਸਾਹਿਬ ਕੰਠ ਹੈ ਕਿ ਨਹੀਂ?

**ਅਲਬੇਲਾ ਸਿੰਘ**: (ਅਦਬ ਨਾਲ) ਆਪਦੀ ਕਿਰਪਾ ਕਰਕੇ ਨੇਮ ਦੀ ਬਾਣੀ ਤਾਂ ਨੇਮ ਨਾਲ ਹੀ ਪੜ੍ਹਦਾ ਹਾਂ।

**ਭਾਈ ਜੀ**: ਭਲਾ ਇਹ ਭੀ ਦਸ ਖਾਂ ਜੋ ਕਦੀ ਬਾਣੀ ਪੜਦੇ ਦਾ ਜੀ ਵੀ ਲਗਦਾ ਹੈ ਕਿ ਨਹੀਂ?

**ਅਲਬੇਲਾ ਸਿੰਘ**: ਜੀ ਬੰਧੋਗੀਰੀ ਨਾਲ ਹੀ ਪੜੀਦੀ ਹੈ। ਜੀ ਲਗਣ ਦੀ ਤਾਂ ਮੈਨੂੰ ਖ਼ਬਰ ਨਹੀਂ।

**ਭਾਈ ਜੀ**: (ਜ਼ਰਾ ਕੁ ਹੱਸ ਕੇ) ਪਰ ਨਾਵਲਾਂ ਪੜਨ ਵਿਚ ਤਾਂ ਜੀ ਲਗ ਜਾਂਦਾ ਹੈ?

**ਅਲਬੇਲਾ ਸਿੰਘ**: ਜੀ ਨਾਵਲਾਂ ਤਾਂ ਏਵੇਂ ਵੇਹਲਿਆਂ ਦਾ ਜੀ ਪਰਚਾਵਾ ਹੈ। ਨਿਕੰਮਿਆਂ ਨੂੰ ਪੰਜ ਪਹਾੜ ਦਿਨ ਨਹੀਂ ਗੁਜਰਦਾ, ਇਕੁਰ ਕਿਤਾਬਾਂ ਦੇ ਵਰਕੇ ਉਥਲਦਿਆਂ ਸਮਾਂ ਸੌਖਾ ਲੰਘ ਜਾਂਦਾ ਹੈ। ਨਾਲ ਹੀ ਪੁੰਨ ਅਤੇ ਫਲੀਆਂ ਵਾਲੀ ਗਲ ਵਾਕਰ ਵਿਦਜਾ ਵਿਚ ਭੀ ਵਾਧਾ ਹੋ ਜਾਂਦਾ ਹੈ। ਅਵਾਰਾ ਫਿਰਨ ਨਾਲੋਂ ਕਿਤਾਬਾਂ ਵਿਚ ਫਿਰ ਘਿਰਕੇ ਦਿਹਾੜੀ ਕਟ ਛਡਣੀ ਬੁਰੀ ਨਹੀਂ।

**ਭਾਈ ਜੀ**: ਫਿਰ ਸਾਨੂੰ ਵੀ ਕੋਈ ਨਾਵਲ ਸੁਣਾਓ।

**ਅਲਬੇਲਾ ਸਿੰਘ**: ਜੀ ਸਤ ਬਚਨ।

**ਭਾਈ ਜੀ**: ਇਹ ਜੇਹੜਾ ਹੁਣ ਨਾਵਲ ਪੜਦੇ ਪਏ ਹੋ ਇਸੇ ਦਾ ਤਾਤ ਪਰਯ ਸਮਝਾਵੋ।

ਅਲਬੇਲਾ ਸਿੰਘ ਨੇ ਝਟ ਪਟ ਪੰਜਾਬੀ ਵਿਚ ਨਾਵਲ ਦਾ ਮਤਲਬ ਸੁਣਾ ਦਿਤਾ। ਸੁਣਕੇ ਭਾਈ ਜੀ ਨੇ ਆਖਿਆ ਇਹ ਤਾਂ ਬੜਾ ਸੁੰਦਰ ਨਾਵਲ ਹੈ ਪਰ ਜੇ ਕਦੀ ਤੁਸੀਂ ਸੁਣਨਾ ਚਾਹੋ ਤਾਂ ਅਸੀਂ ਵੀ ਇਕ ਨਾਵਲ ਸੁਣਾਈਏ।

**ਅਲਬੇਲਾ ਸਿੰਘ**: ਜੀ ਜ਼ਰੂਰ ਸੁਣਾਓ।

**ਭਾਈ ਜੀ**: ਭਾਈ ਅਸਾਡੀ ਤਾਂ ਪੰਜਾਬੀ ਠੁਲੀ ਤੇ ਮੋਟੀ ਬੋਲੀ ਹੈ। ਅੰਗ੍ਰੇਜ਼ੀ ਫ਼ਾਰਸੀ ਅਸੀਂ ਪੜ੍ਹੇ ਨਹੀਂ, ਤੇ ਬਰੀਕੀਆਂ ਅਸੀਂ ਜਾਣਦੇ ਨਹੀਂ।

**ਅਲਬੇਲਾ ਸਿੰਘ**: ਜੀ ਮੈਂ ਪੰਜਾਬੀ ਬੋਲੀ ਚੰਗੀ ਤਰਹ ਲਿਖ ਪੜ੍ਹ ਸਕਦਾ ਹਾਂ। ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਅਜ ਤਕ ਮੈਂ ਸਾਰੇ ਪੜ੍ਹੇ ਹਨ ਅਤੇ ਨੰਬਰਵਾਰ ਮੇਰੇ ਪਾਸ ਵੀ ਹਨ।

**ਭਾਈ ਜੀ**: ਸ਼ਾਬਾਸ਼। ਭਰੋਸਾ ਹੈ ਹੁਣ ਤੂੰ ਸਾਡੇ ਨਾਵਲ ਨੂੰ ਵੀ ਚੰਗੀ ਤਰਹ ਸਮਝ ਸਕੇਂਗਾ। ਪਰ ਪਹਲੋਂ ਇਹ ਗਲ ਦਸੋ ਕਿ ਤੂੰ ਕੋਈ ਸਿੰਘਾਂ ਅਤੇ ਤੁਰਕਾਂ ਦਾ ਜੰਗ ਵੀ ਪੜਿਆ ਹੈ ਕਿ ਨਹੀਂ।

**ਅਲਬੇਲਾ ਸਿੰਘ**: ਜੀ ਮੈਂ ਹਿਸਟ੍ਰੀ ਔਫ ਪੰਜਾਬ, ਸ਼ਮਸ਼ੇਰ ਖਾਲਸਾ, ਖੁਰਸ਼ੈਦ ਖਾਲਸਾ, ਤਾਰੀਖ ਪੰਜਾਬ, ਬਾਬੇ ਬੰਦੇ ਦਾ ਜੰਗ, ਆਦਿਕ ਚੰਗੀ ਤਰਹ ਪੜ੍ਹੇ ਹੋਏ ਹਨ।

**ਭਾਈ ਜੀ**: ਬਸ ਫਿਰ ਤਾਂ ਸਾਰੇ ਕਾਰਜ ਰਾਸ ਹਨ। ਲੌ ਹੁਣ ਮਨ ਦੇ ਕੰਨ ਦੇਕੇ ਸੁਣਨਾ ਤੇ ਮਨ ਦੇ ਮਨ ਨਾਲ ਵਿਚਾਰੀ ਜਾਣਾ ਜਿਹੜੀ ਕੋਈ ਗਲ ਸਮਝ ਵਿਚ ਨਾ ਆਵੇ ਨਿਸੰਗ ਪੁਛ ਲੈਣੀ ਭਰਮ ਕਢ ਲੈਣਾ।

**ਅਲਬੇਲਾ ਸਿੰਘ**: ਜੀ ਸਤ ਬਚਨ।

ਭਾਈ ਦਿਵਾਕਰ ਸਿੰਘ ਜੀ ਸੁਣਾਉਣ ਲਗੇ ਅਤੇ ਅਲਬੇਲਾ ਸਿੰਘ ਤੇ ਸਾਰਾ ਪਰਵਾਰ ਵਡੇ ਸਰਦਾਰ ਹੋਰਾਂ ਦੇ ਸਮੇਤ ਸੁਣਨ ਲਗੇ।

ਇਕ 'ਕਾਯਾਂਗੜ੍ਹ' ਨਾਮੀ ਕਿਲੇ ਦੇ ਢਾਂਚੇ ਦਾ ਨਗਰ ਵਿਦਮਾਨ ਹੈ। ਜਿਸਦੇ ਨੌ ਦਰਵਾਜੇ ਤਾਂ ਪ੍ਰਗਟ ਹਨ ਪਰ ਇਕ ਦਰਵਾਜਾ ਅਗਮ ਗੜ੍ਹ ਨਾਮੀ ਕਿਲੇ ਦਾ ਗੁਪਤ ਹੈ। **ਨੌ ਦਰਵਾਜੇ ਪ੍ਰਗਟ ਕੀਏ ਦਸਵਾਂ ਗੁਪਤ ਰਖਾਇਆ॥**

ਇਹ ਗੜ੍ਹ ਅਨਘੜ ਜੇਹਾ ਤਿਕੋਣ ਚੁਕੋਣ ਤੇ ਬਹੁਤ ਲੰਬਾ ਜੇਹਾ ਦਿਖਾਈ ਦੇਂਦਾ ਹੈ। ਜਿਸਦੇ ਦਰਵਾਜੇ ਦੀ ਬਣਤ ਬਾਹਲੀ ਅਨੋਖੀ ਹੀ ਨਜ਼ਰ ਆਉਂਦੀ ਹੈ। ਅਚਰਜ ਵਾਲੀ ਗਲ ਏਹ ਹੈ ਕਿ ਹਰ ਇਕ ਦਰਵਾਜੇ ਦੀ ਸ਼ਕਲ ਸੂਰਤ ਇਕ ਦੂਜੇ ਨਾਲੋਂ ਨਿਰਾਲੀ ਹੀ ਹੈ। ਇਕੁਰ ਹੀ ਦਰਵਾਜਿਆਂ

ਦੇ ਪਹਰੇਦਾਰ ਵੀ ਇਕ ਤੋਂ ਇਕ ਅਨੋਖੇ ਹੀ ਰੰਗ ਢੰਗ ਦੇ ਹਨ। ਕੋਈ ਦਰਵਾਜਾ ਤਾਂ ਨਿਰਾ ਅੰਦਰ ਹੀ ਵੜਨ ਲਈ ਰਖਿਆ ਹੈ। ਕੋਈ ਨਿਰਾ ਬਾਹਰ ਨਿਕਲਨ ਲਈ ਬਣਿਆ ਹੈ। ਕੋਈ ਹਰ ਵੇਲੇ ਆਉਣ ਜਾਣ ਲਈ ਖੁਲਾ ਰਖਿਆ ਹੈ। ਕੋਈ ਨਿਰਾ ਦੇਖਣ ਲਈ ਹੀ ਵਿਦਮਾਨ ਹੈ। ਕੋਈ ਸੁਣਨ ਲਈ ਹੀ ਨਿਯਤ ਹੈ ਜਿਥੋਂ ਦੇ ਦ੍ਵਾਰਪਾਲ ਹੀ ਅੰਦਰ ਖਬਰ ਪਹੁੰਚਾਉਂਦੇ ਹਨ। ਇਸ ਨਗਰ ਦੇ ਦਰਵਾਜ਼ੇ ਹੋਰਨਾਂ ਸ਼ਹਿਰਾਂ ਵਾਕਰ ਘਮਸਾਨ ਚੌੜੇ ਵਾਲੇ ਨਹੀਂ ਬਣੇ ਹਨ। ਇਨ੍ਹਾਂ ਦੇ ਕੰਮ ਅਤੇ ਕੰਮ ਕਰਨ ਵਾਲੇ ਨੌਕਰ ਆਪੋ ਆਪਣੇ ਕੰਮਾਂ ਤੇ ਪੂਰੇ ਸਾਵਧਾਨ ਚਤੁਰ ਚਾਲਾਕ ਤੇ ਹਰ ਵੇਲੇ ਚੁਸਤ ਤਯਾਰ ਬਰ ਤਜਾਰ ਰਹਿੰਦੇ ਹਨ। ਇਨਾਂ ਦਰਵਾਜਿਆਂ ਦੇ ਨਾਉਂ ਅਤੇ ਕੰਮ ਅਡੋ ਅਡ ਕਰਕੇ ਏਹ ਹਨ।

ਪਹਿਲੇ ਦੋ ਦਰਵਾਜੇ ਆਪੋ ਵਿਚ ਦੀ ਠੀਕ ਆਮੋ ਸਾਮਣੇ ਹਨ ਅਤੇ ਸ਼ਕਲ ਸੂਰਤ ਵਿਚ ਤਾਂ ਮਾਨੋ ਕਾਰੀਗਰਾਂ ਨੇ ਜਲੇਬੀ ਦੇ ਸਚੇ ਵਿਚ ਢਾਲਕੇ ਉਤਾਰੇ ਹਨ। **ਸੁਨੀਅਰ** ਨਾਮ ਕਰਕੇ ਲੋਕਾਂ ਵਿਚ ਪ੍ਰਸਿਧ ਹਨ। ਇਸ ਰਸਤੇ ਖਾਸ ਮਹਲਾਂ ਤਕ ਅਵਾਜ ਹੀ ਲੰਘਕੇ ਪਹੁੰਚਦੀ ਹੈ ਅਥਵਾ ਅੰਦਰਲੇ ਦ੍ਵਾਰਪਾਲ ਸੁਣਕੇ ਖਬਰ ਪਹੁੰਚਾਉਂਦੇ ਹਨ।

ਦੂਜੇ ਦੋ ਦਰਵਾਜੇ ਇਨਹਾਂ ਤੋਂ ਕੁਝ ਦੁਰਾਡੇ ਕਰਕੇ ਰਚੇ ਹਨ। ਸ਼ਕਲ ਸੂਰਤ ਵਿਚ ਮਾਨੋ ਕਾਰੀਗਰ ਨੇ ਬਾਦਾਮ ਦੇ ਸਚੇ ਵਿਚ ਢਾਲਕੇ ਰਖੇ ਹਨ। **ਨੈਣੂ** ਦਰਵਾਜੇ ਕਰਕੇ ਇਨਾਂ ਦਾ ਨਾਉਂ ਵਡਾ ਉਘਾ ਹੈ। ਇਨਹਾਂ ਦੇ ਦ੍ਵਾਰਪਾਲ ਨਿਰਾ ਦੇਖਕੇ ਹੀ ਅੰਦਰ ਖਬਰ ਪਹੁੰਚਾ ਦਿੰਦੇ ਹਨ।

ਤੀਜੇ ਦੋ ਦਰਵਾਜੇ ਨੈਣੂ ਦਰਵਾਜਿਆਂ ਦੇ ਠੀਕ ਵਿਚਕਾਰ ਵਾਰ ਇਕ ਲੰਮੇਰੀ ਸੁਰੰਗ ਵਾਕਰ ਡੇਉਢੀ ਦੀ ਤਰਾਂ ਵਧੇ ਹੋਏ ਹੈਨ। ਇਨ੍ਹਾਂ ਦੇ ਵਿਚਕਾਰ ਇਕ ਕੰਧ ਦਾ ਪੜਦਾ ਦੇਕੇ ਇਕ ਦੇ ਦੋ ਦਰਵਾਜੇ ਕੀਤੇ ਹੋਏ ਹਨ। ਇਹ ਦਰਵਾਜੇ ਆਉਣ ਜਾਣ ਲਈ ਦਿਨ ਰਾਤ ਖੁਲੇ ਰਹਿੰਦੇ ਹਨ। ਇਸਦੇ ਪਹਰੇਦਾਰ ਆਉਂਦੇ ਜਾਂਦੇ ਨੂੰ ਰੋਕਦੇ ਨਹੀਂ। ਜੇ ਕਿਤੇ ਕੋਈ ਅੰਦਰ ਖਬਰ ਕਰਨੀ ਹੋਵੇ ਤਾਂ ਇਸਦੇ ਦ੍ਵਾਰਪਾਲ ਨਿਰੀ ਗੰਧ ਕਰਕੇ ਹੀ ਪਹੁੰਚਾਉਂਦੇ ਹਨ। **ਨਕਟੂ** ਦਰਵਾਜੇ ਕਰਕੇ ਇਨਾਂ ਦਾ ਨਾਉਂ ਸਾਰੇ ਮਸ਼ਹੂਰ ਹੈ।

ਸਤਵਾਂ ਇਨਾਂ ਤੋਂ ਬਹੁਤ ਨੇੜੇ ਬਹੁਤ ਖੁਲਾ ਦਰਵਾਜਾ ਹੈ। ਇਸ ਦਰਵਾਜੇ ਦੇ ਅੰਦਰਲੇ ਪਾਸੇ ਬੜੇ ਬੜੇ ਡਰਾਉਣੇ ਸੰਦ ਅਤੇ ਕਲਾਂ ਰਖੀਆਂ ਹੋਈਆਂ ਹਨ। ਕੋਈ ਕਲਾ ਕਟਣ ਵਢਣ ਦੀ ਹੈ ਕੋਈ ਪੀਹਣ ਦਰੜਨ ਦੀ ਹੈ। ਕੋਈ ਤੋੜਨ ਫੋੜਨ ਦੀ ਹੈ। ਕੋਈ ਗਿਲਿਆਂ ਕਰਨ ਦੀ, ਤੇ ਕੋਈ ਹਿਲਾਉਣ ਜੁਲਾਉਣ ਦੀ ਹੈ। ਕੋਈ ਪਕੜਨ ਦੀ ਹੈ ਕੋਈ ਧਕੇਲਣ ਦੀ ਹੈ। ਇਸ ਦੇ ਸੰਦ ਅਤੇ ਪਾਹਰੂ ਬੜੇ ਡਰਾਉਣੀ ਸ਼ਕਲ ਦੇ ਹਨ। ਸੂਰਤ ਇਸਦੀ ਠੀਕ ਪਹਾੜ ਦੀ ਕੰਦਰਾ ਦੇ ਨਮੂਨੇ ਦੀ ਹੈ। **ਮੁਖ ਮੂਹਾ** ਦਰਵਾਜਾ ਇਸਦਾ ਨਾਉਂ ਪ੍ਰਸਿਧ ਹੈ। ਇਸਦੇ ਅੰਦਰ ਇਕ ਰਸਪਤ (ਜੀਭ) ਨਾਮੀ ਕਰਕੇ ਅਚਰਜ ਕਲਾ ਹੈ ਜੋ ਅੰਦਰਲੇ ਸਾਰਿਆਂ ਸੰਦਾਂ ਨੂੰ ਸਹਾਇਤਾ ਦਿੰਦੀ ਹੈ। ਇਸ ਕਲਾ ਦੇ ਪਿਛਲੇਰੇ ਪਾਸੇ ਇਕ ਢਾਲਵਾਂ ਬੜਾ ਭਾਰੀ ਚੌਕ (ਚੋਗਾਨ) ਹੈ। ਉਪਰ ਲਿਖੇ ਦਰਵਾਜਿਆਂ ਦੇ ਸਾਰੇ ਰਸਤੇ ਇਸ ਚੌਂਕ ਵਿਚ ਖੁਲ ਜਾਂਦੇ ਹਨ ਅਤੇ ਅੰਦਰੋਂ ਸ਼ਹਰ ਦੇ ਆਏ ਹੋਏ ਵੀ ਦੋ ਰਸਤੇ ਇਸੇ ਚੌਂਕ ਵਿਚ ਮਿਲ ਜਾਂਦੇ ਹਨ। ਇਸ ਵਡੇ ਮੋਹਰਲੇ ਦਰਵਾਜੇ ਥਾਣੀਂ ਖਾਣ ਪੀਣ ਦੀ ਜਿਨਸ ਬਿਨਾਂ ਮਹਸੂਲ ਦੇ ਨਗਰ ਅੰਦਰ ਲੰਘਦੀ ਰਹਿੰਦੀ ਹੈ। ਇਸੇ ਰਾਹ ਲੰਘੀ ਹੋਈ ਜਿਨਸ ਕਰਕੇ ਸ਼ਹਰ ਦਾ ਕਾਰ ਵਿਹਾਰ ਚਲਦਾ ਰਹਿੰਦਾ ਹੈ।

ਅਠਵਾਂ ਦਰਵਾਜਾ ਇਨਹਾਂ ਤੋਂ ਬਹੁਤ ਦੁਰਾਡਾ ਬਣਿਆ ਹੋਇਆ ਹੈ। ਇਸ ਰਸਤੇ ਸਫਾਈ ਦੇ ਕਾਰ ਪਰਦਾਜ ਦਾਰੋਗੇ ਧੋ ਤੇ ਵਟ ਦਾ ਗੰਦਾ ਪਾਣੀ ਬਹਰ ਢੋਂਦੇ ਰਹਿੰਦੇ ਹਨ।

ਇਸਦੇ ਬਹੁਤ ਨੇੜੇ ਨਾਲ ਵਾਰ ਕਰਕੇ ਨਾਵਾਂ ਦਰਵਾਜਾ ਹੈ। ਇਸ ਰਸਤੇ ਵੀ ਸਫਾਈ ਦੇ ਮਹਕਮੇ ਵਾਲੇ ਸ਼ਹਰ ਦਾ ਗੰਦ ਕੂੜਾ ਕਰਕਟ ਹੀ ਬਾਹਰ ਢੋਂਦੇ ਰਹਿੰਦੇ ਹਨ। ਇਹ ਦਰਵਾਜਾ ਬਿਨਾਂ ਜ਼ਰੂਰਤ ਦੇ ਕਿਸੇ ਵੇਲੇ ਨਹੀਂ ਖੁਲਦਾ।

ਦਸਵਾਂ ਦਰਵਾਜਾ ਅਗਮਗੜ ਜੋ ਉਚਾ ਕਿਲਾ ਹੈ ਉਸ ਵਿਚ ਗੁਪਤ ਹੈ। ਅਥਵਾ ਖਾਸ ਮਹਲਾਂ ਦਾ ਇਹ ਦਰਵਾਜਾ ਹੈ। ਪਰ ਇਹ ਹਰ ਵੇਲੇ ਚਿਣਿਆ ਰਹਿੰਦਾ ਹੈ। ਕਦੀ ਕਦਾਈਂ ਮਾਲਕ ਅਪਣੀ ਮੌਜ ਭਾਵੇ ਜ਼ਰੂਰਤ ਨਾਲ ਖੋਲਦਾ ਹੈ।

ਵਾਰ ਰਾਮਕਲੀ ਮਹਲਾ ੩ ਵਿਚੋਂ ਪੰਦ੍ਰਵੀਂ ਪੋੜੀ

**"ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥ ਬਜਰ ਕਪਾਟ ਨ ਖੁਲਨੀ ਗੁਰ ਸਬਦ ਖੁਲੀਜੈ॥ ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥ ਤਿਤੁ ਘਟਿ ਅੰਤਰਿ ਚਾਨਣਾ ਕਰ ਭਗਤਿ ਮਿਲੀਜੈ॥ ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥ ਵਾਹਵਾ ਸਚੇ ਪਾਤਿਸਾਹ ਤੂ ਸਚੀ ਨਾਈ" ॥੧੫॥** [ਪੰਨਾ-੯੫੪]

-o-

ਸੋਲਹੇ

ਮਾਰੂ ਮਹਲਾ ੧ ਦਖਣੀ

**"ਕਾਇਆ ਨਗਰੁ ਨਗਰ ਗੜ ਅੰਦਰਿ॥ ਸਾਚਾ ਵਾਸਾ ਪੁਰਿ ਗਗਨੰਦਰਿ॥**
**ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥੧॥**
**ਅੰਦਰਿ ਕੋਟ ਛਜੇ ਹਟ ਨਾਲੇ॥ ਆਪੇ ਲੇਵੈ ਵਸਤੁ ਸਮਾਲੇ॥**
**ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥ ੨॥**
**ਭੀਤਰਿ ਕੋਟਿ ਗੁਫਾ ਘਰ ਜਾਈ॥ ਨਉ ਘਰ ਥਾਪੇ ਹੁਕਮਿ ਰਜਾਈ॥**
**ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ" ॥੩॥**

[ਪੰਨਾ-੧੦੩੩]

ਮਾਰੂ ਸੋਲਹੇ ਮ:੧ ਵਿਚੋਂ

**"ਕਾਇਆ ਕੋਟੁ ਗੜੈ ਮਹਿ ਰਾਜਾ॥ ਨੇਬ ਖਵਾਸ ਭਲਾ ਦਰਵਾਜਾ॥**
**ਮਿਥਿਆ ਲੋਭੁ ਨਾਹੀ ਘਰ ਵਾਸਾ ਲਬਿ ਪਾਪਿ ਪਛੁਤਾਇਦਾ॥ ੧੫॥**
**ਸਤੁ ਸੰਤੋਖੁ ਨਗਰ ਮਹਿ ਕਾਰੀ॥ ਜਤੁ ਸਤੁ ਸੰਜਮੁ ਸਰਣਿ ਮੁਮਾਰੀ॥**
**ਨਾਨਕ ਸਹਜਿ ਮਿਲੈ ਜਗੁ ਜੀਵਨੁ ਗੁਰ ਸਬਦੀ ਪਤਿ ਪਾਇਦਾ" ॥੧੬॥**

[ਪੰਨਾ-੧੦੩੭]

ਇਸ ਕਿਲੇ ਦੀ ਫਸੀਲ ਕਚੀ ਹੈ। ਇਸ ਵਿਚ ਕਰੋੜਾਂ ਮੋਰਚੇ ਹਨ। ਪਰ ਕਚੀ ਹੋਣੇ ਕਰਕੇ ਇਸਤੇ ਕਰੋੜਾਂ ਹੀ ਸਰਕੜੇ (ਇਕ ਕਿਸਮ ਦੀ ਸੰਘਣੀ

ਘਾਹ) ਦੇ ਝਾੜ ਉਗੇ ਹੋਏ ਹਨ। ਜਿਨਹਾਂ ਕਰਕੇ ਮੋਰਚੇ ਢਕੇ ਰਹਿੰਦੇ ਹਨ। ਇਸ ਕੋਟ ਦੇ ਮਾਲਕ ਰਾਜਾਧਿਰਾਜ ਮਹਾਰਾਜ ਸ੍ਰੀ ਪਰਮਾਤਮ ਰੂਪ ਸਿੰਘ ਜੀ ਅਪਣੇ ਅਗੰਮ ਗੜ ਦੇ ਮਹਲਾਂ ਵਿਚ ਨਿਵਾਸ ਰਖਦੇ ਹਨ। ਇਹ ਮਹਾਰਾਜ ਸੁਭਾਵ ਦੇ ਬੜੇ ਦਯਾਲੂ ਤੇ ਕ੍ਰਿਪਾਲੂ ਹਨ। ਨਗਰ ਦੀ ਵਸਣੀਕ ਪਰਜਾ ਅਤੇ ਆਪਣੇ ਨੌਕਰਾਂ ਨੂੰ ਵਡੇ ਪਿਆਰ ਨਾਲ ਪਾਲਦੇ ਪੋਸਦੇ ਰਹਿੰਦੇ ਹਨ। ਵਡੇ ਵਡੇ ਅਖਤਜਾਰ ਅਤੇ ਮਨਸਬ ਮਰਾਤਬ ਦੇ ਦੇਕੇ ਵਡਜਾਉਂਦੇ ਹਨ। ਹੋਰ ਸਭ ਤਰ੍ਹਾਂ ਦੀ ਰਛਜਾ ਕਰਦੇ ਹਨ ਕਿਸੇ ਦੁਸ਼ਟ ਅਰਿਸ਼ਟ ਦਾ ਦੁਖ ਨਹੀਂ ਪਹੁੰਚਣ ਦਿੰਦੇ।

ਇਸ ਮਹਾਰਾਜ ਦਾ ਅਛਿੰਦਾ ਅਤੇ ਲਾਡਲਾ ਇਕ ਪੁਤ੍ਰ ਹੈ। ਇਹ ਅਪਨੇ ਸੁਭਾਉ ਦਾ ਵਡਾ ਅਨਮੋੜ ਤੇ ਜਿੱਦਲ ਹੈ ਪਰੰਤੂ ਪਿਤਾ ਦਾ ਆਗਜਾਨੁਵਰਤੀ ਹੈ। ਭਾਵੇਂ ਇਹ ਭਾਰਾ ਚੰਚਲ ਅਤੇ ਅਨਿਸਥਰ ਹੈ, ਤਿਸ ਪਰ ਭੀ ਪਿਤਾ ਨੇ ਇਸਨੂੰ ਕਿਲੇ ਦੇ ਨੌਕਰਾਂ ਚਾਕਰਾਂ ਦ੍ਵਾਰਪਾਲਾਂ ਤੇ ਪੂਰਾ ਅਖਤਜਾਰ ਦਿਤਾ ਹੋਇਆ ਹੈ। ਇਹ ਨੌਜਵਾਨ ਰਾਜ ਕੁਮਾਰ ਸ੍ਵੈਛਾਚਾਰੀ ਸੰਸਾਰ ਭਰਦੇ ਜੰਗਲਾਂ ਵਿਚ ਸ਼ਿਕਾਰ ਖੇਡਦਾ ਫਿਰਦਾ ਹੈ ਪਰੰਤੂ ਅਪਣੇ ਕਿਲੇ ਦੀ ਆੜ ਹੇਠ ਭੀ ਖੇਡਦਾ ਮਲਦਾ ਰਹਿੰਦਾ ਹੈ। ਇਸ ਨੂੰ ਇਕੁਰ ਅਵਾਰਾ ਫਿਰਦਾ ਦੇਖਕੇ ਪਿਤਾ ਨੇ ਭਾਈ ਸੁਚੱਜਾ ਸਿੰਘ ਜੀ ਗਿਆਨੀ ਪਾਸ ਟਿਕਾ ਜੀ ਨੂੰ ਪੜਨੇ ਪਾ ਦਿਤਾ।

ਭਾਵੇਂ ਗਿਆਨੀ ਸਿੰਘ ਹੋਰੀ ਬੜੇ ਪਿਆਰ ਅਤੇ ਸਤਕਾਰ ਨਾਲ ਪੜਾਉਂਦੇ, ਪਰੰਤੂ ਰਾਜਕੁਮਾਰ ਇਕਲੌਤਾ ਅਤੇ ਲਾਡਲਾ ਹੋਣ ਦੇ ਕਾਰਣ ਸਿਖਜਾ ਸਿਖਣੋ ਅਤੇ ਪੜਨੋ ਬਾਹਲਾ ਅਵੇਸਲਾ ਘੇਸਲਾ ਰਹਿੰਦਾ। ਭਾਈ ਸੁਚੱਜਾ ਸਿੰਘ ਇਸਨੂੰ ਰਾਜ ਪੁਤ੍ਰ ਹੋਣੇ ਕਰਕੇ ਤਾੜਨਾ ਨਹੀਂ ਕਰਦਾ ਸਾ।

ਇਕ ਦਿਨ ਦੈਵ ਨੇਤ ਨਾਲ ਪਿਤਾ ਪਰਮਾਤਮ ਰੂਪ ਸਿੰਘ ਜੀ ਮਹਾਰਾਜ ਨੇ ਕੁਝ ਪੁਤ੍ਰ ਦੀ ਪ੍ਰੀਖਿਆ ਕੀਤੀ ਤਾਂ ਉਸ ਵਿਚ ਮੰਨਾ ਸਿੰਘ ਹੋਰੀ ਨਿਰੇ ਦਬੜੂ ਘੁਸੜੂ ਹੀ ਨਿਕਲੇ। ਇਸ ਗਲ ਪਰ ਗਜਾਨੀ ਸਿੰਘ ਹੋਰਾਂ ਨੂੰ ਭਾਰੀ ਤਾਕੀਦ ਹੋਈ ਕਿ ਰਾਜ ਕੁਮਾਰ ਨੂੰ ਤਾੜ ਕੇ ਪੜਾਓ ਸਿਖਾਓ। ਇਹ ਕਚਾ ਪਿਲਾ ਹੀ ਕਿਤੇ ਰਹ ਨਾ ਜਾਵੇ। ਇਸ ਮਹਾਰਾਜ ਦੀ ਭਾਰੀ ਤਾਕੀਦ ਕਰਕੇ ਭਾਈ ਜੀ

ਨੇ ਟਿਕਾ ਸਾਹਿਬ ਨੂੰ ਪਸਚਾਤਾਪ ਦੀ ਹਨੇਰੀ ਕੋਠੜੀ ਵਿਚ ਬੰਦ ਕਰਕੇ ਖੂਬ ਤਾੜਿਆ। ਤਾਂ ਮੰਨਾ ਸਿੰਘ ਹੋਰਾਂ ਭੁਲਾਂ ਬਖਸ਼ਾਈਆਂ ਤੇ ਹਥ ਜੋੜ ਕੇ ਆਖਿਆ ਤੇ ਕਿਹਾ–

**"ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗ ਪਾਵੈ"**

[ਸੋਰ:ਮ:੫, ਪੰਨਾ–੬੨੪]

ਫਿਰ ਤਾਂ ਟਿਕਾ ਸਾਹਿਬ ਨੇ ਥੋੜੇ ਹੀ ਦਿਨਾਂ ਵਿਚ ਵਿਦਿਆ ਪੜ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭ ਕਰਾ ਦਿਤਾ। ਨਾਲ ਹੀ ਕਾਬਜ ਕੋਸ਼ ਬਜਾਕਰਨ ਤੇ ਨਿਯਾਇ ਸ਼ਾਸਤ੍ਰ ਵੀ ਥੋੜੇ ਦਿਨਾਂ ਵਿਚ ਪੜ ਲਏ। ਇਸੇ ਹੀ ਪੜਾਈ ਵਿਚ ਸ਼ਸਤ੍ਰ ਵਿਦਜਾ ਵਿਚ ਵੀ ਰਾਜ ਕੁਮਾਰ ਨੂੰ ਨਿਪੁੰਨ ਕੀਤਾ ਗਇਆ।

ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤਜਾਰ ਹੋ ਗਿਆ, ਤਾਂ ਪਿਤਾ ਨੇ ਬੜੇ ਉਤਸ਼ਾਹ ਅਤੇ ਮੰਗਲਾਚਾਰ ਕਰਕੇ ਭੋਗ ਪਵਾਇਆ। ਉਪਰੰਤ ਭਾਈ ਜੀ ਨੇ ਰਾਜਨੀਤ ਵਿਦਜਾ ਪੜਾਈ। ਇਸਤੋਂ ਉਪਰੰਤ ਰਾਜ ਕੁਮਾਰ ਨੂੰ ਦਿਨੋਂ ਦਿਨ ਚਾਨਣੇ ਪਖ ਦੇ ਚੰਦ ਵਾਂਙੂ ਜਵਾਨ ਹੁੰਦਿਆਂ ਦੇਖਕੇ ਪਿਤਾ ਨੇ ਵਿਆਹ ਦਾ ਫਿਕਰ ਕੀਤਾ। ਬਹੁਤ ਸਾਰੀ ਢੂੰਢ ਭਾਲ ਕਰਦਿਆਂ ਕਰਾਉਂਦਿਆਂ ਸਾਕਾਂ ਵਿਚੋਂ ਹੀ ਇਕ ਭਲਾ ਘਰ ਟਕਰ ਪਿਆ। ਅਰਥਾਤ 'ਆਤਮ ਵਸ਼ੈਣੀ ਪਟਰਾਣੀ' ਬੁਧਵੰਤ ਕੌਰ ਜੀ ਦੇ ਦੂਰ ਨੇੜੇ ਦੇ ਸਾਕਾਂ ਵਿਚੋਂ ਬੀਬੀ ਸੁਮਤ ਕੌਰ ਨਾਲ ਚੰਗਾ ਦਿਨ ਦੇਖਕੇ ਬਡੇ ਉਤਸਾਹਾਂ ਨਾਲ ਵਿਆਹ ਕਰ ਦਿਤਾ। ਇਸ ਵਿਆਹ ਪਰ ਬਹੁਤ ਮੰਗਲਾਚਾਰ ਹੋਏ। ਦਾਨ, ਮਾਨ ਅਤੇ ਸਨਮਾਨ, ਯਥਾ ਅਧਿਕਾਰ, ਲਾਗੀਆਂ, ਮਿਤ੍ਰਾਂ ਅਤੇ ਸਨਬੰਧੀਆਂ ਨਾਲ ਕੀਤੇ ਗਏ। ਟਿਕਾ ਮੰਨਾ ਸਿੰਘ ਹੋਰੀ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਸੁਮਤ ਕੌਰ ਜੈਸੀ ਸੁੰਦਰ ਤੇ ਸੁਸ਼ੀਲ ਮੋਨਗਜਾ ਰਾਜ ਕੁਮਾਰੀ ਇਸਤ੍ਰੀ ਨੂੰ ਪਾਕੇ ਪਰਸੰਨ ਹੋਏ। ਜਵਾਨੀ ਨੇ ਜੋਰ ਆ ਪਾਇਆ ਤੇ ਇਸ ਵੇਲੇ ਵਿਦਜਾ ਦਾ ਅਭਜਾਸ, ਅਤੇ ਗਜਾਨੀ ਸਿੰਘ ਹੋਰਾਂ ਦੀ ਤਾੜਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਨੇਮੀ ਪਾਠ, ਇਹ ਤਿੰਨੇ ਗਲਾਂ ਅਮਾਨਤ ਰਹ ਗਈਆਂ। ਟਿਕਾ ਸਾਹਿਬ ਜੀ ਇਕ ਜਵਾਨੀ ਭਰੇ

ਉਮੰਗ ਵਿਚ ਮਸਤਾਨੀ ਜੇਹੀ ਦਸ਼ਾ ਬਨਾਏ ਬੇਪਰਵਾਹੀ ਦੇ ਜੰਗਲਾਂ ਵਿਚ ਅਵਾਰਾ ਫਿਰਨ ਲਗੇ। ਪਰੰਤੂ ਅਪਣੇ ਨੋਕਰਾਂ ਚਾਕਰਾਂ ਦੀ ਖਬਰਦਾਰੀ ਅਤੇ ਕਿਲੇ ਕੋਟ ਦੀ ਰਖਵਾਲੀ ਵਿਚ ਹਰ ਵੇਲੇ ਸਾਵਧਾਨ ਤਜਾਰ ਬਰ ਤਜਾਰ ਰਹਿੰਦੇ।

ਇਕ ਦਿਨ ਦੈਵਨੇਤ ਨਾਲ ਟਿਕਾ ਮੰਨਾ ਸਿੰਘ ਹੋਰੀ ਇਕਾਂਤ ਅਸਥਾਨ ਵਿਚ ਬੈਠੇ ਹੋਏ ਕੁਝ ਸੋਚ ਰਹੇ ਸਨ, ਕਿ 'ਸੁਨੀਅਰ' ਦਰਵਾਜੇ ਦੇ ਚੋਬਦਾਰਾਂ ਨੇ ਬੜੇ ਅਦਬ ਨਾਲ ਝੁਕਕੇ ਫਤੇ ਗਜਾਈ ਅਤੇ ਇਕ ਲਪੇਟਿਆ ਹੋਇਆ ਕਾਗਤ ਪੇਸ਼ ਕੀਤਾ। ਟਿਕਾ ਜੀ ਨੇ ਕਾਗਤ ਹਥ ਵਿਚ ਲੈਕੇ ਪੁਛਿਆ ਕਿ ਇਹ ਕਾਗਤ ਕੌਣ ਲਿਆਇਆ ਹੈ, ਤਾਂ ਚੋਬਦਾਰਾਂ ਬੇਨਤੀ ਕੀਤੀ ਮਹਾਰਾਜ 'ਸੰਗੀਤ' ਨਾਮੀ ਮਿਰਾਸੀ ਲਿਆਇਆ ਹੈ। ਫਿਰ ਟਿਕਾ ਸਾਹਿਬ ਨੇ ਪੁਛਿਆ ਕਿ ਓਹ ਕਿਸ ਰਸਤੇ ਪਹੁੰਚਿਆ ਹੈ, ਤਾਂ ਚੋਬਦਾਰਾਂ ਬੇਨਤੀ ਕੀਤੀ, ਮਹਾਰਾਜ ਮਾਲਕੌਂਸ ਵਾਲੇ ਰਾਹ ਸਿਧਾ ਆਨ ਪੁਜਾ ਹੈ।

ਇੰਨੇ ਤਕ ਖਤ ਦਾ ਕਾਗਤ ਖੁਲ ਗਿਆ ਤੇ ਰਾਜ ਕੁਮਾਰ ਪੜਨ ਲਗੇ ਜਿਸ ਵਿਚ ਇਉਂ ਲਿਖਿਆ ਸੀ:-

ੴ ਸਤਿਗੁਰ ਪ੍ਰਸਾਦਿ॥

"ਸ੍ਰੀ ਸ੍ਰੀ ਸ੍ਰੀ ਸ੍ਰੀ ਸ੍ਰੀ ਸਰਬ ਗੁਣ ਗੁਣਾਲੰਕ੍ਰਿਤ ਮਹਾਰਾਜਾਧਿਰਾਜ ਕਾਇਆ ਕੋਟਾਧਿਪਤੀ ਸ੍ਰੀ ਮਾਨ ਯੁਵਰਾਜ ਸਾਹਿਬ ਜੀ ਪ੍ਰਤੀ ਦਾਸੀ ਰੂਪ ਕੌਰਾਂ ਦੀ ਅਤੀ ਸਨੰਮ੍ਰ ਚਰਨ ਬੰਦਨਾ ਕਬੂਲ ਹੋਵੇ। ਮੇਰੇ ਮਾਨ ਦੇ ਅਸਥਾਨ ਪਰਮ ਸੁਜਾਨ ਜੀ ਬੇਨਤੀ ਹੈ ਕਿ ਮੈਂ ਚਰਨ ਦਾਸੀ ਪਤੀ-ਪਿਤਾ-ਰਹਿਤ ਇਕ ਅਨਾਥ ਇਸਤ੍ਰੀ ਆਪਦੀ ਚਰਨ ਚਾਪੀ ਕਰਨ ਲਈ ਚਰਨ ਸਰਨ ਆਈ ਚਾਹੁੰਦੀ ਹਾਂ। ਇਸ ਲਈ ਇਹ ਬੇਨਤੀ ਪਤ੍ਰ ਸੇਵਾ ਵਿਚ ਅਰਪਨ ਕਰਕੇ ਆਸਾਵੰਦ ਹਾਂ ਕਿ ਪਰਵਾਨਗੀ ਦਾ ਪਰਵਾਨਾ ਦੇਕੇ ਕ੍ਰਿਤਾਰਥ ਕੀਤਾ ਜਾਵੇ।"

ਲੇਖਕ-ਆਪਕੀ ਕ੍ਰਿਪਾ ਅਭਿਲਾਖਨੀ

ਅਨਾਥ ਰੂਪ ਕੌਰਾਂ॥

ਇਹ ਚਿਠੀ ਪੜਦਿਆਂ ਰਾਜਕੁਮਾਰ ਬਹੁਤ ਹੈਰਾਨ ਹੋਇਆ ਅਤੇ ਚੋਬਦਾਰਾਂ ਨੂੰ ਹੁਕਮ ਹੋਇਆ ਕਿ 'ਸੰਗੀਤ' ਮਿਰਾਸੀ ਨੂੰ ਹਾਜ਼ਰ ਕਰੋ। ਚੋਬਦਾਰਾਂ ਬਹੁਤ ਢੂੰਢ ਭਾਲ ਕੀਤੀ ਪਰ ਪਤਾ ਨਿਸ਼ਾਨ ਕੁਝ ਨਾ ਲਭਾ। ਇਸ ਚਿਠੀ ਨੂੰ ਰਾਜਕੁਮਾਰ ਨੇ ਕੇਈ ਵਾਰ ਪੜ੍ਹਿਆ ਅਤੇ ਬਹੁਤ ਡੂੰਘੇ ਵਹਿਣਾਂ ਵਿਚ ਪੈ ਪੈ ਕੇ ਸੋਚਿਆ। ਪਰ ਰਾਣੀ ਰੂਪ ਕੌਰ ਦਾ ਕੁਝ ਵੀ ਪਤਾ ਨਹੀਂ ਲਗਾ। ਕੇਈ ਵਾਰਾਂ ਮੜ੍ਹੀਆਂ, ਮਸਾਣਾਂ, ਜੰਗਲਾਂ, ਉਜਾੜਾਂ, ਬਾਗਾਂ, ਸ਼ਹਰਾਂ, ਪਹਾੜਾਂ, ਕੰਦਰਾਂ ਵਿਚ ਵੀ ਟੋਹਾਂ ਲਾਈਆਂ। ਪੁਛਾਂ ਦਸਾਂ ਕਢਾਈਆਂ ਪਰ ਸਭੇ ਵਿਅਰਥ ਹੀ ਗਈਆਂ। ਰਾਣੀ ਦਾ ਕੁਝ ਪਤਾ ਨਿਸ਼ਾਨ ਨਾ ਲਗਾ। ਕੋਈ ਸਮਾਂ ਏਵੇ ਹੀ ਬੀਤ ਗਿਆ ਪਰ ਰਾਜਕੁਮਾਰ ਦੇ ਚਿਤੋਂ ਸੂੰਹ ਕੱਢਣ ਦੀ ਵਾਦੀ ਨਾ ਗਈ, ਨਾਲ ਹੀ ਨਿਰਾਸੀ ਅਤੇ ਉਦਾਸੀ ਆਪਣੀ ਹੈਰਾਨੀ ਭਰੀ ਸੂਰਤ ਦਿਖਾਕੇ ਕਿਸੇ ਕਿਸੇ ਵੇਲੇ ਰਾਜਕੁਮਾਰ ਜੀ ਨੂੰ ਪਰੇਸ਼ਾਨ ਕਰਨ ਲਗ ਪਈਆਂ।

-o-

ਫਿਰ ਇਕ ਦਿਨ ਰਾਜਕੁਮਾਰ ਆਪਣੇ ਮਹਲ ਵਿਚ ਸੁਮਤਿ ਕੌਰ ਨਾਲ ਬੈਠੇ ਹੋਏ ਕੁਝ ਬਚਨ ਬਿਲਾਸ ਕਰ ਰਹੇ ਸਾਨ ਕਿ ਸੁਨੀਅਰ ਦੇ ਚੋਬਦਾਰਾਂ ਨੇ ਬੜੇ ਅਦਬ ਨਾਲ ਫਤੇ ਬੁਲਾਕੇ ਇਕ ਰੰਗੀਨ ਲਿਫ਼ਾਫ਼ਾ, ਜਿਸਤੇ ਬੜੀ ਚਿਤ੍ਰਕਾਰੀ ਕੀਤੀ ਹੋਈ ਸੀ, ਪੇਸ਼ ਕੀਤਾ। ਰਾਜਕੁਮਾਰ ਨੇ ਜਦ ਲਿਫ਼ਾਫ਼ਾ ਪੜਿਆ ਤਾਂ ਸਿਰਨਾਵਾਂ ਉਪਰ ਏਹ ਲਿਖਿਆ ਸੀ।

**"ਜੇ ਤੂੰ ਮਿਤਰੁ ਅਸਾਡੜਾ ਹਿਕ ਭੋਰੀ ਨਾ ਵਿਛੋੜਿ॥**
**ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹ॥"**

[ਮਾਰੂ ਵਾਰ, ਪੰਨਾ-੧੦੯੪ ]

**"ਦੁਖੀਆ ਦਰਦ ਘਣੇ ਵੇਦਨ ਜਾਣੈ ਤੂ ਧਣੀ॥**
**ਜਾਣਾ ਲਖ ਭਵੇ ਪਿਰੀ ਡਿਖੰਦੋ ਤਾ ਜੀਵਸਾ॥"**

[ਮਾਰੂ ਵਾਰ, ਪੰਨਾ-੧੦੯੭]

ਰਾਜਕੁਮਾਰ ਨੇ ਪੁਛਿਆ ਇਹ ਖਤ ਕੌਣ ਲਿਆਇਆ ਹੈ? ਅਗੋਂ ਚੋਬਦਾਰਾਂ ਅਦਬ ਨਾਲ ਬੇਨਤੀ ਕੀਤੀ ਕਿ ਸਾਹਿਤਜਾਚਾਰਜ ਨਾਮੀ ਪਾਂਧਾ

ਲਿਆਇਆ ਹੈ। ਇਨੇ ਤਕ ਲਿਫ਼ਾਫ਼ਾ ਖੁਲ ਗਇਆ ਚਿਠੀ ਖੋਲੀ ਤਾਂ ੳਸ ਵਿਚ ਇਹ ਲਿਖਿਆ ਸੀ:-

ੴ ਸਤਿਗੁਰ ਪ੍ਰਸਾਦਿ॥

"ਸ੍ਰੀ ਯੁਤਿ, ਸ੍ਰੀ ਨੁਤਿ[੧], ਸ੍ਰੀ ਦੁਤਿ[੨], ਸ੍ਰੀ ਮਤਿ, ਸ੍ਰੀ ਮਹਾਰਾਜਧਿਰਾਜ॥ ਕਾਇਆਂ ਕੋਟਿ ਗੜ੍ਹੇਸ੍ਵਰ, ਏਸ੍ਵਰ, ਜਗਤੇਸ੍ਵਰ ਸਿਰ ਤਾਜ॥ ਨਾਥ ਅਨਾਥਹਿ ਕੀ ਇਕ ਬੇਨਤੀ ਸੁਨ ਲੀਜੋ ਮਹਾਰਾਜ। ਤੁਮ ਕਿਸੋਰ[੩], ਬਯ[੪], ਪੂਰਣ ਜੋਬਨ, ਰਸਿਕ ਸਿਰੋਮਨਿ ਰਾਜ[੫] ਸਦਾ ਨਵੀਨ, ਪ੍ਰਬੀਨ ਪੀਨ ਮਤਿ ਚੀਨ॥ ਲੀਨ ਮੇ ਆਪ। ਬਿਨਤੀ ਪ੍ਰਿਥਮ ਪਠੀ ਚਰਨਨ ਮੈ ਬਿਨ ਸੰਦੇਹ[੬] ਨਿਜਾਪ। ਨਹਿ ਉਤ੍ਰ, ਮੈ ਬਿਹਬਲ ਅਤਿਸੈ, ਦਰਸਨ ਕਰਨ ਚਹੋ ਪ੍ਰਭ ਤੋਰਿ। ਕਰੋ ਕ੍ਰਿਪਾ ਮੈ ਚਕਵੀ ਦਾਸਨ, ਤੁਮਰਵਿ[੭] ਚਕ੍ਰ[੮] ਬਿਕਾਸਨ[੯] ਮੋਰਿ॥੨॥ ਅਤਿ ਅਧੀਨ ਮੈ ਦੀਨ ਅਨਾਥਨਿ, ਨਾਥ ਲਖਿਓ ਨਾਥਹੁ ਨਥ[੧੦] ਪਾਇ॥ ਅਨਥ ਨ ਰਾਖਹੁ, ਨਾਥਹੁ, ਨਾਥਹੁ, ਕਾਇਆ ਨਾਥ, ਅਨਾਥ ਅਲਾਇ[੧੧]॥ ਅਤ੍ਰ[੧੨] ਵਿਚਿਤ੍ਰ[੧੩] ਪਤ੍ਰ, ਪਦਪੰਕਜ[੧੪] ਤਵ, ਮੈ ਅਰਪਨ ਕੀਨ॥ ਮਮ ਸੁੰਦਰਤਾ ਆਸ੍ਰਿਤ ਤੁਮਰੇ ਜਿਮ ਰਵਿ ਸੰਗ ਨ ਧੂਪ ਮਲੀਨ॥੩॥"

ਲੇਖਕ: ਆਪਕੀ ਇਛਾਤੁਰਾ ਅਨਾਥਾ

ਰੂਪ ਕੌਰਾਂ

ਇਹ ਚਿਠੀ ਪੜਕੇ ਚੋਬਦਾਰਾਂ ਨੂੰ ਪੁਛਿਆ ਇਹ ਵਤੀਸਰ ਕਿਸ ਰਸਤੇ ਆਇਆ ਹੈ? ਤਾਂ ਚੋਬਦਾਰਾਂ ਅਰਜ ਕੀਤੀ, ਮਹਾਰਾਜ ਚਾਤਰੀ ਦੀ ਸੜਕ ਪੈ ਕੇ ਆਣ ਪੁਜਾ ਹੈ। ਹੁਕਮ ਹੋਇਆ ਜਲਦੀ ਹਾਜ਼ਰ ਕਰੋ। ਚੋਬਦਾਰਾਂ ਨੇ ਢੂੰਢ ਭਾਲ ਕਰਕੇ ਬੇਨਤੀ ਕੀਤੀ ਮਹਾਰਾਜ ਜੀ ਉਸਦਾ ਕੁਝ ਪਤਾ ਨਹੀਂ। ਚਿਠੀ

---

੧. ਤਾਰੀਫ ਵਾਲਾ। ੨. ਸੁੰਦਰਤਾ। ੩. ੧੮ ਬਰਸ ਤੋਂ ੨੫ ਤਕ ਦੀ ਅਵਸਥਾ। ੪. ਉਮਰ। ੫. ਮਜਬੂਤ ਦੇਖ ਲਿਆ। ੬. ਨਿਜ ਆਪ। ੭. ਸੂਰਜ। ੮. ਚਕਵਾ। ੯. ਖਿੜਾਉਣ ਵਾਲਾ। ੧੦. ਨਥ ਕੇ ਨਥ (ਸੁਹਾਗ) ਦੀ ਪਾਕੇ। ੧੧. ਮੈ ਅਨਾਥ ਬੇਨਤੀ ਕਰ ਰਹੀ ਹੂੰ। ੧੨. ਇਹ। ੧੩. ਅਨੋਖੀ। ੧੪. ਕਵਲ।

ਦੇਂਦਾ ਹੀ ਕਿਸੇ ਉਪਮਾਨ[੧] ਅਥਵਾ ਉਪਮੇਯ[੨] ਵਿਚ ਲੋਪ ਹੋ ਗਿਆ ਹੈ। ਅਸੀ ਰਸ, ਲਛਨਾਂ ਬਾਦ ਸ਼ਹਰ ਤੋੜੀ ਅਲੰਕਾਰ ਦੇ ਮਹਲਿਆਂ ਵਿਚ ਵੀ ਭਾਲ ਕਰ ਥਕੇ ਹਾਂ ਪਰ ਵਤੀਸਰ ਜੀ ਦਾ ਕੋਈ ਪਤਾ ਨਹੀਂ ਲਗਦਾ।

ਇਹ ਸੁਣਕੇ ਰਾਜ ਕੁਮਾਰ ਹੈਰਾਨੀ ਦੀ ਹਦ ਤੋਂ ਵਧ ਗਿਆ, ਅਤੇ ਚਿਠੀ ਨੂੰ ਫਿਰ ਦੁਬਾਰਹ ਪੜਿਆ। ਫਿਰ ਤੀਜੀ ਵਾਰ ਪੜਕੇ ਅਰਥ ਵਿਚਾਰਨ ਲਗੇ। ਇਹ ਚਿਠੀ ਹੈ ਕਿ ਚਤਰਾਈ ਦੀ ਹਦ ਹੈ। ਅਰੰਭ ਵਿਚ ਹੀ ਪੰਜੇ ਵਾਰਾਂ ਸ੍ਰੀ ਕੈਸੇ ਅਨੋਖੇ ਵਿਸ਼ੇਸ਼ਨਾ ਨਾਲ ਜੋੜ ਕੇ ਲਿਖੀਆਂ ਹੈਂ। ਫਿਰ ਹੇ ਨਾਥ, ਮੈਂ ਅਨਾਥ ਦੀ ਬੇਨਤੀ ਨਾਥ, ਅਨਾਥ ਪਦਾਂ ਦਾ ਅਨੁਪ੍ਰਾਸ[੩] ਬੜਾ ਅਨੋਖਾ ਪਇਆ ਹੈ। ਵਾਹਵਾ ਕਿਸੋਰ[੪] ਅਵਸਥਾ ਦੀ ਪੂਰਣਤਾ ਪਰ ਜੋਬਨ ਦਾ ਹੋਣਾ ਕੈਸਾ ਸੁੰਦਰ ਹੈ ਬੁਧੀ ਦੀ ਵਡਿਆਈ ਵਿਚ ਨਵੀਨ ਪਨ ਤੇ ਪ੍ਰਬੀਨ ਕਿਹਾ ਅਛਾ ਲਿਖਿਆ ਹੈ।

ਭਲਾ ਮੈਂ ਤਾਂ ਇਸ ਰੂਪ ਕੌਰ ਨੂੰ ਅਜੇ ਅਖਾਂ ਭਰ ਕੇ ਵੇਖਿਆ ਵੀ ਨਹੀਂ ਤੇ ਉਨ ਮੈਨੂੰ ਕੀਕਰ ਪਛਾਣਿਆਂ ? ਏਹ ਅਚਰਜ ਗਲ ਹੈ!

ਹੇ ਕਰਤਾਰ! ਇਹ ਕਿਤੇ ਸ਼ੁਦਾਇਣ ਤਾਂ ਨਹੀਂ ਹੋ ਗਈ। ਐਡੀ ਬਿਆਕੁਲ ਹੋਈ ਚਕਵੀ ਬਣੀ ਜਾਂਦੀ ਹੈ। ਨਾਲ ਹੀ ਚਕਵਾ ਸੂਰਜ ਮੈਨੂੰ ਬਣਾਉਂਦੀ ਹੈ। ਏਹ ਦ੍ਰਿਸ਼ਟਾਂਤ ਘਰੋਗਾ ਹੀ ਹੈ। ਚੰਗਾ ਦੀਨ ਅਨਾਥ ਨੇ ਨਾਥ ਲਭਿਆ ਹੈ! ਤੇ ਕਾਹਲੀ ਵੀ ਏਡੀ ਕੁ ਹੈ ਕਿ ਸੁਹਾਗ ਦੀ ਨਥ ਪਾਕੇ ਨਥ ਲਓ ਲਿਖਦੀ ਹੈ। ਕੈਸਾ ਆਰਤ[੫] ਬਚਨ ਹੈ। ਨਥ ਵਿਹੂਣੀ ਨਾ ਰਖੋ ਨਥ ਪਾਓ ਨਥ ਪਾਓ! ਐ ਮੇਰੇ ਸਰੀਰ ਦੇ ਮਾਲਕ ਮੈਂ ਅਨਾਥ ਹੋਈ ਕਹਨੀ ਹਾਂ। ਫਿਰ ਛੇਕੜ ਤਾਂ ਖਤ ਲਿਖਕੇ ਲਿਖਣ ਹੀ ਭੰਨ ਘਤੀ ਹੈ, ਕਿ ਮੇਰੀ ਸੁੰਦਰਤਾ ਤੁਹਾਡੇ ਅਗੇ

---

੧. ਜਿਸਦੀ ਉਪਮਾ ਦਿਤੀ ਜਾਵੇ।

੨. ਜਿਸਨੂੰ।

੩. ਹਮ ਵਜ਼ਨ ਹੋਣਾ।

੪. ੧੮ ਬਰਸ ਦੀ ਉਮਰ।

੫. ਨਿੰਮ੍ਰਤਾ ਦਾ ਬਚਨ।

ਇਸ ਤਰ੍ਹਾਂ ਹੈ ਜੀਕਰ ਧੁਪ ਦੀ ਖ਼ੂਬੀ ਸੂਰਜ ਦੇ ਆਸਰੇ ਹੁੰਦੀ ਹੈ। "ਜਾਨ ਨ ਪਹਿਚਾਨ ਮੈ ਤੇਰਾ ਮਹਿਮਾਨ" ਮੈਂ ਤਾਂ ਇਸਨੂੰ ਜਾਣਦਾ ਵੀ ਨਹੀਂ ਤੇ ਇਹ ਭਾਗ ਸੁਲੱਖਾਂ ਮੇਰੇ ਆਸਰੇ ਹੋਕੇ ਚਮਕ ਰਹੀ ਹੈ। ਬੇਸ਼ਕ ਇਹ ਨਿਰੀ ਰੂਪ ਕੌਰ ਹੀ ਨਹੀਂ ਇਹ ਤਾਂ ਕੁਝ ਅਕਲ ਕੌਰ ਵੀ ਪ੍ਰਤੀਤ ਹੁੰਦੀ ਹੈ। ਪਰ ਏਹ ਏਡੀ ਘਬਰਾਹਟ ਕਿਉਂ ਲਿਖਦੀ ਹੈ? ਇਹ ਗਲ ਅਚਰਜ ਤੋਂ ਵੀ ਵਧ ਚਲੀ ਹੈ। ਚਿਠੀ ਤਾਂ ਸੁਖ ਨਾਲ ਦੂਜੀ ਵੇਰ ਬਿਜਲੀ ਵਾਂਗ ਆ ਧਮਕੀ ਹੈ, ਪਰ ਆਪਣਾ ਨਿਸ਼ਾਨ ਪਤਾ ਥੁਹ ਟਿਕਾਣਾ ਸਭ ਗੁੰਮ ਹੈ। ਕੋਈ ਤਦਬੀਰ ਨਹੀਂ ਹੋ ਸਕਦੀ ਜਿਸ ਤਰ੍ਹਾਂ ਇਸਦਾ ਕੋਈ ਥਾਂ ਮਕਾਨ ਲਭੇ, ਤਾਂ ਕੁਝ ਮੋੜਵਾਂ ਉਤ੍ਰ ਦਿਤਾ ਜਾਵੇ। ਇਸ ਚਤਰਾਈ ਦਾ ਕੋਈ ਪਤਾ ਨਹੀਂ ਲਗਦਾ ਕਿ ਪਤਾ ਕਿਉਂ ਨਹੀਂ ਲਿਖਦੀ। ਭਾਵੇਂ ਕਿਤੇ ਏਹੋ ਗਲ ਨਾ ਹੋਵੇ ਕਿ ਡਾਢੀ ਘਬਰਾਹਟ ਵਿਚ ਆਪਣਾ ਪਤਾ ਲਿਖਣੋਂ ਭੁਲ ਗਈ ਹੋਵੇ। ਪਰ ਜੇ ਭੁਲ ਗਈ ਹੋਵੇ ਤਾਂ ਦੂਜੀ ਵੇਰਾਂ ਹੀ ਚੇਤਾ ਰਖਦੀ। ਇਹ ਕੋਈ ਪਤਾ ਨਹੀਂ ਲਗਦਾ ਕਿ ਕੀ ਗਲ ਹੈ।

ਝੰਝਟ ਵਿਚ ਝੁੰਝਲਾ ਕੇ ਰਾਜ ਕੁਮਾਰ ਨੇ ਚੋਬਦਾਰਾਂ ਨੂੰ ਹੁਕਮ ਦਿਤਾ ਕਿ ਜੋ ਕੋਈ ਚਿਠੀ ਲਿਆਵੇ ਉਸਨੂੰ ਚਿਠੀ ਸਮੇਤ ਹਾਜ਼ਰ ਕਰੋ। ਜੇ ਹਾਜ਼ਰ ਨਾ ਹੋਵੇ, ਤਾਂ ਪਹਿਰੇ ਵਿਚ ਰਖੋ। ਅਤੇ ਖਬਰ ਬਹੁਤ ਜਲਦੀ ਪੁਚਾਓ। ਚੋਬਦਾਰ ਇਸ ਹੁਕਮ ਨੂੰ ਸੁਣਕੇ ਸਿਰ ਨਿਵਾਕੇ ਆਪਣੀ ਚੌਕੀ ਪਰ ਜਾ ਠਹਰੇ। ਇਧਰ ਰਾਜ ਕੁਮਾਰ ਬੜੀਆਂ ਭਾਰੀਆਂ ਡੂੰਘੀਆਂ ਸੋਚਾਂ ਦੇ ਖੂਹਾਂ ਵਿਚ ਟੁਬੀਆਂ ਲਾਉਣ ਲਗੇ, ਲਜਾਂ ਹਥੋਂ ਛਡ ਕੇ ਪਤਾਲ ਦੀ ਮਿਟੀ ਲਿਆਉਣ ਲਗੇ। ਮੁਸਾਹਿਬ ਲੋਕ ਇਹ ਹਾਲ ਦੇਖ ਦੇਖ ਕੇ ਹੈਰਾਨੀ ਦੇ ਸਮੁਦ੍ਰਾਂ ਵਿਚ ਤਰਨ ਲਗੇ, ਕਿ ਰਾਜ ਕੁਮਾਰ ਨੂੰ ਇਹ ਕੀ ਬੀਮਾਰੀ ਹੋ ਗਈ ਹੈ ਜਦ ਦੇਖੋ ਸੋਚਾਂ ਵਿਚ ਚਿੰਤਾ ਹੀ ਕਰਦਾ ਦਿਸਦਾ ਹੈ। ਕੋਈ ਉਪਾਉ ਸੋਚੀਏ ਤੇ ਇਸਨੂੰ ਕਿਸੇ ਪਾਸੇ ਵਲ ਲਾ ਕੇ ਪਰਚਾਈਏ। ਪਰ ਰਾਜਕੁਮਾਰ ਇਕ ਖੂਹ ਵਿਚੋਂ ਅਜੇ ਨਿਕਲ ਹੀ ਨਹੀਂ ਚੁਕਦੇ, ਕਿ ਦੂਜੇ ਦੀ ਤਹ ਵਿਚ ਹਥ ਪੈਰ ਮਾਰਨ ਲਗ ਜਾਂਦੇ ਹਨ।

ਓੜਕ ਮੁਸਾਹਿਬਾਂ ਨੇ ਇਕ ਦਿਨ ਭੰਗ ਪਿਲਾ ਸੁਲਾ ਦਿਤਾ ਅਤੇ ਆਪ ਵੀ ਅਰਾਮ ਵਿਚ ਹੋ ਗਏ। ਸਮਾ ਦੇਖਕੇ ਮਹਿਕਾ[੧] ਨਾਮ ਦਾ ਇਕ ਨਾਈ ਕਸਤੂਰੇ ਨਾਪੇ ਦੇ ਰਾਹੋਂ ਲੰਘਦਾ 'ਨਕਟੂ' ਦਰਵਾਜੇ ਦੇ ਚੋਬਦਾਰਾਂ ਨੂੰ ਗ਼ਾਫ਼ਲ ਪਾਕੇ ਆਪ ਹੀ ਅੰਦਰ ਲੰਘ ਗਿਆ। ਅਗੇ ਰਾਜਕੁਮਾਰ ਨੂੰ ਸੁਤਿਆਂ ਵੇਖ ਕੇ ਆਪ ਤਲੀਆਂ ਝਸਣ ਲਈ ਬੈਠ ਗਿਆ। ਇਸਦੇ ਉਪਰਾਂ[੨] ਦੇ ਹਥਾਂ ਦੀ ਝਸਾਵਟ ਤੇ ਰਾਜਕੁਮਾਰ ਨੇ ਅਖਾਂ ਖੋਲ੍ਹ ਦਿਤੀਆਂ। ਓਪਰਾ ਆਦਮੀ ਦੇਖਕੇ ਜਰਾ ਖੜਕ ਕੇ ਪੁਛਿਆ ਤੂੰ ਕੌਣ ਹੈਂ?

**ਮਹਿਕਾ**: ਜੀ ਮੈਂ ਲਾਗੀ ਹਾਂ।

**ਰਾਜਕੁਮਾਰ**: ਏਥੇ ਵਤੀਸਰ ਕਿਉਂ ਆਯਾ?

**ਮਹਿਕਾ**: ਹਜ਼ੂਰ ਵਾਸਤੇ ਸ਼ਗਨ ਲੈਕੇ ਆਯਾ ਹਾਂ।

**ਰਾਜਕੁਮਾਰ**: (ਚੌਂਕ ਕੇ) ਸ਼ਗਨ ਕੇਹਿਆ, ਕਿਸ ਘਰ ਦਾ ਸ਼ਗਨ?

**ਮਹਿਕਾ**: ਰਾਣੀ ਸਾਹਿਬ ਦਾ ਸ਼ਗਨ।

**ਰਾਜਕੁਮਾਰ**: ਕੌਣ ਰਾਣੀ?

**ਮਹਿਕਾ**: ਮੜੋਲੀ ਨਗਰ ਦੀ ਰਾਣੀ ਦਾ ਸ਼ਗਨ ਹੈ।

**ਰਾਜਕੁਮਾਰ**: (ਚਕ੍ਰਤ ਹੋਕੇ) ਰਾਣੀ ਦਾ ਸ਼ਗਨ ਇਹ ਕੀ ਗਲ ਹੋਈ? ਸ਼ਗਨ ਰਾਜਕੁਮਾਰੀ ਦਾ ਹੁੰਦਾ ਹੈ ਨਾ ਕਿ ਰਾਣੀ ਦਾ।

**ਮਹਿਕਾ**: ਜੀ ਹਜ਼ੂਰ ਇਹ ਸ਼ਗਨ ਤਾਂ ਰਾਣੀ ਜੀ ਦਾ ਹੀ ਹੈ ਰਾਜਕੁਮਾਰੀ ਦਾ ਨਹੀਂ ਹੈ।

**ਰਾਜਕੁਮਾਰ**: ਤੂੰ ਬੜਾ ਮਸਖਰਾ ਹੈਂ। ਕਦੀ ਰਾਣੀਆਂ ਨੇ ਭੀ ਸ਼ਗਨ ਭੇਜੇ ਹਨ? ਰਾਣੀ ਰਾਜਾ ਦੀ ਹੁੰਦੀ ਹੈ। ਫਿਰ ਰਾਜਾ ਦੇ ਹੁੰਦਿਆਂ ਰਾਣੀ ਕਦ ਸ਼ਗਨ ਭੇਜ ਸਕਦੀ ਹੈ, ਆਪਣਾ ਸ਼ਗਨ ਕਦੀ ਕਿਸੇ ਰਾਣੀ ਨੇ ਆਦਿ ਜੁਗਾਦ ਵਿਚ ਭੇਜਿਆ ਹੈ? ਇਹ ਮਸਖਰੀ ਵੀ ਡਾਢੀ ਅਨੋਖੀ ਹੈ!

**ਮਹਿਕਾ**: (ਬੜੇ ਅਦਬ ਨਾਲ) ਹਜ਼ੂਰ ਮੇਰੀ ਕਮੀਨ ਨਾਈ ਦੀ ਕੀ

---

੧. ਰਾਜ ਕੁਮਾਰ ਮੰਨਾ ਸਿੰਘ ਦੀ ਸੰਸੈ ਬ੍ਰਿਤੀ। ੨. ਉਪਰੇ।

ਮਜਾਲ ਹੈ ਜੋ ਮਹਾਰਾਜਿਆਂ ਨਾਲ ਮਸਖਰੀ ਕਰਾਂ। ਪਰ ਏਵੇਂ ਰਤਾ ਕੁ ਇਸ ਗਲ ਵਿਚ ਵਲ ਹੈ। ਬਿਅਦਬੀ ਮਾਫ਼ ਹੋਵੇ ਤਾਂ ਕੁਝ ਅਰਜ ਕਰਾਂ। ਅਸੀਂ ਨਾਈ ਲੋਕ ਵਤੀਸਰ ਰਾਜਕੁਮਾਰੀਆਂ ਦੇ ਸ਼ਗਨ ਓਨਾਂ ਦੇ ਮਾਪਿਆਂ ਦੇ ਰਾਹੀਂ ਲੈਕੇ ਵਰ ਘਰ ਨੂੰ ਢੂੰਢਣ ਲਈ ਦੇਸਾਂ ਪਰਦੇਸਾਂ ਵਿਚ ਜਾਂਦੇ ਹਾਂ। ਪਰ ਏਥੇ ਤਾਂ ਮਹਾਰਾਜ, ਰਾਣੀ ਸਾਹਿਬ ਨੇ ਆਪਣਾ ਵਰ ਆਪਨੂੰ ਆਪੇ ਹੀ ਢੂੰਢ ਕਢਿਆ ਹੈ ਮੈਂ ਤਾਂ ਨਿਰਾ ਸ਼ਗਨ ਹੀ ਲੈਕੇ ਹਜ਼ੂਰ ਦੇ ਚਰਨਾਂ ਵਿਚ ਹਾਜ਼ਰ ਆਣ ਹੋਇਆ ਹਾਂ।

**ਰਾਜਕੁਮਾਰ:** ਇਸਦੇ ਮਾਪਿਆਂ ਦੇ ਹਥੀਂ ਸ਼ਗਨ ਕਿਉਂ ਨ ਲਿਆਇਆ।

**ਮਹਿਕਾ:** ਮਹਾਰਾਜ ਜੀ ਇਹ ਰਾਣੀ ਪਤੀ ਪਿਤਾ ਰਹਤ ਹੈ। ਇਹ ਸ਼ਗਨ ਰਾਣੀ ਦਾ ਆਪਣਾ ਸ਼ਗਨ ਭੇਜਿਆ ਹੋਇਆ ਹੈ।

**ਰਾਜਕੁਮਾਰ:** ਹਛਾ ਇਹ ਕੋਈ ਵਿਧਵਾ ਰਾਣੀ ਹੈ, ਪਰੰਤੂ ਮੈਂ ਤਾਂ ਆਪ ਇਸਤ੍ਰੀ ਵਾਲਾ ਹਾਂ ਅਤੇ ਮਾਤਾ ਪਿਤਾ ਵਾਲਾ ਵੀ ਹਾਂ। ਇਹ ਸ਼ਗਨ ਵਿਧਵਾ ਰਾਣੀ ਦਾ ਕਿਸ ਤਰਹ ਲੈ ਲਵਾਂ।

**ਮਹਿਕਾ:** ਮਹਾਰਾਜ ਆਪਦਾ ਜੁਗ ਜੁਗ ਰਾਜ ਰਵਹ। ਰਾਜਿਆਂ ਮਹਾਰਾਜਿਆਂ ਦੇ ਮਹਲਾਂ ਵਿਚ ਅਨੇਕਾਂ ਰਾਣੀਆਂ ਹੁੰਦੀਆਂ ਹਨ ਓਨਹਾਂ ਵਿਚ ਇਹ ਰਾਣੀ ਵੀ ਆਪਦੀ ਸੇਵਾਦਾਰ ਬਣੀ ਰਹੇਗੀ। ਗਰੀਬਨਵਾਜ ਜੀ ਮੇਰਾ ਮੂੰਹ ਛੋਟਾ ਹੈ ਪਰ ਬਾਤ ਜਰਾ ਕੁ ਬੜੀ ਹੈ ਇਸ ਲਈ ਬੇਅਦਬੀ ਮਾਫ਼। ਸਾਡੀ ਮਹਾਰਾਣੀ ਸਾਹਿਬਾ ਨੇ ਅਗੇ ਹਜ਼ੂਰ ਦੀ ਸੇਵਾ ਵਿਚ ਬੇਨਤੀਆਂ ਕਰ ਕਰ ਭੇਜੀਆਂ ਪਰ ਸਰਕਾਰ ਵਲੋਂ ਮੋੜਵਾਂ ਕੋਈ ਉਤ੍ਰ ਨਾ ਪਹੁੰਚਣ ਕਰਕੇ ਵਿਚਾਰਿਆ ਕਿ ਮਹਾਰਾਜ ਜੀ ਦੀ ਮਰਜ਼ੀ ਤਾਂ ਹੈ ਕਿਉਂਕਿ 'ਚੁਪ ਰਹਿਣਾ ਅਧ ਰਾਜ਼ੀ ਹੋਣ ਦੀ ਨਿਸ਼ਾਨੀ ਹੁੰਦੀ ਹੈ' ਪਰ ਮੇਰੇ ਦੂਸਰੀ ਵਾਰ ਵਿਆਹੇ ਹੋਣ ਦੇ ਕਾਰਣ ਪ੍ਰਗਟ ਨਹੀਂ ਕੀਤਾ ਚਾਹੁੰਦੇ। ਇਸ ਗੁਪਤ ਮਤੇ ਨੂੰ ਚੁਪ ਗੁਪ ਹੀ ਨਿਰਬਾਹ ਕਰਣ ਲਈ ਸ਼ਗਨ ਆਪ ਦੀ ਸੇਵਾ ਵਿਚ ਭੇਜਿਆ ਹੈ। ਮੈਂ ਭੀ ਰਾਣੀ ਸਾਹਿਬ ਦੇ ਇਸ ਅਨੁਮਾਨ ਨੂੰ ਪ੍ਰਮਾਣੀਕ ਹੀ ਜਾਤਾ ਅਤੇ ਇਕਾਂਤ ਵਿਚ ਆਪਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ।

**ਰਾਜਕੁਮਾਰ**: ਵਾਹਵਾ ਰਾਣੀ ਤਾਂ ਨਿਆਇ ਸ਼ਾਸ਼ਤ੍ਰ ਦੀ ਪੰਡਤਾ ਹੈ। ਇਜੇਹੀ ਚਾਤੁਰੀ ਦਾ ਢਾਂਚਾ ਉਹ ਕਿਸ ਦੇਸ ਦੀ ਰਾਣੀ ਹੈ?

**ਮਹਿਕਾ**: ਹਜ਼ੂਰ ਓਹ ਮੜੋਲੀ ਨਾਮੇ ਇਕ ਨਗਰ ਦੀ ਰਾਣੀ ਹੈ।

**ਰਾਜਕੁਮਾਰ**: ਉਸਦੇ ਰਾਜਾ ਦੀ ਕੀ ਨਾਉਂ ਸੀ?

**ਮਹਿਕਾ**: ਜੀ ਉਸ ਦਾ ਨਾਉਂ ਰਾਜਾ ਵਿਦੇਹ ਸਾ।

**ਰਾਜਕੁਮਾਰ**: ਉਸਦਾ ਨਾਮ ਕੀ ਹੈ?

**ਮਹਿਕਾ**: ਸ੍ਰੀਮਤੀ ਮਹਾਂ ਰੂਪਵਤੀ ਸਾਰੇ ਜਗਤ ਵਿਚ ਪ੍ਰਗਟ ਰਾਜ ਰਾਜੇਸ਼੍ਰੂਰੀ ਮਹਾਂਰਾਣੀ ਰੂਪ ਕੌਰ ਸਾਹਿਬਾ ਜੀ ਹੈ।

**ਰਾਜਕੁਮਾਰ**: (ਚੌਂਕ ਕੇ) ਤੂੰ ਰੂਪ ਕੌਰ ਦਾ ਨਾਈ ਹੈ?

**ਮਹਿਕਾ**: ਜੀ ਹਜ਼ੂਰ ਦਾ ਟਹਲ ਵਾਲਾ ਗੁਲਾਮ।

**ਰਾਜਕੁਮਾਰ**: ਸਾਨੂੰ ਤਾਂ ਅਜ ਤਕ ਰਾਣੀ ਰੂਪ ਕੌਰ ਦਾ ਪਤਾ ਹੀ ਕੁਝ ਨ ਸੋ ਲਗਾਦਾ ਪਰੰਤੂ ਤੇਰੇ ਡੂੰਘੇ ਨਜਾਇ ਦੀ ਘੋਟ ਵਿਚ ਰੂਪ ਕੌਰ ਦਾ ਪਤਾ ਚਮਕ ਆਇਆ।

**ਮਹਿਕਾ**: (ਮੌਕਾ ਦੇਖਕੇ ਅਤੇ ਬੜੀ ਦਿਲੇਰੀ ਨਾਲ) ਹਜ਼ੂਰ ਇਹ ਸ਼ਗਨ ਹੈ। ਇਸ ਵੇਲੇ ਸਾਇਤ* ਵੀ ਅਛੀ ਹੈ। ਛੁਹਾਰਾ ਆਪ ਦੇ ਮੂੰਹ ਲਗ ਜਾਵੇ ਤਾਂ ਠੀਕ ਹੈ। ਪੰਡਤ ਰਸਰਾਜ ਜੀ ਭੀ 'ਮੁਖ ਮੂੰਹੇ' ਦਰਵਾਜੇ ਤੇ ਹਾਜ਼ਰ ਹਨ। ਹੁਕਮ ਹੋਵੇ ਤਾਂ ਸ਼ਗਨ ਮੂੰਹ ਲਗਵਾ ਜਾਣ।

**ਰਾਜਕੁਮਾਰ**: (ਆਪਣੇ ਆਪ ਨੂੰ ਸੰਭਾਲ ਕੇ) ਮੈਂ ਸੁਤੰਤ੍ਰ ਨਹੀਂ ਹਾਂ। ਮੇਰੇ ਸਿਰ ਪਰ ਮਾਤਾ ਪਿਤਾ ਹਨ। ਓਹੋ ਮਾਲਕ ਹਨ। ਓਹਨਾਂ ਦੀ ਆਗਜਾ ਬਿਨਾਂ ਮੈਂ ਸ਼ਗਨ ਅੰਗੀਕਾਰ ਨਹੀਂ ਕਰ ਸਕਦਾ।

**ਮਹਿਕਾ**: ਹਜ਼ੂਰ ਟਹਲ ਵਾਲੇ ਦੀ ਜਾਨ ਬਖਸ਼ੀ ਕਰੋ ਤਾਂ ਅਰਜ਼ ਕਰਾਂ। ਇਹ ਵਿਆਹ ਜੇ ਕਦੀ ਸਰਕਾਰ ਨੇ ਸੰਸਾਰ ਵਿਚ ਪ੍ਰਗਟ ਹੋਕੇ ਵਾਜਿਆਂ ਗਾਜਿਆਂ ਨਾਲ ਕਰਨਾ ਹੋਵੇ ਤਾਂ ਗੁਲਾਮ ਵਡੇ ਮਹਾਰਾਜ ਦੀ ਸੇਵਾ ਵਿਚ ਹਾਜ਼ਰ ਹੋ ਕੇ ਬੇਨਤੀ ਕਰੇ।

* ਸਾਇਤ=੨੪ ਮਿੰਟ ਦਾ ਸਮਾਂ। ਮਹੂਰਤ ਵਲ ਇਸ਼ਾਰਾ ਜਾਪਦਾ ਹੈ। –ਸੰਪਾਦਕ

**ਰਾਜਕੁਮਾਰ**: ਤੇਰੀ ਪਹੁੰਚ ਮਹਾਰਾਜ ਤਕ ਨਹੀਂ ਹੈ।

**ਮਹਿਕਾ**: ਹਜ਼ੂਰ ਮੈਂ ਮਹਲਾਂ ਦੇ ਰਸਤੇ ਦਾ ਜਾਣੂ ਹਾਂ। ਗੁਣ ਦੂਬਜ ਆਦਿਕ ਵਿੰਗੀਆਂ ਤੇ ਲੰਮੀਆਂ ਕੂੰਜ ਗਲੀਆਂ ਲੰਘ ਕੇ ਚਿਦਾਕਾਸ (ਚਿਤ ਜਹਾ ਬ੍ਰਹਮ ਦਾ ਨਿਵਾਸ) ਵਾਲੀ ਘਾਟੀ ਉਤਰ ਕੇ ਭਾਗ ਤਜਾਗ ਆਦਿਕਾਂ ਲਛਨਾਂ ਦ੍ਵਾਰੇ ਸਿਧਾ ਮਹਾਰਾਜ ਦੇ ਮਹਲ ਦਾ ਰਾਹ ਹੈ। ਅਸਾਂ ਲਾਗੀਆਂ ਲੋਕਾਂ ਦੀ ਸਾਰੀ ਉਮਰ ਬੁਤੀਆਂ ਹੀ ਕਢਦਿਆਂ ਬੀਤਦੀ ਹੈ। ਭਾਵੇਂ ਇਹ ਰਾਹ ਔਖੇਰੇ ਹਨ ਪਰ ਅਸੀਂ ਲੋਕ ਨਜਾਈ ਜੋ ਹੋਏ ਇਸ ਲਈ ਔਖੇ ਸੌਖੇ ਰਾਹ ਲੰਘ ਹੀ ਲਈਦੇ ਹਨ।

ਇਹ ਕਹਿੰਦਾ ਹੋਇਆ ਉਠ ਖੜੋਤਾ ਅਤੇ ਝੁਕ ਕੇ ਬੜੇ ਅਦਬ ਨਾਲ ਫਤੇ ਬੁਲਾਕੇ ਅਸੀਸਾਂ ਦੇਂਦਾ ਟੁਰ ਪਿਆ ਅਤੇ ਰਾਹ ਵਿਚ ਕੇਈ ਘਟ ਭੰਨੇ, ਕੇਈ ਪਟ ਪਾੜੇ। ਅਧਾਰਾਂ ਨੂੰ ਆਸਰੇ ਬਣਾ ਬਣਾ ਕੇ ਤਿਲਕੇ। ਕਿਤੇ ਸੰਮਲੇ, ਕਿਤੇ ਚੁਫਾਲ ਡਿਗ ਪਏ। ਕਿਤੇ ਜੁਗਤੀ ਦੀ ਬਲਮ ਦੇ ਆਸਰੇ ਲੰਘੇ। ਕਿਤੇ ਅਨੁਮਾਨ ਕਰਦੇ ਬੈਠ ਗਏ। ਕਿਤੇ ਦ੍ਰਿਸ਼ਟਾਂਤਾਂ ਦੇ ਟਿਲੇ ਤੇ ਚੜੇ। ਕਿਤੇ ਪ੍ਰਮਾਨ ਕਰਦੇ ਲੇਟ ਗਏ। ਕਿਤੇ ਏਵੇਂ ਮਚਲ ਗਏ। ਪਰ ਓੜਕ ਥਕ ਹੁਟ ਟੁਟ ਮਰ ਖਪਕੇ ਮਾਨੋ ਮਹਲਾਂ ਦੇ ਦਰਵਾਜੇ ਅਗੇ ਪਹੁੰਚ ਪਏ। ਅਗੇ ਦਰਵਾਜੇ ਬੰਦ। ਬਤੇਰਾ ਦਰਵਾਜਾ ਹਲਾਇਆ, ਖੜਕਾਇਆ, ਵਾਜਾਂ ਮਾਰੀਆਂ, ਕਿੰਨਾਕੁ ਚਿਰ ਠਕ ਠਕ ਕੀਤੀ, ਕੇਈ ਲਛਨ ਲਾਏ, ਕੇਈ ਬਾਕੀਆਂ ਕਢੀਆਂ, ਪਰ ਮੋੜਵਾਂ ਉਤ੍ਰ ਕੋਈ ਨਾ ਮਿਲਿਆ। ਸਗੋਂ ਮਹਲ ਦੇ ਸਾਹਮਣੇ ਦਰਵਾਜੇ ਤੇ ਬੜੇ ਮੋਟੇ ਅਖਰਾਂ ਵਿਚ ਇਹ ਕੁਝ ਲਿਖਿਆ ਦੇਖਕੇ ਨਿਰਾਸ ਹੋ ਗਿਆ।

**"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥੧॥ਮ:੫॥ ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ॥ ਜਿਨ੍ਹਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥੨॥"**

[ਮਾਰੂ ਮ:੫, ਪਉੜੀ ੨੩ਵੀਂ, ਪੰਨਾ–੧੧੦੨]

ਓੜਕ ਨੂੰ ਅਕ ਥਕ ਕੇ ਵੇਦਾਂਤ ਨਾਮੀ ਘਾਟੀ ਦੇ ਰਾਹੋਂ ਉਤਰ ਕੇ ਹੇਠਾਂ ਨੂੰ ਖਿਸਕਦੇ ਹੋਏ।

ੴ ਸਤਿਗੁਰ ਪ੍ਰਸਾਦਿ

**"ਜੋ ਪਰਾਇਓ ਸੋਈ ਅਪਨਾ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ॥੧॥ ਕਹਹੁ ਗੁਸਾਈ ਮਿਲੀਐ ਕੇਹ॥ ਜੋ ਬਿਬਰਜਤ ਤਿਸ ਸਿਉ ਨੇਹ॥੧॥ਰਹਾਉ॥ ਝੂਠੁ ਬਾਤ ਸਾ ਸਚੁ ਕਰਿ ਜਾਤੀ॥ ਸਤਿ ਹੋਵਨੁ ਮਨਿ ਲਗੈ ਨ ਰਾਤੀ॥੨॥ ਬਾਵੈ ਮਾਰਗੁ ਟੇਡਾ ਚਲਨਾ॥ ਸੀਧਾ ਛੋਡਿ ਅਪੂਠਾ ਬੁਨਨਾ॥ ੩॥ ਦੋਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ"॥੪॥੨੯॥੯੮॥** [ਰਾਗ ਗਾਉੜੀ ਗੁਆਰੇਰੀ ਮਹਲਾ ੫, ਪੰਨਾ-੧੮੫]

**"ਬਸਇ ਕਰੋਧੁ ਸਰੀਰਿ ਚੰਡਾਰਾ॥ ਅਗਿਆਨੀ ਨ ਸੂਝੈ ਮਹਾ ਗੁਬਾਰਾ॥੩॥ ਭ੍ਰਮਤ ਬਿਆਪਤ ਜਰੇ ਕਿਵਾਰਾ॥ ਜਾਣੁ ਨ ਪਾਈਐ ਪ੍ਰਭ ਦਰਬਾਰਾ॥੪॥ ਆਸਾ ਅੰਦੇਸਾ ਬੰਧਿ ਪਰਾਨਾ॥ ਮਹਲੁ ਨ ਪਾਵੈ ਫਿਰਤ ਬਿਗਾਨਾ॥"**

[ਸੂ:ਅਸਟ ੧, ਮ:੫, ਪੰਨਾ-੭੫੯]

ਏਧਰ ਗਿਆਨੀ ਸੁਚਜਾ ਸਿੰਘ ਹੋਰੀ ਅਚਾਨਕ ਟਿਕਾ ਸਾਹਿਬ ਪਾਸ ਆਣ ਪੁਜੇ। ਅਗੋਂ ਰਾਜਕੁਮਾਰ ਨੇ ਉਠਕੇ ਬਹੁਤ ਹੀ ਸਾਰਾ ਆਦਰ ਸਨਮਾਨ ਤੇ ਸਤਕਾਰ ਕਰਕੇ ਭਾਈ ਸਾਹਿਬ ਨੂੰ ਆਪਣੇ ਨਾਲੋਂ ਸ੍ਰੇਸ਼ਟ ਆਸਨ ਪਰ ਬਿਠਾਇਆ ਤੇ ਹੱਥ ਜੋੜ ਕੇ ਫਤੇ ਗਜਾਈ। ਗਜਾਨੀ ਸਿੰਘ ਹੋਰਾਂ ਫਤੇ ਦਾ ਉਤ੍ਰ ਦੇਕੇ ਕੁਸਲ ਪ੍ਰਸ਼ਨ ਪੁਛਿਆ। ਉਪਰੰਤ ਨਾਲ ਹੀ ਰਾਣੀ ਰੂਪ ਕੌਰ ਦੀ ਖਬਰ ਪੁਛੀ। ਰਾਜਕੁਮਾਰ ਚੁਕੰਨਾ ਜੇਹਾ ਹੋਕੇ ਕਹਿਣ ਲਗਾ ਕਿ ਮਹਾਰਾਜ ਜੀ ਆਪ ਨੂੰ ਰੂਪ ਕੌਰ ਦਾ ਕੀਕਰ ਪਤਾ ਹੈ?

**ਗਜਾਨੀ ਸਿੰਘ**: ਸਾਨੂੰ ਖਬਰ ਆਪ ਮਹਾਰਾਜ ਨੇ ਕੀਤੀ ਹੈ ਅਤੇ ਉਚੇਚਾ ਤੁਹਾਡੀ ਵਲ ਭੇਜਿਆ ਹੈ।

**ਰਾਜਕੁਮਾਰ**: ਜੀ ਠੀਕ ਹੈ! ਕਲ ਨਜਾਈ, ਮਹਾਰਾਜ ਦੀ ਸੇਵਾ ਵਿਚ ਗਇਆ ਸਾ। ਨਹੀਂ ਮਾਲੂਮ ਮਹਾਰਾਜ ਨੇ ਉਸਨੂੰ ਕੀ ਹੁਕਮ ਫੁਰਮਾਇਆ।

**ਗਜਾਨੀ ਸਿੰਘ**: ਓਸ ਦਰਗਾਹ ਵਿਚ ਨਿਰੇ ਨਜਾਇਕਾਂ ਦਾ ਕੀ ਵਟੀਂਦਾ (ਮੁੱਲ ਪੈਂਦਾ) ਹੈ, ਤੇ ਏਹੋ ਜੇਹੇ ਕੰਮੀਆਂ ਨੂੰ ਮਹਾਰਾਜ ਦੇ ਦਰਸ਼ਨ ਕਿਥੇ

ਧਰੇ ਪਏ ਹਨ। ਉਸ ਦਰਗਾਹ ਵਿਚ ਤਾਂ "**ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ**"[ਪੰਨਾ-੭੬੧] ਵਾਲੀ ਗਲ ਹੈ। ਓਹ ਨਜਾਇਕ ਆਪਣੇ ਘਟ ਪਟ ਭੰਨ ਤੋੜਕੇ ਅੱਕ ਥੱਕ ਕੇ ਬਾਹਰੋਂ ਮੁੜ ਗਿਆ ਸੀ।

**ਰਾਜਕੁਮਾਰ**: ਮੁੜਦਾ ਹੋਇਆ ਇਸ ਰਸਤੇ ਤਾਂ ਨਹੀਂ ਲੰਘਿਆ।

**ਗਜਾਨੀ ਸਿੰਘ**: ਓਹ ਵੇਦਾਂਤ ਦੀ ਘਾਟੀ 'ਅਹੰ ਬ੍ਰਹਮਾਸਮਿ' ਦੀ ਗਲੀ ਥਾਣੀਂ ਗੁਜਰ ਗਇਆ ਸਾ। ਲੌ ਹੁਣ ਤੁਸੀਂ ਦਸੋ ਕਿ ਤੁਸੀਂ ਕੁਲੀਨ ਰਾਜਕੁਮਾਰ, ਤਿਸੀ ਪਰ ਵਿਦ੍ਵਾਨ, ਵਿਚਾਰਵਾਨ, ਪਰਮਾਰਥ ਦੇ ਜਾਣਨੇ ਵਾਲੇ, ਇਸਤ੍ਰੀ ਬ੍ਰਤ ਧਰਮ ਨੂੰ ਭਲੀ ਪ੍ਰਕਾਰ ਸਮਝਣ ਵਾਲੇ ਹੋਕੇ ਫਿਰ ਧੋਖੇ ਦੀ ਰਟੀਆਂ ਰੰਡੀਆਂ ਦੇ ਪ੍ਰੀਤਮ ਬਣਨ ਲਗੇ ਹੋ? ਇਹ ਕੀ ਗਲ ਹੈ? ਰੰਡੀ ਵੀ ਐਸੀ ਰੰਡੀ ਮੁੰਡੀ, ਮੁਸ਼ਟੰਡੀ, ਛੜੀ ਛੰਡੀ, ਕਿ ਜਿਸਦਾ ਨਾ ਕੁਲ ਦਾ ਪਤਾ, ਨਾ ਕੁਝ ਮਾਤਾ ਪਿਤਾ ਦਾ ਥਹੁ ਖਿਤਾ, ਨਾ ਜਾਤ ਪਾਤ ਦਾ ਵਰਤਾਅ, ਨਾ ਉਸਦੀ ਖੋ ਬੋ ਦੀ ਵਾਕਫੀਅਤ, ਫਿਰ ਆਪ ਉਸ ਦੀ ਕਿਸ ਖ਼ੂਬੀ ਤੇ ਰੀਝੇ ਹੋ ਜੋ ਮਹਾਰਾਜ ਤਕ ਨਾਈ ਵੀ ਭੇਜ ਦਿਤੇ ਆਪ ਭੀ ਤਜਾਰੀ ਦੀਆਂ ਸੋਚਾਂ ਵਿਚ ਮਗਨ ਬੈਠੇ ਹੋ। 'ਸੁਮਤੀ' ਅਤੇ ਆਪਦੀ ਜੋੜੀ ਜੁਗ ਜੁਗ ਜੀਵੇ। ਐਸੀ ਕੁਲੀਨ, ਪਤਿਬ੍ਰਤਾ, ਮਨੋਗਜ[1], ਵਿਦਵਾਨ, ਸੁਸੀਲ, ਸੁਕੁਮਾਰਿ[2] ਵਿਵਾਹਤਾ ਇਸਤ੍ਰੀ ਦੇ ਘਰ ਹੁੰਦਿਆਂ ਸੁੰਦਿਆਂ ਆਪ ਜੈਸੇ ਰਾਜਕੁਮਾਰ ਵਾਸਤੇ ਕਿਸੇ ਹੋਰ ਪਰ ਰੀਝਣਾ ਭਾਰੀ ਸ਼ਰਮ ਅਤੇ ਹਾਨੀਕਾਰਕ ਬਾਰਤਾ ਹੈ ਤੇ ਉਜਲ ਬੰਸ ਨੂੰ ਕਲੰਕਤ ਕਰਨਾ ਹੈ।

**ਰਾਜਕੁਮਾਰ**: (ਹੱਥ ਜੋੜ ਕੇ) ਗਰੀਬਨਵਾਜ ਜੀ! ਮੈਂ ਨਹੀਂ ਰੀਝਯਾ। ਮੈਂ ਉਸਦੇ ਥੌਹ ਪਤੇ ਤੋਂ ਵੀ ਬੇ-ਪਤਾ ਹਾਂ। ਪਰੰਤੂ ਓਸ ਰੂਪੋ ਕਰੂਪੋ ਦੇ ਚਿਠੌੜ ਅਤੇ ਸਨੇਹੇ ਮੇਰੇ ਪਾਸ ਪੁਜੇ ਹਨ। ਛੇਕੜ ਜਦ ਨਾਈ ਸ਼ਗਨ ਹੀ ਲੈਕੇ ਆਨ ਪੁਜਾ ਤਾਂ ਮਹਾਰਾਜ ਜੀ ਦੇ ਹਜ਼ੂਰ ਭੇਜ ਦਿਤਾ ਗਇਆ ਹੈ। ਹੁਣ ਜੋ ਕੁਝ ਹੁਕਮ ਆਵੇ ਸੋ ਪ੍ਰਵਾਨ ਕਰਾਂਗਾ। ਮੇਰਾ ਉਸ ਮੁੰਡੀ ਨਾਲ ਕੋਈ ਵਾਸਤਾ ਪ੍ਰਯੋਜਨ ਨਹੀਂ, ਅਤੇ ਨਾ ਕੋਈ ਜਾਣ ਪਹਿਚਾਣ ਹੈ।

---

੧. ਮਨ ਦੀ ਮਹਿਰਮ। ੨. ਰਾਜ ਕੰਨਜਾ।

ਗਜਾਨੀ ਸਿੰਘ:ਟਿਕਾ ਸਾਹਿਬ ਜੀ! ਇਹ ਗਲ ਸਚ ਹੈ ਕਿ ਆਪ ਉਸ ਨੂੰ ਨਹੀਂ ਜਾਣਦੇ ਪਰ ਅਸੀਂ ਉਸਦੇ ਹਾਲ ਚਾਲ ਤੁਹਾਨੂੰ ਦਸ ਦੇਂਦੇ ਹਾਂ। ਉਸਦੇ ਫੰਦੇ ਫਰੇਬ ਤੋਂ ਬਚਕੇ ਰਹਿਣਾ। ਉਹ ਠਗਣੀ ਹੈ, ਉਹ ਜਾਦੂਗਰਨੀ ਹੈ, ਉਸਨੇ ਜਾਦੂ ਦੇ ਜੋਰ ਨਾਲ ਸਭ ਨੂੰ ਵਸ ਕੀਤਾ ਹੈ। ਓਸਨੇ ਸਭ ਦੇ ਸਿਰ ਸੁਆਹ ਧੂੜੀ ਹੈ। ਸਾਰੇ ਉਸਦੇ ਨਚਾਏ ਪਏ ਨਚਦੇ ਹਨ। ਪਰੰਤੂ ਸੂਰਮੇ ਤੇ ਬਹਾਦਰ ਉਹ ਗਿਣੇ ਜਾਂਦੇ ਹਨ ਜਿਨ੍ਹਾਂ ਨੇ ਇਸਨੂੰ ਜਿਤਿਆ ਹੈ। ਇਸਦੇ ਕਰਤਬ ਕੀ ਕੀ ਤੁਹਾਨੂੰ ਸੁਣਾਈਏ। ਇਹੁ ਇਕ ਇੱਕਲੀ ਇਕੋ ਜੇਹੀ ਸਭਨਾਂ ਤੇ ਭਾਰੂ ਹੈ। ਇਸਦੇ ਫਟੇ ਕਦੇ ਰਾਜੀ ਨਹੀਂ ਹੋਏ। ਇਸਦੇ ਡੰਗੇ ਹੋਏ ਕਦੀ ਨਹੀਂ ਬਚੇ। ਲਓ ਸੁਣੋ ਇਹ ਕੀ ਆਫ਼ਤ ਹੈ।

**"ਜਲ ਮਹਿ ਮੀਨ ਮਾਇਆ ਕੇ ਬੇਧੇ॥ ਦੀਪਕ ਪਤੰਗ ਮਾਇਆ ਕੇ ਛੇਦੇ॥ ਕਾਮ ਮਾਇਆ ਕੁੰਚਰ ਕਉ ਬਿਆਪੈ॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ॥੧॥ ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥੧॥ਰਹਾਉ॥ ਪੰਖੀ ਮ੍ਰਿਗ ਮਾਇਆ ਮਹਿ ਰਾਤੇ॥ ਸਾਕਰ ਮਾਖੀ ਅਧਿਕ ਸੰਤਾਪੇ॥ ਤੁਰੇ ਉਸਟ ਮਾਇਆ ਮਹਿ ਭੇਲਾ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ॥੨॥ ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰ ਚੰਦਾ॥ ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥੩॥ ਸੁਆਨ ਸਿਆਲ ਮਾਇਆ ਮਹਿ ਰਾਤਾ॥ ਬੰਤਰ ਚੀਤੇ ਅਰੁ ਸਿੰਘਾਤਾ॥ ਮਾਂਜਾਰ ਗਾਡਰ ਅਰੁ ਲੂਬਰਾ॥ ਬਿਰਖ ਮੂਲ ਮਾਇਆ ਮਹਿ ਪਰਾ॥੪॥ ਮਾਇਆ ਅੰਤਰਿ ਭੀਨੇ ਦੇਵ॥ ਸਾਗਰ ਇੰਦ੍ਰਾ ਅਰੁ ਧਰਤੇਵ॥ ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥ ਤਬ ਛੂਟੇ ਜਬ ਸਾਧੂ ਪਾਇਆ॥"੫॥**

[ਭੈਰੋ:ਕਬੀਰ, ਪੰਨਾ-੧੧੬੦]

**"ਰਾਜੁ ਮਾਲੁ ਰੂਪ ਜਾਤਿ ਜੋਬਨੁ ਪੰਜੇ ਠਗ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥"**

[ਵਾਰ ਮਲਾਰ ਪਉੜੀ ੨੩ਵੀਂ, ਮ:੪, ਪੰਨਾ-੧੨੮੮]

ਲਓ ਹੁਣ ਤੁਸੀ ਸਭੋ ਕੁਝ ਸਮਝ ਲਿਆ ਹੈ, ਖਬਰਦਾਰ ਰਹਿਣਾ। ਉਸਦੇ ਮਥੇ ਨਹੀਂ ਲਗਣਾ। ਜਦ ਮਥੇ ਲਗੋਗੇ ਉਸਦਾ ਜੋਰ ਚਲ ਜਾਏਗਾ, ਕਾਬੂ ਕਰ ਲਏਗੀ। ਫਿਰ ਕਿਸੇ ਜਤਨ ਵੀ ਨਹੀਂ ਛੁਟ ਸਕੋਗੇ। ਇਸ ਲਈ ਦ੍ਵਾਰਪਾਲਾਂ ਨੂੰ ਹੁਕਮ ਕਰੋ ਕਿ ਰੂਪ ਕੌਰ ਦਾ ਕੋਈ ਖਤ ਅਥਵਾ ਸਨੇਹਾ ਆਵੇ ਤਾਂ ਅੰਦਰ ਨਹੀਂ ਲੰਘਣ ਦੇਣਾ ਬਾਹਰੋ ਬਾਹਰ ਹੀ ਝਾੜ ਕੇ ਕੱਢ ਦੇਣਾ।

**ਰਾਜਕੁਮਾਰ ਮੈਨਾ ਸਿੰਘ ਜੀ**: ਸਤ ਬਚਨ! ਅਜ ਤੋਂ ਏਹੋ ਹੀ ਬੰਦੋਬਸਤ ਕਰਾਂਗਾ। ਅਗੇ ਜੋ ਹੁਕਮ ਹੋਵੇ।

**ਗਜਾਨੀ ਸਿੰਘ**: ਤੇ ਆਪ ਇਹ ਕਰਨਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਨਿਤ ਨੇਮ ਵਿਚ ਸਾਵਧਾਨ ਰੈਹਣਾ।

ਇਹ ਕਹਿ ਸੁਣਕੇ ਗਜਾਨੀ ਸਿੰਘ ਹੋਰੀ ਵਿਦਾ ਹੋਏ। ਰਾਜਕੁਮਾਰ ਦਰਵਾਜੇ ਤਕ ਨਾਲ ਆਇਆ। ਬੜੇ ਅਦਬ ਨਾਲ ਸਿਰ ਨੀਵਾਂ ਕਰ ਕੇ ਫਤੇ ਗਜਾਈ। ਮੁੜਕੇ ਆ ਆਪਣੇ ਸਿੰਘਾਸਨ ਪਰ ਟਿਕਾ ਸਾਹਿਬ ਮੈਨਾ ਸਿੰਘ ਜੀ ਬਿਰਾਜਮਾਨ ਹੋਏ। ਰੂਪ ਕੌਰ ਦੀ ਬਾਬਤ ਜੋ ਕੁਝ ਗਜਾਨੀ ਸਿੰਘ ਹੋਰਾਂ ਆਖਿਆ ਸੀ ਉਸਨੂੰ ਚੰਗੀ ਤਰਹ ਵਿਚਾਰ ਹੀ ਰਹੇ ਸਨ ਕਿ ਇੰਨੇ ਤਕ ਨੈਣੂ ਦਰਵਾਜਿਆਂ ਦੇ ਚੋਬਦਾਰ ਦੌੜੇ ਦੌੜੇ ਹਫ਼ੇ ਹੋਏ, ਜਿਨ੍ਹਾਂ ਦੀ ਖਲ ਵਿਚ ਸਾਹ ਨਹੀਂ ਮੇਉਂ ਸਕਦਾ ਸੀ, ਆਏ। ਘਾਬਰਿਆਂ ਹੋਇਆਂ ਨੂੰ ਅਦਬ ਅਤੇ ਫਤੇ ਦੀ ਮਰਯਾਦਾ ਵਰਤਣੀ ਬੀ ਭੁਲ ਗਈ। ਸਹਕਦੇ ਸੁਾਸਾਂ ਅਤੇ ਟੁਟੇ ਹੋਏ ਬਚਨਾਂ ਵਿਚ ਇਹੋ ਕਹੀ ਜਾਂਦੇ ਸਨ। ਮਹਾਰਾਜ ਅਕਾਲ ਪੁਰਖ ਆਪਦਾ ਸਹਾਈ ਹੋਵੇ। ਜਦ ਬਹੁਤੀ ਵਾਰੀ ਏਹੋ ਗਲ ਸੁਣੀ ਤੇ ਘਬਰਾਹਟ ਵੀ ਹਦੋਂ ਵਧੀ ਹੋਈ ਦੇਖੀ ਤਾਂ ਟਿਕਾ ਸਾਹਿਬ ਜੀ ਨੇ ਆਖਿਆ ਜਰਾ ਧੀਰਜ ਨਾਲ ਗਲ ਕਰੋ। ਇਡੀ ਵਡੀ ਘਬਰਾਹਟ ਕਿਸ ਗਲ ਦੀ ਹੈ। ਇਹ ਕੈਸੀ ਔਕੜ ਹੈ। ਅਰਾਮ ਨਾਲ ਸਾਰੀ ਵਾਰਤਾ ਆਖੋ ਤਾਂ ਸਮਝ ਵਿਚ ਆਵੇ।

**ਚੋਬਦਾਰ**: ਹਜ਼ੂਰ ਕਿਲੇ ਦੇ ਬੂਹੇ ਅਗੇ ਅਚਨਚੇਤੀ ਅਗ ਬਰਸਨ ਲਗ ਪਈ ਹੈ। ਕੁਝ ਦੁਰਾਡੀ ਜੇਹੀ ਫੌਜ ਵੀ ਆਂਵਦੀ ਜਾਪਦੀ ਹੈ। ਅਚਰਜ ਇਹ ਹੈ ਕਿ ਨਿਰੀ ਅਗ ਹੀ ਅਗ ਦਿਸਦੀ ਹੈ ਅਗ ਵਾਲਾ ਕੋਈ ਨਹੀਂ ਦਿਸਦਾ।

ਅਗ ਵੀ ਕੋਈ ਚਿਣਗਾਰੀਆਂ ਜਾਂ ਆਤਸ਼ਬਾਜ਼ੀ ਦੀਆਂ ਵਰਖਾ ਨਹੀਂ ਹਨ। ਵਡੇ ਬਲਦੇ ਬਲਦੇ ਚੁਆਤੇ ਭਖਦੇ ਭਖਦੇ ਜਾਂਡੇ ਕੋਲਿਆਂ ਦਾ ਉਲਕਾਪਾਤ[1] ਹੋ ਰਿਹਾ ਹੈ। ਸਰਕਾਰ ਕੁਝ ਛੇਤੀ ਬੰਦੋਬਸਤ ਕਰੇ। ਅਥਵਾ ਵਡੇ ਮਹਾਰਾਜ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ ਨਹੀਂ ਤਾਂ ਇਹ ਕਿਲ੍ਹਾ ਪਲੋ ਪਲੀ ਵਿਚ ਸੁਾਹ ਹੋ ਜਾਏਗਾ।

**ਰਾਜਕੁਮਾਰ**: (ਹੈਰਾਨ ਹੋਕੇ) ਹੈਂ ਇਹ ਉਲਕਾਪਾਤ ਕੈਸਾ ? ਨਹੀਂ ਨਹੀਂ ਕਿਤੇ ਟਟੈਣੇ ਚਮਕਦੇ ਹੋਣਗੇ। (ਦਬੀ ਜ਼ਬਾਨ ਵਿਚ) ਨਹੀਂ ਹੁਣ ਤਾਂ ਦਿਨ ਦਾ ਵੇਲਾ ਹੈ ਟਿਟੈਣੇ ਕਦ ਚਮਕ ਸਕਦੇ ਹਨ।

ਇੰਨੇ ਤਕ ਹੋਰ ਪਹਰੇ ਵਾਲੇ ਸਿਰ ਤੋੜ ਦੌੜੇ ਆਏ ਤੇ ਕਹਿਣ ਲਗੇ ਮਹਾਰਾਜ ਆਪਦਾ ਸਤ ਧਰਮ ਸਹਾਈ ਹੋਵੇ। ਅਜੇ ਓਹ ਕੁਝ ਕਹਿਣ ਹੀ ਲਗੇ ਸਨ ਕਿ ਰਾਜਕੁਮਾਰ ਨੇ ਆਖਿਆ ਦਰਵਾਜੇ ਬੰਦ ਕਰ ਲਓ।

**ਪਹਰੇ ਵਾਲੇ**: ਹਜ਼ੂਰ ਏਹੋ ਰਪੋਟ ਦੇਣ ਲਈ ਹਾਜ਼ਰ ਹੋਏ ਹਾਂ ਕਿ ਦਰਵਾਜੇ ਬੰਦ ਕੀਤੇ ਗਏ ਹਨ ਪਰ ਅੱਗ ਦੀਆਂ ਲਾਟਾਂ ਦਰਵਾਜਿਆਂ ਦੇ ਅੰਦਰੋਂ ਵੀ ਨਿਕਲਣ ਲਗ ਪਈਆਂ ਹਨ। ਗਰੀਬ ਨਵਾਜ ਜੀ ਇਹ ਕਿਲਾ ਹੁਣੇ ਹੀ ਭਸਮੀ ਭੂਤ ਹੋਣ ਵਾਲਾ ਹੈ। ਜੇਕਰ ਕੁਝ ਉਪਾਉ ਹੋ ਸਕਦਾ ਹੈ ਤਾਂ ਬਹੁਤੀ ਫੁਰਤੀ ਕਰੋ। ਦੇਰੀ ਦਾ ਵਕਤ ਨਹੀਂ ਰਿਹਾ। ਰਾਜਕੁਮਾਰ ਨੇ ਜਦ ਏਹ ਡਾਢੀ ਡਰਾਉਣੀ ਅਤੇ ਦਿਲ ਕੰਬਾ ਦੇਣ ਵਾਲੀ ਖਬਰ ਸੁਣੀ ਤਾਂ ਹੁਕਮ ਕੀਤਾ ਕਿ ਵਿਚਾਰ ਘੋੜਾ ਤਿਯਾਰ ਕਰੋ। ਇਕੁਰ ਹੀ ਪੰਜਾਂ ਮੁਸਾਹਿਬਾਂ ਨੂੰ ਵੀ ਹੁਕਮ ਹੋਇਆ ਕਿ ਝਟ ਪਟ ਤਜਾਰ ਹੋ ਜਾਓ ਨਾਲ ਚਲਨਾ ਹੋਵੇਗਾ। ਜਦ ਸਵਾਰ ਹੋਕੇ ਤਜਾਰ ਬਰਤਜਾਰ ਕਿਲੇ ਦੇ ਦਰਵਾਜੇ ਤਕ ਪੁਜੇ ਤਾਂ ਓਥੇ ਸੁੰਨਸਾਨ ਪਾਈ। ਝਰੋਖਿਆਂ ਅਤੇ ਝੀਥਾਂ ਵਿਚੋਂ ਨੀਝਾਂ ਲਾ ਲਾਕੇ ਦੇਖਿਆ ਤਾਂ ਕੁਝ ਵੀ ਨਜ਼ਰੀ ਨਾ ਪਇਆ। ਹੁਕਮ ਕੀਤਾ ਦਰਵਾਜੇ ਖੋਲ੍ਹ ਦਿਓ। ਏਥੇ ਕੋਈ ਅਗ ਪਾਣੀ ਹੈ ਨਹੀਂ।

---

੧. ਬਲਦੇ ਬਲਦੇ ਡਿਗਦੇ ਤਾਰੇ।

ਜਦ ਦਰਵਾਜੇ ਖੁਲੇ ਤਾਂ ਸਜੇ ਖਬੇ ਕੀ ਦੇਖਦੇ ਹਨ ਕਿ ਇਕ ਭਾਰੀ ਫੌਜ ਦਾ ਦਸਤਾ ਸਨੱਧ ਬਧ[1] ਬੰਦੂਕਾਂ ਤੇ ਤੋੜੇ ਜਮਾਈ ਪਰ੍ਹੇ ਦਾ ਪਰ੍ਹਾ ਖੜੋਤਾ ਹੋਇਆ ਹੈ। ਇਹ ਅਚਰਜ ਕੌਤਕ ਦੇਖ ਕੇ ਰਾਜਕੁਮਾਰ ਹੈਰਾਨ ਹੋ ਗਿਆ ਕਿ ਇਹ ਅਚਾਨਕ ਫੌਜਕਸ਼ੀ ਕਿਸ ਦੁਸ਼ਮਨ ਨੇ ਕੀਤੀ। ਮਹਾਰਾਜ ਨੂੰ ਅਜੇ ਤਕ ਕੋਈ ਖ਼ਬਰ ਨਹੀਂ, ਮੇਰੇ ਨਾਲ ਫੌਜ ਨਹੀਂ। ਮੇਰੀ ਫੌਜ ਨੂੰ ਇਸ ਅਚਾਨਕ ਆ ਪੈਣ ਵਾਲੇ ਦੁਸ਼ਮਨ ਦੀ ਕੋਈ ਖ਼ਬਰ ਤਕ ਨਹੀਂ, ਤਜਾਰੀ ਕਿਸ ਤਰਹ ਹੁੰਦੀ। ਹੁਣ ਦੁਸ਼ਮਨ ਨੇ ਨਾਕਾ ਹੀ ਬੰਦ ਕਰ ਘਤਿਆ ਹੈ। ਮੈਂ ਇਕੱਲਾ ਬੇ ਸਾਮਾਨ ਇਸ ਵੇਲੇ ਕੀ ਕਰਾਂ। ਹੇ ਕਰਤਾਰ ਕੁਝ ਸਹਾਇਤਾ ਕਰ। (ਘਬਰਾ ਕੇ) ਕੋਈ ਦਾਓ ਘਾਓ ਇਸ ਵੇਲੇ ਨਹੀਂ ਆਹੁੜਦਾ। ਜੇ ਨਸ ਜਾਵਾਂ ਤਾਂ ਕੁਲ ਨੂੰ ਲਾਜ ਲਗਦੀ ਹੈ। ਨਾਲੇ ਨਸਿਆਂ ਦੁਸ਼ਮਨ ਨੇ ਜਾਨ ਨਹੀਂ ਦੇਣਾ। ਇਹ ਮੁਠ ਭੇੜਾ ਹੀ ਹੋ ਗਿਆ ਹੈ। ਜੇ ਲੜਾਂ ਤਾਂ ਮੈਂ ਤਜਾਰ ਨਹੀਂ। ਹਰ ਹਛਾ ਹੁਣ ਮੁੜਨਾ ਧਰਮ ਨਹੀਂ। ਜੰਗ ਵਿਚ ਲੜ ਕੇ ਸ਼ਹੀਦ ਹੋ ਜਾਣਾ ਧਰਮ ਹੈ। ਇਹ ਜੀ ਵਿਚ ਸੋਚਕੇ ਟਿਕਾ ਮੰਨਾ ਸਿੰਘ ਨੇ ਅਪਨੇ ਮੁਸਾਹਿਬਾਂ ਨੂੰ ਲਲਕਾਰ ਕੇ ਆਖਿਆ ਭਾਈ ਧੀਰਜ ਸਿੰਘ ਜੀ ਏਹੋ ਵੇਲਾ ਸਾਥ ਦੇਣ ਦਾ ਹੈ ਔਕੜ ਪਈ ਵੇਖਕੇ ਛਡ ਨਾ ਜਾਣਾ। ਜੰਗ ਦੀਆਂ ਦੋਵੇਂ ਗਲਾਂ ਹੁੰਦੀਆਂ ਹਨ, ਜਾਂ ਮਾਰ ਲਿਆ ਨਹੀਂ ਮਰ ਗਏ। ਨਸ ਜਾਣਾ ਮਰਦਾਨਗੀ ਤੋਂ ਬਾਹਰ ਹੈ।[2]

ਭਾਈ ਸੰਜਮ ਸਿੰਘ ਜੀ ਖਬਰਦਾਰ ਹੋ ਜਾਓ। ਏਹੋ ਵੇਲਾ ਹੈ; ਜਾਂ ਇਤ ਪਾਰ, ਜਾਂ ਓਤ ਪਾਰ। ਪਿਠ ਨਹੀਂ ਦਿਖਾਉਣੀ। ਮੌਤ ਤੋਂ ਡਰਨਾ ਸਿੰਘ ਦਾ ਧਰਮ ਨਹੀਂ। ਦੇਖਣਾ ਨੇਮ ਸਿੰਘ ਜੀ ਕੰਬ ਨਹੀਂ ਜਾਣਾ। ਦਿਲ ਕਰੜਾ ਕਰੋ, ਵਧਕੇ ਲੜੋ। ਦੁਸਮਨਾਂ ਦਾ ਮੂੰਹ ਤੋੜ ਦਿਓ। ਮਤਾਂ ਪਿਛੇ ਕਦਮ ਰਖਦੇ ਹੋਵੇ। ਦੇਖੋ ਸਰਦਾਰ ਸਤਧਰਮ ਸਿੰਘ ਜੀ, ਕਰਤਾਰ ਸਹਾਈ ਹੈ। ਭੱਜਣ ਲਈ ਕੋਈ ਮੈਦਾਨ ਨਹੀਂ। ਨਿਤਰਨ ਦਾ ਸਮਾ ਹੈ। ਜਰਾ ਵਧਕੇ ਹਥ ਦਿਖਾਉਣੇ। ਸੰਤੋਖ ਸਿੰਘ ਜੀ, ਇਹ ਦੁਸਮਨ ਦੀ ਫੌਜ ਦਰੀਆ ਦੀ ਮੌਜ ਵਾਕਰ ਉਮਡੀ ਹੋਈ ਸਿਰ 'ਤੇ ਆ ਪਈ ਹੈ। ਮਗਰਮਛ ਵਾਕਰ ਇਸਦੇ ਵਿਚ ਪੈਕੇ ਹਿਲਾ ਦਿਓ।

---

੧. ਸ਼ਸਤ੍ਰਧਾਰੀ।

੨. ਘਰ ਬਾਹਰ ਤੇ ਜ਼ੁੰਮੇਵਾਰੀਆਂ ਛੱਡ ਕੇ ਜੰਗਲਾਂ, ਪਹਾੜਾਂ ਵਲ ਨੱਸ ਜਾਣ ਤੋਂ ਮੁਰਾਦ ਲਗਦੀ ਹੈ। ਗ੍ਰਹਸਤ ਵਿਚ ਰਹਿਣ ਦੀ ਤਾਕੀਦ ਹੈ। –ਸੰਪਾਦਕ

ਰਾਜਕੁਮਾਰ ਮੰਨਾ ਸਿੰਘ ਮੁਸਾਹਿਬਾਂ ਨੂੰ ਇਹ ਦਲੇਰੀਆਂ ਦੇ ਦੇ ਕੇ ਤਜਾਰ ਕਰ ਹੀ ਰਿਹਾ ਸੀ, ਕਿ ਦੁਸ਼ਮਨ ਵਲੋਂ ਇਕ ਵਾੜ ਝੜੀ। ਬਹੁਤ ਸਾਰੀਆਂ ਗੋਲੀਆਂ ਤਾਂ ਕਿਲ੍ਹੇ ਵਿਚ ਵਜੀਆਂ ਪਰ ਇਕ ਗੋਲੀ ਸਤਧਰਮ ਸਿੰਘ ਦੇ ਸੀਨੇ ਵਿਚ ਲਗੀ। ਸਰਦਾਰ ਹੁਰੀਂ ਮੂਰਛਾ ਖਾਕੇ ਦੜ ਕਰਕੇ ਜਮੀਨ ਪਰ ਡਿਗ ਪਏ। ਦੂਜੀ ਸੰਤੋਖ ਸਿੰਘ ਦੇ ਡੌਲੇ ਵਿਚ ਲਗੀ। ਸਜੀ ਬਾਂਹ ਭਜ ਗਈ। ਇਹ ਭੀ ਆਪਣੇ ਸਾਥੀ ਦੇ ਉਤੇ ਮੂਧੇ ਡਿਗ ਪਏ। ਤੀਜੀ ਗੋਲੀ ਧੀਰਜ ਸਿੰਘ ਦੇ ਮਥੇ ਵਿਚ ਲਗੀ ਕਪਾਲ ਫੁਟ ਗਿਆ। ਸੰਜਮ ਸਿੰਘ ਤਲਵਾਰ ਲੈਕੇ ਬੜੇ ਰੋਹ ਵਿਚ ਆਕੇ ਨਿਕਲਿਆ, ਜੋ ਕਿਸੇ ਦਾ ਬਦਲਾ ਲਵੇ ਕਿ ਇੰਨੇ ਤਕ ਇਕ ਸ਼ੂੰਕਦੇ ਸਰਪ ਵਾਕਰ ਤਿਖਾ ਤੀਰ ਕਲੇਜੇ ਵਿਚ ਖਾਧਾ। ਨੇਮ ਸਿੰਘ ਦੀ ਲੱਤ ਵਿਚ ਗੋਲੀ ਲਗੀ ਓਥੇ ਹੀ ਢਹ ਪਿਆ।

ਰਾਜਕੁਮਾਰ ਆਪਣੇ ਸਾਥੀਆਂ ਦੀ ਇਹ ਦਸ਼ਾ ਦੇਖਕੇ ਕ੍ਰੋਧ ਵਿਚ ਭਰਪੂਰ ਹੋ ਗਿਆ। ਘੋੜੇ ਨੂੰ ਅੱਡੀ ਲਾਈ ਅਤੇ ਦੋਖ ਦ੍ਰਿਸ਼ਟੀ ਦੀ ਤਲਵਾਰ ਬਿਜਲੀ ਨਾਲੋਂ ਵੀ ਤੇਜ ਚਮਕਦੀ ਹੋਈ ਧੂਹ ਕੇ ਦੁਸ਼ਮਨ ਦੀ ਫੌਜ ਵਿਚ ਜਾ ਪਿਆ ਕਿ ਅਚਾਨਕ ਵਿਚਾਰ ਘੋੜੇ ਦੇ ਸੀਨੇ ਵਿਚ ਦੁਗਾੜਾ ਵਜਾ। ਵਜਦਿਆਂ ਹੀ ਘੋੜਾ ਦੜ ਕਰਦਾ ਜ਼ਮੀਨ ਤੇ ਡਿਗਾ। ਰਾਜਕੁਮਾਰ ਬਹੁਤ ਹੀ ਸੰਭਲਿਆ, ਕਿ ਕਿਸੇ ਤਰਹ ਅਪਨੇ ਆਪ ਨੂੰ ਬਚਾਵੇ ਪਰ ਨਾ ਬਚ ਸਕਿਆ। ਘੋੜੇ ਦੇ ਨਾਲ ਹੀ ਪਾਸੇ ਪਰਨੇ ਡਿਗਾ। ਡਿਗਦਿਆਂ ਹੀ ਦੋਖ ਦ੍ਰਿਸ਼ਟੀ ਦੀ ਤਲਵਾਰ ਫੌਲਾਦੀ ਹੋਣ ਦੇ ਕਾਰਣ ਟੁਟ ਗਈ। ਅਜੇ ਰਾਜਕੁਮਾਰ ਅਪਣੀ ਲਤ ਮੋਏ ਹੋਏ ਘੋੜੇ ਹੇਠੋਂ ਕਢ ਨਹੀਂ ਚੁਕਾ ਸੀ, ਕਿ ਦੁਸ਼ਮਨ ਦੀ ਫੌਜ ਦਾ ਜਮਾਂਦਾਰ ਸਰਦਾਰ ਲਟਕਣ ਖਾਨ ਬਹਾਦਰ, ਕਾਲੀ ਬਲਾ ਵਾਕਰ, ਸਿਰ ਤੇ ਆਣ ਖੜੋਤਾ। ਰਾਜਕੁਮਾਰ ਵਿਚਾਰਾ ਬੇਬਸ ਅਤੇ ਬੇਪਰਵਾਹ ਐਸੀ ਅਪਦਾ ਵਿਚ ਫਸਿਆ ਕਿ ਨਾ ਕਿਤੇ ਨਸਣ ਜੋਗਾ, ਨਾ ਕਿਤੇ ਲੁਕਣ ਜੋਗਾ ਜ਼ਖਮੀ ਅਤੇ ਬੇ ਹਥਜਾਰਾ ਹੋਣ ਦੇ ਕਾਰਣ ਲੜਨ ਜੋਗਾ ਵੀ ਨਾ ਰਹਿਆ। ਜਾਨ ਦਾ ਵੈਰੀ ਫਾਹੀ ਹਥ ਵਿਚ ਲਈ ਬਿਜਲੀ ਵਾਕਰ ਸਿਰ ਤੇ ਕੜਕ ਰਹਿਆ ਹੈ। ਮੁਕਦੀ ਗਲ ਇਹ ਕਿ ਟਿਕਾ ਮੰਨਾ ਸਿੰਘ ਹੋਰੀਂ ਕੈਦ ਹੋ ਗਏ। ਇੰਨੇ ਤਕ ਜਨਰਲ ਗਰੂਰ ਖਾਂ ਸਿਪਹਸਾਲਾਰ ਦਾ ਹੁਕਮ ਆਇਆ ਕਿ ਰਾਜਕੁਮਾਰ ਬਹੁਤ ਚਤੁਰ ਚਾਲਾਕ

ਹੈ। ਐਸਾ ਨਾ ਹੋਵੇ ਕਿਤੇ ਨਸ ਭਜ ਜਾਵੇ। ਤੁਹਾਡੀ ਕੀਤੀ ਕਰਾਈ ਬਹਾਦਰੀ ਦੇ ਸਿਰ ਨਿਰੀ ਸੁਆਹ ਹੀ ਪੈ ਜਾਵੇ। ਇਸ ਲਈ ਹਥੀ ਹਥੌੜੀਆਂ, ਪੈਰੀਂ ਬੇੜੀਆਂ ਅਤੇ ਗਲ ਵਿਚ ਤੌਕ ਪਹਰਾ ਕੇ ਪੇਸ਼ ਕਰੋ।

**"ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ॥**
**ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ॥"**

[ਮਾਰੂ ਵਾਰ, ਪੰਨਾ-੧੦੯੭]

ਇੰਨੇ ਤਕ ਦੂਸਰਾ ਹੁਕਮ ਆਇਆ ਕਿ ਕਰੜੇ ਪਹਿਰੇ ਵਿਚ ਰਖੋ। ਪੰਜ ਜਵਾਨ ਹਰ ਵੇਲੇ ਨੰਗੀ ਤਲਵਾਰ ਲਈ ਨਾਲ ਰਹਨ। ਮੜੋਲੀ ਚਲਕੇ ਪੇਸ਼ ਕਰੋ। ਪਰ ਖਬਰਦਾਰ ਜੇ ਕਿਤੇ ਗ਼ਫ਼ਲਤ ਹੋ ਗਈ ਤਾਂ ਯਾਦ ਰਖੋ ਤੋਪ ਅਗੇ ਉਡਾਏ ਜਾਓਗੇ। ਸਚ ਹੈ:-

॥੨॥

**"ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥**
**ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥੧॥**
**ਸ੍ਰੀ ਰਾਮ ਨਾਮਾ ਉਚਰੁ ਮਨਾ॥ ਆਗੈ ਜਮ ਦਲੁ ਬਿਖਮੁ ਘਨਾ॥੧॥ਰਹਾਉ॥**
**ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ॥**
**ਅੰਮ੍ਰਿਤ ਕੇਲ ਕਰੇ ਨਿਤ ਕਾਮਣਿ॥ ਅਵਰਿ ਲੁਟੇਨਿ ਸੁ ਪੰਚ ਜਨਾ"॥੨॥**

[ਗਉੜੀ ਚੇਤੀ ਮਹਲਾ ੧, ਪੰਨਾ-੧੫੫]

ਰਾਜ ਭਵਨ ਵਿਚ ਰਾਣੀ ਸਾਹਿਬ ਸੁਵਰਨ ਦੇ ਸਿੰਘਾਸਨ ਪਰ ਬਿਰਾਜਮਾਨ ਹਨ। ਸਖੀਆਂ, ਸਹੇਲੀਆਂ ਅਤੇ ਗੋਲੀਆਂ ਆਪੋ ਆਪਣੇ ਮਨਸਬਾਂ ਪਰ ਅਦਬ ਆਦਾਬ ਨਾਲ ਬੈਠੀਆਂ, ਖੜੋਤੀਆਂ ਹਾਜ਼ਰ ਹਨ। ਕੋਈ ਖੜੀ ਚਵਰ ਕਰ ਰਹੀ ਹੈ, ਕੋਈ ਹੁਕਮ ਦੀ ਉਡੀਕ ਵਿਚ ਲਕ ਬੰਨੇ ਹਥ ਜੋੜੀ ਖੜੀ ਹੈ। ਕੋਈ ਮਸਨੰਦ ਦਾ ਕੋਣਾ ਦਬਾਏ ਬੈਠੀ ਹੋਈ ਅਦਬ ਨਾਲ ਮੂੰਹ ਵਲ ਵੇਖ ਰਹੀ ਹੈ। ਪਰ ਰਾਣੀ ਸਾਹਿਬ ਦੇ ਚੇਹਰੇ ਤੇ ਅਜ ਤੀਉੜੀ ਕਿਸੇ ਹੋਰ ਹੀ ਢਬ ਦੀ ਹੈ, ਕਰਤਾਰ ਸੁਖ ਕਰੇ। ਕੋਈ ਡੇਉਢੀ ਦੇ ਦਰਵਾਜੇ ਵਿਚ ਖੜੀ ਅੰਦਰ

ਬਾਹਰ ਦੀ ਖਬਰਦਾਰੀ ਕਰ ਰਹੀ ਹੈ। ਪਰੰਤੂ ਰਾਣੀ ਸਾਹਿਬ ਦਾ ਚਿਹਰਾ ਕੁਝਕ ਗੁਸੇ ਨਾਲ ਲਾਲੀ ਦੀ ਭਾ ਮਾਰ ਰਹਿਆ ਹੈ। ਇੰਨੇ ਤਕ ਡੇਉਢੀ ਵਾਲੀ ਛੜੀ ਬਰਦਾਰ ਨੇ ਅਦਬ ਨਾਲ ਸਿਰ ਨਿਵਾਕੇ ਅਰਜ਼ ਕੀਤੀ ਕਿ ਹਜ਼ੂਰ ਜਮਾਦਾਰ ਟਿਕਾ ਸਾਹਿਬ ਨੂੰ ਲੈਕੇ ਡੇਉਢੀ ਪਰ ਹਾਜ਼ਰ ਹੈ ਉਸ ਲਈ ਕੀ ਹੁਕਮ ਹੈ।

ਰਾਣੀ ਰੂਪ ਕੌਰ ਜੋ ਇਕ ਤੋਂ ਇਕ ਵਧਵੀਆਂ ਸੋਚਾਂ ਦੇ ਅੰਦਰੇ ਅੰਦਰ ਮੋਤੀ ਪਰੋ ਰਹੀ ਸੀ, ਚੁਕੰਨੀ ਹੋਕੇ ਬੋਲੀ ਕਿ ਗਾਰਦ ਦੇ ਸਿਪਾਹੀ ਸਭ ਮੋੜ ਦਿਤੇ ਜਾਣ ਆਪ ਜਮਾਦਾਰ ਕੈਦੀ ਨੂੰ ਪੇਸ਼ ਕਰੇ। ਇਸੇ ਹੁਕਮ ਅਨੁਸਾਰ ਜਮਾਦਾਰ ਸਾਹਿਬ ਨੇ ਟਿਕਾ ਜੀ ਨੂੰ ਹਥੋੜੀਆਂ ਬੇੜੀਆਂ ਅਤੇ ਤੌਕ* ਸਮੇਤ ਹਾਜ਼ਰ ਕੀਤਾ। ਆਪ ਝੁਕ ਕੇ ਅਦਬ ਨਾਲ ਸਲਾਮ ਕੀਤਾ। ਰਾਣੀ ਸਾਹਿਬ ਇਕ ਟੇਢੀ ਜੇਹੀ ਨਿਗਾਹ ਨਾਲ ਦੇਖਦੇ ਹੋਏ ਅਤੇ ਆਉਂਦੇ ਹੋਏ ਹਾਸੇ ਨੂੰ ਮੋੜ ਕੇ ਬਨਾਉਟੀ ਗੁਸੇ ਜੇਹੇ ਦੇ ਢਾਂਚ ਪਰ ਕੈਦੀ ਨੂੰ ਕਹਿਣ ਲਗੇ: ਕਹੀਏ ਮਹਾਰਾਜ ਹੁਣ ਤਾਂ ਰਾਜੀ ਹੋ? ਆਪਦੇ ਮਾਤਾ ਪਿਤਾ ਇਸਤ੍ਰੀ ਪਰਵਾਰ ਸਭ ਰਾਜੀ ਹਨ? ਸੁਣਾਓ ਆਪਦੇ ਕਿਲੇ ਕੋਟ ਦਾ ਕੀ ਹਾਲ ਹੈ? ਆਪਦੇ ਸਤ ਉਪਦੇਸ਼ੀ ਗਜਾਨੀ ਸਿੰਘ ਹੋਰੀਂ ਕਿਥੇ ਹਨ? ਕਿਸੇ ਠਗੀ ਮਹਕਮੇ ਵਿਚ ਤਾਂ ਨਹੀਂ ਨੌਕਰ ਹੋ ਗਏ? ਦਸੋ ਅਜੇ ਆਪਣੇ ਪਿਤਾ ਦਾ ਹੁਕਮ ਵਿਵਾਹ ਵਾਸਤੇ ਲੈ ਲਿਆ ਹੈ ਕਿ ਨਹੀਂ? (ਥੋੜਾ ਚਿਰ ਚੁਪ ਹੋਕੇ) ਹੁਣ ਆਖੋ ਏਥੇ ਆਪ ਦਾ ਕੌਣ ਸਹਾਇਕ ਹੈ?।

ਰਾਜਕੁਮਾਰ ਬਿਟ ਬਿਟ ਦੀਦੇ ਫਾੜ ਕੇ ਦੇਖਦਾ ਹੈ ਪਰ ਹੈਰਾਨੀ ਦੇ ਅਚਰਜ ਵਿਚ ਪਰੇਸ਼ਾਨ ਹੈ। ਉੱਤਰ ਕੋਈ ਨਹੀਂ ਆਹੁੜਦਾ। ਸੁਣਿਆ ਤਾਂ ਸਭੋ ਕੁਝ, ਪਰ ਸਮਝਿਆ ਕਖ ਵੀ ਨਹੀਂ।

ਰਾਣੀ ਸਾਹਿਬ ਨੇ ਫਿਰ ਜਰਾ ਕੁ ਦਬਾ ਕੇ ਆਖਿਆ, ਆਪ ਹੁਣ ਇਕ ਖੂਹ ਵਿਚ ਕੈਦ ਕੀਤੇ ਜਾਓਗੇ। ਕੋਈ ਅਰਜ ਕਰਨੀ ਹੋਵੇ ਤਾਂ ਹੁਣ ਵੇਲਾ ਹੈ। ਫਿਰ ਕੋਈ ਪੁਕਾਰ ਨਹੀਂ ਸੁਣੀ ਜਾਏਗੀ।

---

* ਤੌਕ=ਮੁਜਰਮ ਦੇ ਗਲੇ ਵਿਚ ਪਾਯਾ ਲੋਹੇ ਦਾ ਚਕਰ।

ਉੱਤ੍ਰ ਵਿਚ ਟਿਕਾ ਸਾਹਿਬ ਵਲੋਂ ਨਿਰੀ ਤੇ ਕੋਰੀ ਚੁਪ ਹੀ ਰਹੀ।

ਰਾਣੀ ਸਾਹਿਬ ਨੇ ਨਿਗਾਹ ਪਰਤ ਕੇ ਦੇਖਿਆ ਤਾਂ ਜਮਾਦਾਰ ਅਦਬ ਨਾਲ ਝੁਕਿਆ ਖਲੋਤਾ ਹੈ। ਰਾਣੀ ਦੇ ਚਿਹਰੇ ਤੇ ਪ੍ਰਸੰਨਤਾ ਪਰਤੀ, ਅਤੇ ਇਹ ਹੁਕਮ ਕੀਤਾ- ਜਮਾਦਾਰ ਸਾਹਿਬ ਆਪ ਦੀ ਬਹਾਦਰੀ ਪਰ ਸਾਬਾਸ਼ ਹੈ। ਅਸੀਂ ਬਹੁਤ ਪ੍ਰਸੰਨ ਹਾਂ। ਅਜ ਤੋਂ ਖਿਤਾਬ ਲਾਮ ਦਾ ਦਿਤਾ ਜਾਂਦਾ ਹੈ। ਇਨਾਮ ਵਿਚ ਮੋਮੀ ਪੇਟੀ, ਅਤੇ ਤਨਖਾਹ ਸਵਾਈ ਕੀਤੀ ਜਾਂਦੀ ਹੈ। ਆਪ ਜਾਈਏ ਡੇਉਢੀ ਦੇ ਚਬੂਤ੍ਰੇ ਪਰ ਖਬਰਦਾਰ ਰਹੋ। ਜਮਾਦਾਰ ਨੇ ਝੁਕ ਕੇ ਸਲਾਮ ਕੀਤਾ ਅਤੇ ਨਿਉਂ ਕੇ ਪੈਰ ਚੁੰਮੇ। ਫਿਰ ਓਸੇ ਤਰਹ ਸਿਰ ਝੁਕਾਏ ਪਿਛਲੇ ਪੈਰੀਂ ਹਟਦਾ ਹੋਇਆ ਚਲਾ ਗਿਆ।

ਰਾਣੀ ਜੀ ਫਿਰ ਆਪਣੇ ਕੈਦੀ ਵਲ ਪਰਤੇ, ਅਤੇ ਇਉਂ ਕਹਣ ਲਗੇ ਕਿਉਂ ਜੀ ਮਹਾਰਾਜ ਹੁਣ ਬੋਲਦੇ ਕਿਉਂ ਨਹੀਂ? ਦਸੋ ਸਲਾਹ ਕੀ ਠਹਰੀ।

ਅਗੋਂ ਉਤ੍ਰ ਕੁਝ ਨਹੀਂ।

ਫਿਰ ਰਾਣੀ ਸਾਹਿਬ ਕੁਝ ਜੋਸ਼ ਵਿਚ ਆਕੇ ਬੋਲੇ। "ਅੰਧੇਰ ਰਾਜਾ ਤੇ ਚੋਪਟ ਨਗਰੀ" ਵਾਲੀ ਗਲ। ਸਾਡਾ ਲਾਗੀ ਸ਼ਗਨ ਲੈਕੇ ਜਾਵੇ, ਆਪਦੀ ਮਿਜਾਜ ਸਤਵੇਂ ਅਸਮਾਨ ਤੇ ਚੜੀ ਹੋਈ ਕੁਝ ਪਰਵਾਹ ਹੀ ਨਾ ਕਰੇ। ਪਿਤਾ ਆਪਦੇ ਤਾਂ ਬਸ ਖ਼ੁਦ ਖ਼ੁਦਾ ਹੋਏ। ਅਸਾਂ ਗਰੀਬਾਂ ਦੀ ਓਥੇ ਕੌਣ ਸੁਣਦਾ ਹੈ! ਹੈ ਹੈ ਅੰਧੇਰ, ਗਜ਼ਬ ਦਾ ਹਨੇਰ, ਲਾਗੀ ਬਾਹਰ ਬੈਠਾ ਭੌਂਕਦਾ ਹੈ; ਅੰਦਰ ਕੋਈ ਖਬਰ ਤਕ ਨਹੀਂ ਕਰਦਾ। ਉਸ ਗਲ ਦਾ ਬਦਲਾ ਇਹ ਜੇ। ਹੁਣ ਓਨਹਾਂ ਨੂੰ ਖਬਰ ਭੇਜੋ, ਆਕੇ ਛੁਡਾ ਲੈ ਜਾਣ। ਜੇ ਕੋਈ ਵਾਹ ਲਗਦੀ ਹੋਵੇ ਤਾਂ ਲਾ ਲੈਣ (ਜਰਾ ਕੁ ਠਹਿਰ ਕੇ) ਮਹਾਰਾਜ ਆਪ ਇਸ ਵੇਲੇ ਰਾਜਕੁਮਾਰ ਨਹੀਂ ਹੋ, ਨਿਰੇ ਮੇਰੇ ਕੈਦੀ ਹੋ। ਕੋਈ ਦਿਮਾਗ਼ ਵਿਚ ਘਮੰਡ ਨਾ ਰਖਣਾ। ਆਪ ਕਿਸੇ ਤਰਹ ਆਪਣੇ ਕਿਲੇ ਵਿਚ ਪਰਤ ਕੇ ਨਹੀਂ ਜਾ ਸਕਦੇ। ਇਸੇ ਮੜ੍ਹੋਲੀ ਦੀ ਚਕੀ ਵਿਚ ਫਿਰਨਾ ਆਪਦੀ ਜਿੰਦਗਾਨੀ ਹੈ।

ਇਜੇਹਾ ਅਪਣੇ ਦਿਲ ਦਾ ਗਰਦ ਗੁਬਾਰ ਰਾਣੀ ਨੇ ਬਥੇਰਾ ਝਾੜਿਆ। ਟਿਕਾ ਮੰਨਾ ਸਿੰਘ ਨੇ ਸੁਣਨ ਵਿਚ ਤਾਂ ਕੋਈ ਫਰਕ ਨਹੀਂ ਕੀਤਾ, ਪਰ ਉੱਤ੍ਰ ਦੇਣ ਵਿਚ ਜੀਭ ਮਾਨੋ ਗਹਣੇ ਪਾ ਦਿਤੀ। ਗੂੰਗਿਆਂ ਨਾਲ ਸ਼ਰਤ ਬੰਨਕੇ ਚੁਪ ਵਟੀ। ਨਾ ਹਾਂ, ਨ ਹੂੰ, ਨ ਚੀਂ, ਨ ਚਾਂ, ਕੁਝ ਨਾ।

ਇੰਨੇ ਤਕ ਦਯਾ ਨਾਮੀ ਸਹੇਲੀ ਨੇ ਅਦਲ ਨਾਮੀ ਸਖੀ ਨੂੰ ਹੌਲੀ ਜੇਹੀ ਆਖਿਆ; ਇਹ ਰਾਜਕੁਮਾਰ ਪਿਉ ਦਾ ਅਲਬੇਲਾ, ਇਕਲੌਤਾ, ਲਾਡਾਂ ਨਾਲ ਪਾਲਿਆ ਵਿਚਾਰਾ ਕਿਸ ਕਰਣੀ ਨੂੰ ਫੜਿਆ ਗਿਆ ਹੈ? ਅਗੋਂ ਅਦਲ ਨੇ ਆਖਿਆ, ਏਹ ਬਾਲਕ ਨਿਰਦੋਸ਼ ਹੈ ਜੋ ਕੁਝ ਇਸ ਵੇਲੇ ਹੋ ਰਹਿਆ ਹੈ ਇਹ ਸਭੋ ਕੁਝ ਵਧੀਕੀ ਹੈ, ਪਰ ਰਾਣੀ ਸਾਡੀ ਨੂੰ ਅਖਤਜਾਰ ਹੈ, ਜੋ ਚਾਹੇ ਸੋ ਕਰੇ।

ਇਹ ਗਲ ਸੁਣਕੇ ਨਿਰਦਯ ਸਖੀ ਜਰਾ ਗਜ ਕੇ ਬੋਲ ਉਠੀ, ਇਹ ਕੇਹੀ ਵਧੀਕੀ ਹੈ, ਇਹ ਮੁੰਡਾ ਨਿਰਾ ਹਠਲ ਤੇ ਭਾਰਾ ਅਨਮੋੜ, ਅੜੀਅਲ, ਸੜੀਅਲ ਕੈਦ ਦੇ ਲਾਇਕ ਜਾਣ ਕੇ ਕੈਦ ਕੀਤਾ ਗਇਆ ਹੈ।

**ਅਦਲ ਬੋਲੀ**: ਭਾਵੇਂ ਇਹ ਰਾਜਾ ਦਾ ਪੁਤ੍ਰ ਇਜੇਹਾ ਹੀ ਹੋਵੇ, ਪਰ ਜਿਸ ਨਾਲ ਕੁਝ ਪਜਾਰ ਹੋਵੇ ਓਹ ਮਿਹਰ ਤੇ ਪਰਵਰਸ ਦਾ ਹਕਦਾਰ ਹੁੰਦਾ ਹੈ। ਓਹ ਇਜੇਹੀ ਕਰੜੀ ਕੈਦ ਦਾ ਸਜਾਵਾਰ ਨਹੀਂ ਹੁੰਦਾ, ਅਜ ਤਕ ਕਿਸੇ ਨੇ ਪਿਆਰੇ ਦੇ ਲਹੂ ਵਿਚ ਹਥ ਨਹੀਂ ਭਰੇ।

ਇੰਨੇ ਤਕ **ਠਠੋਲ ਸਖੀ ਬੋਲੀ**: ਅਜੇ ਇਹ ਜੰਜੀਰ ਤਾਂ ਹਥਾਂ ਪੈਰਾਂ ਨੂੰ ਹੀ ਮਾਰੇ ਹਨ, ਪਰ ਦੇਖੋਗੀਆਂ ਸਾਡੀ ਰਾਣੀ ਸਾਹਿਬ ਨੇ ਇਸ ਦੀਆਂ ਅਖਾਂ ਨੂੰ ਸੰਗਲ ਮਾਰਨੇ ਹਨ, ਇਹ ਢੀਠ ਦੀਦੇ ਪਾੜ ਪਾੜ ਕੇ ਸਾਮਣੇ ਤਕ ਰਿਹਾ ਹੈ।

**ਹਸੌੜ ਸਹੇਲੀ ਬੋਲੀ**: ਚਲੋ ਨੀ, ਏਹੋ ਜੇਹੀਆਂ ਗਲਾਂ ਇਸ ਦਰਗਾਹ ਵਿਚ ਨਹੀਂ ਕਰੀਦੀਆਂ ਇਹ ਸਾਡੀ ਰਾਣੀ ਸਾਹਿਬ ਦਾ ਸਤਰਖਾਨਾ* ਹੈ। ਏਥੇ ਓਪਰੇ ਪੁਰਸ਼ਾਂ ਦਾ ਕੀ ਕੰਮ। ਜੇਹੜਾ ਕੋਈ ਓਪਰਾ ਪੁਰਸ਼ ਬੇਖਬਰਾ ਏਥੇ ਆਊ, ਓਹ ਇਕਰ ਹੀ ਕੈਦ ਕੀਤਾ ਜਾਊ।

**ਲਾਡੋ ਸਹੇਲੀ ਬੋਲੀ**: ਸਦਕੇ ਜਾਈਏ, ਜੇਹਾ ਰਾਜਕੁਮਾਰ ਸੁੰਦਰ ਸਜੀਲਾ ਤੇ ਛੈਲ ਛਬੀਲਾ ਹੈ, ਸਾਡੀ ਰਾਣੀ ਸਾਹਿਬ ਨੇ ਗਹਣੇ ਵੀ ਸੁਖ ਨਾਲ ਓਹੋ ਜੇਹੇ ਲੋਹੇ ਦੇ ਪਹਨਾਏ ਹਨ। ਕੁਰਬਾਨ ਜਾਈਏ ਕਿਸੇ ਗਲ ਦੀ ਕੋਈ ਤੋਟ ਨਹੀਂ। ਪਰ ਜੇ ਹਾਂ ਤਾਂ ਨਿਰੀ ਇੰਨੀਕੁ ਹੀ ਕਿ ਕਿਸੇ ਨਿਜਲੇ ਖੂਹ ਵਿਚ ਕੈਦ ਨਹੀਂ ਕੀਤਾ।

* ਸਤਰਖਾਨਾ=ਜ਼ਨਾਨ ਖਾਨਾ ਜਿਥੇ ਆਦਮੀ ਨਹੀਂ ਜਾ ਸਕਦੇ। (Ladies room)

**ਫਸਾਦੋ ਸਹੇਲੀ ਬੋਲੀ**: (ਰਾਜਕੁਮਾਰ ਦੇ ਕੋਲ ਖੜੋਕੇ) ਕਿਉਂ ਵੇ ਤੇਰੇ ਦੀਦੇ ਨਿਉਂਦੇ ਕਿਉਂ ਨਹੀਂ? ਪਲਕਾਂ ਝਮਕਦੀਆਂ ਕਿਉਂ ਨਹੀਂ? ਇਕੋ ਟਕ ਲਾਈ ਸਾਹਮਣੇ ਤਕੀ ਜਾਂਦਾ ਹੈ ਤੇਰੀ ਗਰਦਨ ਕਿਉਂ ਨਹੀਂ ਝੁਕਦੀ? ਹਥ ਜੋੜ ਕੇ ਪੈਰੀਂ ਕਿਉਂ ਨਹੀਂ ਪੈ ਜਾਂਦਾ? ਕੀ ਹਥੋੜੀਆਂ ਪਈਆਂ ਕਰਕੇ ਨਿਵਿਆਂ ਨਹੀਂ ਜਾਂਦਾ? ਚਲ ਹੋਇਆ ਕੀ, ਜਰਾ ਨਕ ਹੀ ਰਗੜ ਦੇਹ? ਮੂੰਹੋਂ ਹੀ ਕਹ ਦੇਹ, ਮੈਂ ਭੁਲ ਗਿਆ।

ਹੋਇਆ ਕੀ ਤੂੰ ਰਾਜਕੁਮਾਰ ਹੀ ਸਹੀ, ਰਾਜਧਿਰਾਜ ਹੀ ਸਹੀ, ਪਰ ਇਹ ਦਰਗਾਹ ਵੀ ਤਾਂ ਸ੍ਰੀ ਮਹਾਰਾਣੀ ਸ੍ਰੀਮਤੀ ਰੂਪਵਤੀ ਠਕੁਰਾਣੀ ਰਾਜ ਰਾਜੇਸ੍ਰੀ ਰੂਪ ਕੌਰ ਸਾਹਿਬਾ ਦੀ ਹੈ। ਏਥੇ ਕਿਸੇ ਦੀ ਵਡਿਆਈ ਨਹੀਂ ਚਲਦੀ।

ਅਕਲੋ ਨਾਮੀ ਅੰਤਰੰਗ ਸਖੀ ਨੇ ਇਹ ਗਲ ਸੁਣਕੇ ਉਠਕੇ ਬੜੇ ਅਦਬ ਨਾਲ ਆਪਣੀ ਜਾਨ ਹੀਲ ਕੇ ਹੱਥ ਜੋੜ ਕੇ ਬੇਨਤੀ ਕੀਤੀ, ਇਹ ਬਾਲਕ ਸੁਕਮਾਰ ਹੈ। ਏਡੀ ਕਰੜਾਈ ਤੇ ਕਠਨਾਈ ਝਲਨ ਜੋਗਾ ਨਹੀਂ। ਐਸਾ ਨ ਹੋਵੇ ਕਿ ਹੱਥਾਂ ਦੀਆਂ ਰੀਝਾਂ ਦਿਤੀਆਂ ਦੰਦੀਆਂ ਨਾਲ ਨਾ ਖੋਹਲਣੀਆਂ ਪੈਣ।

ਇੰਨੇ ਤਕ **ਸਿਫਾਰਸ ਸਹੇਲੀ ਬੋਲੀ** (ਅਦਬ ਨਾਲ ਖੜੋ ਕੇ) ਹਜ਼ੂਰ ਬਿਨਾਂ ਪੁਛੇ ਅਰਜ਼ ਕਰਨੀ ਮੁਨਾਸਬ ਨਹੀਂ ਪਰੰਤੂ ਲਾਚਾਰੀ ਹੈ ਇਸ ਵੇਲੇ ਇਹ ਆ ਬਣੀ ਹੈ ਕਿ ਜੇ ਅਰਜ਼ ਨਾ ਕੀਤੀ ਜਾਵੇ ਤਾਂ ਹਜ਼ੂਰ ਦਾ ਹਰਜ਼ ਹੈ ਅਤੇ ਸਾਨੂੰ ਆਪਦਾ ਨਮਕ ਖਾਧਾ ਹੋਇਆ ਹਰਜ ਦੇਖਣ ਨਹੀਂ ਦਿੰਦਾ। ਕੁਲੀਨ ਰਾਜੇ ਮਹਾਰਾਜੇ ਜਦ ਕਿਸੇ ਰਾਜੇ ਨੂੰ ਪਕੜਦੇ ਹਨ, ਤਾਂ ਸ਼ਾਹੀ ਕੈਦ ਵਿਚ ਰਖਦੇ ਹਨ। ਬੇ-ਹਥਜਾਰ ਕਰਕੇ ਪਹਰੇ ਵਿਚ ਰਖਣਾ ਅਤੇ ਖਾਨ ਪਾਨ ਪਹਰਾਨ ਖ਼ਜਾਨੇ ਵਿਚੋਂ ਦੇਣਾ ਉਨ੍ਹਾਂ ਦਾ ਵਤੀਰਾ ਹੁੰਦਾ ਹੈ। ਕੈਦੀ ਆਪਣੀ ਹਦ ਵਿਚ ਫਿਰੇ, ਤੁਰੇ, ਸੈਲ ਕਰੇ। ਨਿਰਾ ਨਿਗਾਹਬਾਨੀ ਵਿਚ ਰਹੇ। ਪਰੰਤੂ ਇਕੁਰ ਜਕੜ ਕੇ ਮਾਰਨਾ ਰਾਜਨੀਤੀ ਦੇ ਵਿਰੁਧ ਹੈ। ਦੂਸਰੇ ਇਹ ਹੀ ਸਨਿੰਮਰ ਬੇਨਤੀ ਹੈ ਕਿ ਜਿਸ ਤੇ ਪ੍ਰੀਤ ਦੀ ਨਜ਼ਰ ਹੋਵੇ ਉਸ ਪਰ ਕਹਿਰ ਗੁਜਾਰਨਾ ਮਿਹਰ ਤੋਂ ਖਾਲੀ ਵਾਲੀ ਗਲ ਹੈ। ਇਸ ਲਈ ਕੈਦੀ ਦੇ ਬੰਧਨ ਖੋਲਕੇ ਅਪਣੇ ਮਹਲ ਵਿਚ ਜਗਾਹ ਬਖਸ਼ ਕੇ ਆਪਣਾ ਅਹਿਸਾਨਮੰਦ ਬਣਾਓ ਅਤੇ ਪਰਚੇਵੇਂ ਲਈ

ਕੋਈ ਕਾਰ ਸਪੁਰਦ ਕਰੋ ਤਾਂ ਜੋ ਉਦਾਸ ਨਾ ਹੋਵੇ। ਖਿਦਮਤ ਲਈ ਆਪਣੇ ਨੌਕਰ ਚਾਕਰ ਮੁਕਰਰ ਕਰੋ, ਜਿਹੜੇ ਖਿਦਮਤ ਅਤੇ ਰਾਖੀ ਦੋਵੇਂ ਕੰਮ ਨਿਭਾ ਸਕਣ।

ਇਹ ਸਿਫਾਰਸ ਸਹੇਲੀ ਦੀ ਚਤੁਰਾਈ ਭਰੀ ਸਿਫਾਰਸ ਸੁਣਕੇ ਰਾਣੀ ਰੂਪ ਕੌਰ ਮੁਸਕਰਾਈ ਤੇ ਬੋਲੀ ਇਹ ਮੇਰਾ ਕੈਦੀ ਹੈ। ਜੈਸਾ ਮੇਰਾ ਮਨ ਕਰੇਗਾ, ਵੈਸਾ ਹੀ ਇਸ ਨਾਲ ਸਲੂਕ ਕਰਾਂਗੀ, ਇਸ ਨਾਲ ਤੁਹਾਨੂੰ ਕੀ। ਤੁਹਾਡਾ ਕੀ ਲਗਦਾ ਹੈ ਤੁਸੀਂ ਬਦੋਬਦੀ ਤੁਕ ਬੰਦੀ ਕਰ ਰਹੀਆਂ ਹੋ।

**ਸਿਫਾਰਸ**: ਗਰੀਬ ਨਵਾਜ ਜੀ, ਸਾਡਾ ਹੋਰ ਤਾਂ ਕੁਝ ਨਹੀਂ ਲਗਦਾ। ਪਰ ਸਾਡੀ ਮਹਾਰਾਣੀ ਸਾਹਿਬਾ ਦੇ ਸਿਰ ਦਾ ਤਾਜ, ਮਥੇ ਦਾ ਭਾਗ, ਦੁਨੀਆਂ ਦਾ ਰਾਜ, ਮਨ ਦੀ ਮੁਰਾਦ, ਲਗਦਾ ਹੈ। ਏਸੇ ਲਈ ਇਸ ਦੀ ਕਹਿਰ ਦੀ ਜਕੜ ਬੰਦੀ ਅਤੇ ਆਪ ਦੀ ਬੇਪਰਵਾਹੀ ਨਹੀਂ ਦੇਖੀ ਜਾਂਦੀ।

**ਰਾਣੀ**: ਪਹਿਲੇ ਜਮਾਨਤ ਨਾਮਾ **ਸਿਫਾਰਸ਼** ਲਿਖ ਦੇਵੇ ਫਿਰ ਬੰਧਨ ਖੋਲ੍ਹ ਦਿਓ।

ਇਹ ਹੁਕਮ ਸੁਣ ਕੇ ਝਟ **ਸਿਫਾਰਸ਼** ਅਤੇ **ਦਯਾ** ਨੇ ਉਠਕੇ ਰਾਜਕੁਮਾਰ ਦੇ ਬੰਧਨ ਖੋਲ੍ਹ ਦਿਤੇ ਅਤੇ ਵਗਦੀਆਂ ਹੰਝੂਆਂ ਦੇ ਦਰੀਆ ਵਿਚ ਇਸ਼ਨਾਨ ਕਰਾਕੇ ਪਤਪਰਤੀਤ ਦੇ ਕਪੜੇ ਪਹਿਨਾਏ। **ਹਸੌੜ** ਨੇ ਚਾਂਈਚਾਈਂ ਮਥੇ ਤੇ ਕੇਸਰ ਦਾ ਟਿਕਾ ਲਾ ਦਿਤਾ। **ਲਾਡੋ** ਨੇ ਲਾਡਾਂ ਨਾਲ ਕੁਰਸੀ ਅਗੇ ਕਰਕੇ ਬੈਠਣ ਲਈ ਆਖਿਆ। ਇੰਨੇ ਤਕ ਮਹਲ ਵਿਚੋਂ **ਤਨਕੋ** ਗੋਲੀ ਆ ਗਈ। ਆਉਂਦੀ ਝਿਝਕ ਕੇ ਛੇਤੀ ਨਾਲ ਮੂੰਹ ਤੇ ਕਪੜਾ ਕਰਕੇ ਬੋਲੀ, ਹੈਂ, ਹੈਂ, ਇਹ ਸਤਰਖਾਨਿਆਂ ਵਿਚ ਓਪਰਾ ਪੁਰਸ਼ ਕਿਉਂ ਆ ਗਿਆ?

**ਹਸੌੜ**: ਨਹੀਂ ਨੀ! ਇਹ ਤਾਂ ਲਾਡੋ ਨੇ ਮਰਦਾਵਾਂ ਸਾਂਗ ਕੀਤਾ ਹੋਇਆ ਹੈ।

**ਤਨਕੋ**: (ਤਿੜੰਗ ਕੇ) ਆਹੋ ਨੀ ਮੈਂ ਜਾਣਨੀ ਹਾਂ, ਨਾਲੇ ਤੂੰ ਮਰਦ ਬਣੀ ਬੈਠੀ ਹੈਂ। ਇਹ ਤਾਂ ਕੋਈ ਓਪਰਾ ਅਮੀਰਜ਼ਾਦਾ ਹੈ।

**ਰਾਣੀ**: ਚੁਪ ਰਹੁ ਬਹੁਤੀ ਬਕ ਬਕ ਨਾ ਕਰਿਆ ਕਰ। ਕੋਈ ਹੋਵੇ ਤੈਨੂੰ ਕੀ।

**ਤਨਕੋ**: ਨਾ ਬੀਬੀ। ਸਾਨੂੰ ਕੀ। ਸਾਨੂੰ ਕਿਉਂ ਨਹੀਂ, ਸਾਨੂੰ ਸਭੋ ਕੁਝ ਹੈ। ਜੇ ਸਾਨੂੰ ਕੋਈ ਕਲ ਪੁਛੇ ਤਾਂ ਕੀ ਕਹਾਂਗੇ ਸਾਨੂੰ ਖਬਰ ਨਹੀਂ। ਤਾਂ ਫਿਰ ਇਸ ਤਰਾਂ ਤਾਂ ਸਾਨੂੰ ਜਵਾਬ ਦੇ ਦਿਓ, ਸਾਨੂੰ ਕੋਈ ਹੋਰ ਘਰ ਲਭ ਪਏਗਾ। ਭੁਈਏਂ ਸੌਣਾ ਤਾਂ ਪਰੇਡੇ ਕੀ ਕਹਾਉਣਾ? ਨਾ ਬੀਬੀ ਸਾਨੂੰ ਇਹ ਗਲ ਕਦੀ ਚੰਗੀ ਨਹੀਂ ਲਗਣੀ।

**ਰਾਣੀ**: ਪਰੇ ਦੂਸਰੇ ਕਮਰੇ ਵਿਚ ਜਾ ਕੇ ਮਰ, ਏਵੇਂ ਬੜ ਬੜ ਨਾ ਕਰ। ਐਡੀ ਸਾਨੂੰ ਕੀ ਦੀ ਬੱਚੀ। ਚਲ ਹਟ, ਦਫ਼ਾ ਹੋ। ਜਾਕੇ **ਹੈਰਾਨੀ** ਨੂੰ ਏਧਰ ਭੇਜ।

**ਹੈਰਾਨੀ** ਨੇ ਆਕੇ ਤਾਂ ਬਸ ਹੋਲੀ ਹੀ ਮਚਾ ਦਿਤੀ। ਰਾਣੀ ਦੇ ਚਿਹਰੇ ਪਰ ਉਦਾਸੀ ਮਲ ਦਿਤੀ। ਸਖੀਆਂ ਦੇ ਮਥੇ ਖਾਸੀ ਨਿਰਾਸੀ ਲਾ ਦਿਤੀ। ਚੁਪ ਚਾਂ ਦਾ ਰੰਗ ਓਹ ਉਡਾਇਆ ਕਿ ਬਸ ਗੁਬਾਰ ਹੀ ਬਝ ਗਿਆ। ਰਾਜਕੁਮਾਰ ਦੇ ਚੇਹਰੇ ਤੇ ਓਹ ਪੀਲੱਤਨ ਵਰਤਾਈ ਕਿ ਪਨਰੇਹ ਵੀ ਮਾਰੇ ਸ਼ਰਮ ਦੇ ਪੀਲੇ ਪੈਕੇ ਪਰੇ ਦੂਰ ਜਾ ਰਹੇ। ਰਾਜਕੁਮਾਰ ਜੀ ਜਿਨੂਨੀਆਂ ਨਾਲ ਸੁਰਤ ਲਾਕੇ ਹਾਰ ਬੈਠੇ, ਮਾਨੋ ਧਤੂਰਾ ਖਾ ਬੈਠੇ, ਅਕਲ ਦੀਆਂ ਕੂੰਜੀਆਂ ਗਵਾ ਬੈਠੇ। ਹੋਸ਼ ਦੀ ਦਵਾ ਲੈਣ ਗਿਆ ਨੌਕਰ ਹਕੀਮਖਾਨੇ ਹੀ ਰਹਿ ਗਿਆ। ਖਿਆਲਾਂ ਦਾ ਵਲਵਲਾ ਉਠਦਾ ਹੋਇਆ ਝਗ ਵਾਕਰ ਬੈਠ ਗਿਆ। ਸ਼ਹੀਦਾਂ ਦੀ ਗਵਾਹੀ ਭਰਦਾ ਹੋਇਆ ਆਪ ਹੀ ਰਹਿ ਗਿਆ। ਗੁੰਗਿਆਂ ਪਾਸ ਸ਼ਰਤ ਹਾਰੀ ਗਈ। ਪਤੰਗਿਆਂ ਦੀ ਕੁਰਬਾਨੀ ਪਿਛੇ ਪੈ ਗਈ। ਜਿਗਰੀ ਘਾਇਲਾਂ ਦਾ ਚੀਕ ਚਿਹਾੜਾ ਸ਼ਰਮਿੰਦਾ ਹੋ ਗਿਆ।

**"ਮ੍ਰਿਗ ਮੀਨਾ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾਂ ਮਹਿ ਤਾਕੀ ਕੇਤਕ ਆਸ"**

[ਆਸਾ ਰਵਿ, ਪੰਨਾ-੪੮੬]

॥੩॥

੧ੴ ਸਤਿਗੁਰ ਪ੍ਰਸਾਦਿ॥

**"ਉਨ੍ਕੈ ਸੰਗਿ ਤੂ ਕਰਤੀ ਕੇਲ॥ ਉਨ੍ਕੈ ਹਮ ਤੁਮ ਸੰਗ ਮੇਲ॥ ਉਨ੍ਕੈ ਸੰਗਿ ਤੁਮ ਸਭੁ ਕੋਊ ਲੋਰੈ॥ ਓਸੁ ਬਿਨਾ ਕੋਊ ਮੁਖੁ ਨਹੀਂ ਜੋਰੈ॥੧॥ ਤੇ ਬੈਰਾਗੀ ਕਹਾ ਸਮਾਏ॥ ਤਿਸੁ ਬਿਨੁ ਤੁਹੀ ਦੁਹੇਰੀ ਰੀ॥੧॥ਰਹਾਉ॥ ਉਨ੍ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ॥ ਉਨ੍ਕੈ ਸੰਗਿ ਤੂ ਹੋਈ ਹੈ ਜਾਹਰਿ॥ ਉਨ੍ ਕੈ ਸੰਗ ਤੂ ਰਖੀ ਪਪੋਲਿ॥ ਓਸੁ ਬਿਨਾਂ ਤੂ ਛੁਟਕੀ ਰੋਲਿ॥੨॥ ਉਨ੍ਕੈ ਸੰਗ ਤੇਰਾ ਮਾਨੁ ਮਹਤੁ॥ ਉਨ੍ਕੈ ਸੰਗਿ ਤੁਮ ਸਾਕੁ ਜਗਤ॥ ਉਨ੍ਕੈ ਸੰਗਿ ਤੇਰੀ ਸਭ ਬਿਧਿ ਥਾਟੀ॥ ਓਸੁ ਬਿਨਾ ਤੂੰ ਹੋਈ ਹੈ ਮਾਟੀ॥੩॥ ਓਹੁ ਬੈਰਾਗੀ ਮਰੈ ਨ ਜਾਇ॥ ਹੁਕਮੇ ਬਾਧਾ ਕਾਰ ਕਮਾਇ॥ ਜੋੜਿ ਵਿਛੋੜੇ ਨਾਨਕ ਥਾਪਿ॥ ਅਪਨੀ ਕੁਦਰਤਿ ਜਾਣੈ ਆਪਿ"॥੪॥੩੧॥੮੨॥** [ਆਸਾ ਮਹਲਾ ੫, ਪੰਨਾ-੩੯੦]

ਰਾਜਕੁਮਾਰ ਦੇ ਪਕੜੇ ਜਾਣ ਤੋਂ ਪਿਛੋਂ ਕਾਇਆਂਕੋਟ ਦਾ ਬੁਰਾ ਹਵਾਲ ਹੋ ਗਿਆ। ਆਵਾਜਾਈ ਦਾ ਬਾਜ਼ਾਰ ਮਧਮ ਪੈ ਗਿਆ। ਜਿਨਸ ਅੰਦਰ ਲੰਘਣੋਂ ਰਹ ਗਈ। ਨੈਣੂ ਦਰਵਾਜੇ ਲੂਹੇ ਗਏ ਅਤੇ ਸੁਨੀਅਰਾਂ ਦੇ ਚੌਂਕੀਦਾਰ ਸ਼ਰਾਬਾਂ ਪੀ ਪੀ ਕੇ ਮਸਤ ਹੋ ਰਹੇ। ਫੌਜ ਦਾ ਰੁਜੀਨਾ ਬੰਦ ਹੋ ਜਾਣ ਦੇ ਕਾਰਣ ਕੁਝ ਸਿਪਾਹੀ ਬੀਮਾਰ ਹੋ ਗਏ। ਕੁਝ ਮਾਰੇ ਫਾਕਿਆਂ ਦੇ ਮਰ ਗਏ, ਕੁਝ ਨਸ ਭਜ ਗਏ।

ਰਾਜਕੁਮਾਰ ਦੇ ਫੜੇ ਜਾਣ ਤੋਂ ਪਿਛੇ ਸੁਮਤਿ ਕੌਰ ਦੀ ਬਹੁਤ ਬੁਰੀ ਹਾਲਤ ਹੋ ਗਈ। ਪਹਿਲੇ ਤਾਂ ਬਹੁਤ ਰੋਂਦੀ ਖਪਦੀ ਰਹੀ, ਜਦ ਰੋਂਦੀ ਰੋਂਦੀ ਦੀਆਂ ਅਖਾਂ ਦਾ ਪਾਣੀ ਸੁਕ ਗਿਆ, ਕਲੇਜਾ ਪਕ ਗਿਆ ਤੇ ਸੰਘ ਸੁਕ ਕੇ ਥਕ ਗਿਆ, ਤਾਂ ਗਸ਼ ਖਾ ਗਈ। ਇਸ ਵੇਲੇ ਇਸ ਵਿਚਾਰੀ ਦਾ ਕੋਈ ਦਰਦੀ ਨਹੀਂ, ਜੋ ਇਸ ਭਾਰੀ ਦੁਖ ਨੂੰ ਦੇਖ ਕੇ ਤਰਸ ਕਰੇ; ਪਾਣੀ ਦਾ ਛਟਾ ਮਾਰੇ, ਕਿ ਦੰਦਣ ਹੀ ਖੋਲ੍ਹ ਕੇ ਮੂੰਹ ਵਿਚ ਪਾਣੀ ਚੋਏ। ਜਿਥੇ ਕਿਸਮਤ ਦੀ ਮਾਰੀ, ਵਿਚਾਰੀ ਖੇਹ ਖ੍ਵਾਰੀ ਵਿਚ ਬੇਸੁਰਤ ਪਈ, ਓਥੇ ਹੀ ਪਈ ਰਹੀ।

ਰਾਜਕੁਮਾਰ ਮੰਨਾ ਸਿੰਘ ਦੀ ਮਾਈ, ਪਟਰਾਣੀ ਬੁਧਵੰਤ ਕੌਰ ਕਿਲ੍ਹੇ ਦੀ ਵੈਰਾਨੀ, ਨੌਕਰਾਂ ਚਾਕਰਾਂ ਦੀ ਬੇਈਮਾਨੀ, ਪੁਤ ਦਾ ਅਚਾਨਕ ਕੈਦ ਹੋ ਜਾਣਾ, ਨੂੰਹ ਵਿਚਾਰੀ ਦਾ ਮੌਤ ਦੇ ਦਰਵਾਜੇ ਤਕ ਪਹੁੰਚ ਪੈਣਾ ਆਦਿਕ ਭਾਰੀਆਂ ਤੋਂ ਭਾਰੀਆਂ ਅਪਦਾ ਵੇਖ ਵੇਖਕੇ ਇਤਨੀ ਘਬਰਾਈ ਕਿ ਜਿਸਦਾ ਕੋਈ ਹਦ ਹਿਸਾਬ ਨਹੀਂ। ਪੇਸ਼ ਅਤੇ ਵਾਹ ਕੋਈ ਚਲਦੀ ਨਹੀਂ। ਕੋਈ ਆਸਰਾ ਧਿਰਾਸ ਦਿਸਦਾ ਨਹੀਂ ਜੋ ਕੋਈ ਧੀਰ ਬੰਨਾਵੇ, ਡੁਬਦੇ ਜਾਂਦੇ ਕਲੇਜੇ ਨੂੰ ਸਹਾਰਾ ਅਥਵਾ ਕੋਈ ਸਹਾਇਤਾ ਕਰਨ ਦੀ ਹਾਮੀ ਭਰੇ। ਜਦ ਸਭਨਾਂ ਪਾਸਿਆਂ ਵਲੋਂ ਨਿਰਾਸ ਹੋਈ ਤਾਂ ਗਲ ਵਿਚ ਪਲਾ ਪਾਕੇ ਅਪਣੇ ਪਤੀ ਪਰਮਾਤਮ ਰੂਪ ਸਿੰਘ ਜੀ ਦੇ ਚਰਨਾਂ ਦਾ ਧਿਆਨ ਧਰਕੇ ਇਹ ਬੇਨਤੀ ਕੀਤੀ–

ੴ ਸਤਿਗੁਰ ਪ੍ਰਸਾਦਿ॥

**"ਧਾਇਓ ਰੇ ਮਨ ਦਹਦਿਸ ਧਾਇਓ॥ ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ॥ਰਹਾਉ॥ ਹਰਿ ਕਥਾ ਹਰਿ ਜਸ ਸਾਧ ਸੰਗਤਿ ਸਿਉ ਇਕੁ ਮੁਹਤੁ ਨ ਇਹੁ ਮਨੁ ਲਾਇਓ॥ ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ॥੧॥ ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ॥ ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ॥੨॥ ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ॥ ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ॥੩॥ ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ॥ ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ॥੪॥ ਕਰਉ ਬੇਨਤੀ ਸਾਧ ਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ॥ ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ"॥੫॥੧॥੩॥**

[ਟੋਡੀ ਮ:੫, ਪੰਨਾ–੭੧੨]

ਹੇ ਅਨਾਥ ਨਾਥ, ਦੀਨ ਦਯਾਲ, ਕ੍ਰਿਪਾ ਸਾਗਰ ਜੀ ਆਪ ਇਸ ਵੇਲੇ ਬਾਹੁੜੀ ਕਰੋ। ਕਿਲ੍ਹਾ ਕੋਟ ਵੈਰਾਨ ਹੋ ਗਿਆ, ਰਾਜਕੁਮਾਰ ਕੈਦ ਹੋ ਗਿਆ।

ਅਸੀਂ ਵਿਚਾਰੀਆਂ, ਨਿਮਾਣੀਆਂ, ਨਿਤਾਣੀਆਂ, ਦਰਦ ਰੰਞਾਣੀਆਂ ਇਹ ਭਾਰੀ ਅਪਦਾ ਦੇਖਣ ਲਈ ਅਵਾਰਾ ਰਹ ਗਈਆਂ ਹਾਂ। ਆਪ ਕ੍ਰਿਪਾ ਕਰਕੇ ਆਪਣੇ ਕਿਲ੍ਹੇ ਕੋਟਿ ਦੀ ਖਬਰ ਲਓ। ਇਕਲੌਤੇ ਪਿਆਰੇ ਪੁਤ੍ਰ ਦੀ ਕੁਝ ਸਹਾਯਤਾ ਕਰੋ। ਇਸ ਵੇਲੇ ਬਿਨਾ ਪੁਕਾਰ ਫਰੀਆਦਿ ਦੇ ਹੋਰ ਸਾਡੀ ਕੋਈ ਵਾਹ ਨਹੀਂ ਚਲਦੀ। ਅਸਾਂ ਦੀਨ ਦੁਖੀਆਂ ਤੇ ਕ੍ਰਿਪਾ ਭਰੀ ਨਿਗਾਹ ਕਰੋ। ਆਪਦੇ ਅੰਤਹਪੁਰ ਦੀ ਬੜੀ ਦੁਰਦਸ਼ਾ ਹੋ ਰਹੀ ਹੈ। ਹੇ ਕ੍ਰਿਪਾ ਸਿੰਧੁ ਇਸ ਵੇਲੇ ਦੇਰੀ ਕਰਨ ਦਾ ਵੇਲਾ ਨਹੀਂ।

ਇਸ ਤਰਹ ਦੀਆਂ ਬੇਨਤੀਆਂ ਦੀ ਲਗਾਤਾਰ ਪੁਕਾਰ ਦੀ ਤਾਰ ਮਹਾਰਾਜਾਧਿਰਾਜ ਸ੍ਰੀ ਪਰਮਾਤਮ ਰੂਪ ਸਿੰਘ ਜੀ ਦੇ ਪਾਸ ਪੁਜੀ। ਆਪ ਅਗਮਗੜ ਤੋਂ ਕਾਇਆਂਕੋਟ ਆਏ ਤਾਂ ਅਗੇ **"ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥ ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ"॥੨॥**

[ਸਾਰੰ:ਵਾਰ, ਪੰਨਾ-੧੨੪੪]

ਰਾਜ ਸਾਜ ਸਭ ਵੈਰਾਨ ਹੋ ਚੁਕਾ ਹੈ। ਨੌਕਰ ਕਿਤੇ ਕੋਈ ਹੈ ਨਹੀਂ। ਕਿਤੇ ਕੋਈ ਹੈਨ ਤਾਂ ਸ਼ਰਾਬਾਂ ਪੀ ਪੀ ਕੇ ਪਤਾਲ ਦੀਆਂ ਖਬਰਾਂ ਲੈਣ ਚਲੇ ਗਏ ਹੋਏ ਹਨ। ਸਿਪਾਹੀ ਦਰੋਗੇ ਜਮਾਂਦਾਰ ਆਦਿਕ ਇਕ ਵੀ ਨਹੀਂ। ਇਕ ਪਾਸਿਉਂ ਕਿਲ੍ਹੇ ਨੂੰ ਸੰਨ ਲਗੀ ਹੋਈ ਹੈ। ਹੋਰ ਕੇਈ ਬਾਰਕਾਂ ਖਰਾਬ ਹੋਈਆਂ ਪਈਆਂ ਹਨ। ਕਿਤੇ ਕੂੜਾ ਕਰਕਟ ਭਰਿਆ ਪਇਆ ਹੈ। ਕਿਤੇ ਮੋਰਚੇ ਢਠੇ ਪਏ ਕਿਤੇ ਬੈਠਕ ਸੁੰਨੀ ਪਈ ਹੈ।

ਮਹਾਰਾਜ ਏਹ ਕੌਤਕ ਵੇਖਕੇ ਬੋਲੇ:-

**"ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ॥**
**ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ"॥**

[ਆਸਾ ਮ:੫, ਪੰਨਾ-੪੭੪]

ਹੁਣ ਲਗੇ ਟਿਕਾ ਸਾਹਿਬ ਜੀ ਦੀ ਭਾਲ ਕਰਨ ਕਿ ਕਿਥੇ ਹੈ। ਨੈਣੂ ਦਰਵਾਜੇ ਝੁਲਸੇ ਹੋਏ ਨਜਰੀਂ ਪਏ। ਉਪਰਲੀਆਂ ਬੈਠਕਾਂ ਵਿਚ ਦੇਖਿਆ ਤਾਂ

ਆਤਮ ਵਿਮੈਣੀ ਪਟਰਾਣੀ ਬੁਧਵੰਤ ਕੌਰ ਆਪਣੀ ਗੋਦੀ ਵਿਚ ਸੁਮਤਿ ਕੌਰ ਨੂੰ ਪਾਈ ਹਾੜੇ ਤੇ ਬੇਨਤੀਆਂ ਕਰਦੀ ਜ਼ਾਰੋਕਤਾਰ[1] ਰੋ ਰਹੀ ਹੈ। ਇਸ ਬੇਚਾਰੀ ਦੀਨ-ਮਨਾ (ਨਿਰਹੰਕਾਰ-ਦੀਨ ਮਨ ਵਾਲੀ) ਦੀ ਫ਼ਰੀਆਦ ਪਰ ਮਹਾਰਾਜ ਨੇ ਬਚਨ ਕੀਤਾ ਕਿਉਂ ਇਤਨਾ ਦੁਖੀ ਹੋ ਹੋ ਕੇ ਵਿਰਲਾਪ ਕਰ ਰਹੇ ਹੋ? ਸੁਮਤੀ ਨੂੰ ਕੀ ਹੋਇਆ ਹੈ? ਇਹ ਅੰਮ੍ਰਿਤ ਰੂਪ ਬਚਨ ਰਾਣੀ ਸਾਹਿਬ ਨੇ ਸੁਣਕੇ ਅੱਖਾਂ ਖੋਲ੍ਹੀਆਂ, ਸਾਹਮਣੇ ਮਹਾਰਾਜ ਦਾ ਦਰਸ਼ਨ ਕਰ ਕੇ ਇਹ ਪੁਕਾਰਦੀ ਹੋਈ ਚਰਨਾਂ ਤੇ ਡਿਗ ਪਈ।

**"ਤੂ ਮੇਰੇ ਮੀਤ ਸਖਾ ਹਰਿ ਪ੍ਰਾਨ॥ ਮਨੁ ਧਨੁ ਜੀਉ ਪਿੰਡੁ ਸਭ ਤੁਮਰਾ ਇਹੁ ਤਨੁ ਸੀਤੋ ਤੁਮਰੈ ਧਾਨ॥੧॥ਰਹਾਉ॥ ਤੁਮਹੀ ਦੀਏ ਅਨਿਕ ਪ੍ਰਕਾਰਾ ਤੁਮਹੀ ਦੀਏ ਮਾਨ॥ ਸਦਾ ਸਦਾ ਤੁਮਹੀ ਪਤਿ ਰਾਖਹੁ ਅੰਤਰਜਾਮੀ ਜਾਨ॥੧॥ ਜਿਨ ਸੰਤਨ ਜਾਨਿਆ ਤੂੰ ਠਾਕੁਰ ਤੇ ਆਏ ਪਰਵਾਨ॥ ਜਨਕਾ ਸੰਗੁ ਪਾਈਐ ਵਡਭਾਗੀ ਨਾਨਕ ਸੰਤਨ ਕੈ ਕੁਰਬਾਨ"॥੨॥੪੧॥੬੪॥**

[ਸਾਰੰ:ਮ:੫, ਪੰਨਾ-੧੨੧੬]

**"ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ॥ ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ॥੧॥ਰਹਾਉ॥ ਅਪੁਨੇ ਪਹਿ ਦੂਖ ਅਪੁਨੇ ਪਹਿ ਸੂਖ ਅਪੁਨੇ ਹੀ ਪਹਿ ਬਿਰਥਾ॥ ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪੁਨੇ ਹੀ ਪਹਿ ਅਰਥਾ॥੧॥ ਕਿਨਹੀ ਰਾਜ ਜੋਬਨ ਧਨ ਮਿਲਖਾ ਕਿਨਹੀ ਬਾਪ ਮਹਤਾਰੀ॥ ਸਰਬ ਥੋਕ ਨਾਨਕ ਗੁਰ ਪਾਏ ਪੂਰਨ ਆਸ ਹਮਾਰੀ"॥੨॥੩੪॥੫੭॥** [ਸਾਰੰ:ਮ:੫, ਪੰਨਾ-੧੨੧੫]

ਮਹਾਰਾਜ ਨੇ ਆਪ ਬੁਧਵੰਤ ਕੌਰ ਦਾ ਸਿਰ ਪੈਰਾਂ ਤੋਂ ਚੁਕਿਆ। ਆਂਸੂ ਪੂੰਝੇ ਧੀਰਜ ਦੇ ਬਚਨ ਕਹੇ ਕਿ ਸਾਰਾ ਪ੍ਰਸੰਗ ਸੁਣਾਓ। ਜੋ ਜੋ ਭਾਣਾ ਵਰਤਿਆ ਹੈ ਦਸੋ ਫਿਰ ਸੁਮਤ ਕੌਰ ਤੇ ਕ੍ਰਿਪਾ ਭਰੀ ਨਿਗਾਹ ਕੀਤੀ। ਗੁਲਾਬ ਦੇ ਛੱਟੇ

---

੧ ਜ਼ਾਰੋਕਤਾਰ ਫ਼ਾਰਸੀ ਦਾ ਸ਼ਬਦ ਹੈ ਜਿਸਦਾ ਮਤਲਬ ਹੈ ਕਿ ਹੰਝੂ ਬੂੰਦ-ਦਰ-ਬੂੰਦ ਕਤਾਰ ਬੰਨ੍ਹ ਕੇ ਲਗਾਤਾਰ ਆ ਰਹੇ ਹਨ।


www.sikhbookclub.com

ਮਾਰੇ। ਚੇਤੰਨਤਾ ਫਿਰੀ ਤਾਂ ਰਾਣੀ ਬੁਧਵੰਤ ਕੌਰ ਨੇ ਰੂਪ ਕੌਰ ਦੇ ਅਚਾਨਕ ਕਿਲ੍ਹੇ ਪਰ ਹਮਲਾ ਕਰਕੇ ਟਿਕਾ ਮੰਨਾ ਸਿੰਘ ਨੂੰ ਬੰਨਕੇ ਲੈ ਜਾਣ ਦਾ ਸਾਰਾ ਪ੍ਰਸੰਗ ਸੁਣਾਇਆ। ਮਹਾਰਾਜ ਸਾਰੀ ਵਾਰਤਾ ਸੁਣ ਕੇ ਹਸੇ ਤੇ ਬੋਲੇ ਬਾਲਕ ਹੋਛਾ ਹੀ ਨਿਕਲਿਆ।

**"ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ"॥**

[ਬਿਲਾ:ਮ:੨, ਪੰਨਾ-੧੧੭੧]

ਏਵੇਂ ਠਗਣੀ ਜਫੀ ਦੇ ਕਾਬੂ ਆ ਗਿਆ। ਪਰ ਕੋਈ ਚਿੰਤਾ ਵਾਲੀ ਗਲ ਨਹੀਂ, ਅਕਾਲ ਪੁਰਖ ਭਲੀ ਕਰੇਗਾ। ਮੰਨਾ ਸਿੰਘ ਹੋਰਾਂ ਨੂੰ ਅਮਨ ਅਮਾਨ ਨਾਲ ਓਕਰ ਹੀ ਛੁਡਾ ਲਿਆਵਾਂਗੇ। ਇਹ ਕਹਿਕੇ ਫਿਰ ਸੁਮਤ ਕੌਰ ਨੂੰ ਕਹਿਣ ਲਗੇ।

ਰਾਮਕਲੀ ਵਾਰ ਮਹਲਾ ੫ ਵਿਚੋਂ

**"ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੈ ਉਧਾਰਣੁ॥ ਸੁੰਦਰਿ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣ॥ ਦੁਰਜਨ ਸੇਤੀ ਨੇਹੁ ਰਚਾਇਓ ਦਸ ਵਿਖਾ ਮੈ ਕਾਰਣੁ॥ ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ॥ ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ॥....."** [ਪੰਨਾ-੯੫੯]

ਅਗੋਂ ਸੁਮਤ ਕੌਰ ਨੇ ਅਦਬ ਨਾਲ ਹਥ ਜੋੜ ਸਿਰ ਜ਼ਮੀਨ ਤੇ ਰਖ ਕੇ ਬੇਨਤੀ ਕੀਤੀ।

**".....ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾਹੀ ਦੋਸਾ॥ ਜਿਤੁ ਹਉ ਲਾਈ ਤਿਤੁ ਹਉ ਲਾਗੀ॥ ਤੂ ਸੁਣਿ ਸਚੁ ਸੰਦੇਸਾ॥ ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ॥ ਪਿਰਿ ਅਉਗਣ ਤਿਸਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥ ਕਰਮ ਹੀਣ ਧਨ ਕਰੈ ਬਿਨੰਤੀ॥ ਕਦਿ ਨਾਨਕ ਆਵੈ ਵਾਰੀ॥ ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ"॥੧॥** [ਰਾਮ:ਵਾਰ, ਪੰਨਾ-੯੫੯]

ਇਹ ਸੁਮਤੀ ਦੀ ਬੇਨਤੀ ਸੁਣਕੇ ਧੀਰਜ ਦਿਤਾ।

**"ਕਿਆ ਤੂ ਸੋਚਹਿ ਕਿਆ ਤੂੰ ਚਿਤਵਹਿ ਕਿਆ ਤੂੰ ਕਰਹਿ ਉਪਾਇ॥**
**ਤਾ ਕਉ ਕਹਹੁ ਪਰਵਾਹ ਕਾਹੂੰ ਕੀ ਜਿਹ ਗੋਪਾਲ ਸਹਾਏ"॥**

[ਮਲਾ:ਮ:੫, ਪੰਨਾ–੧੨੬੬]

ਕਹਕੇ ਆਪ ਕਚਹਰੀ ਘਰ ਆਨ ਬਿਰਾਜੇ ਅਤੇ ਭਾਈ ਦ੍ਰਿੜ ਨਿਸਚਾ ਸਿੰਘ ਨਾਮੀ ਮੰਤ੍ਰੀ ਨੂੰ ਯਾਦ ਕੀਤਾ। ਮੰਤ੍ਰੀ ਨੇ ਬੜੇ ਅਦਬ ਨਾਲ ਚਰਨਾਂ ਤੇ ਸਿਰ ਰਖ ਕੇ ਮਥਾ ਟੇਕਿਆ। ਮਹਾਰਾਜ ਨੇ ਸਤਿਕਾਰ ਨਾਲ ਆਪਣੇ ਪਾਸ ਬਿਠਾਇਆ ਅਤੇ ਟਿਕਾ ਸਾਹਿਬ ਜੀ ਦੇ ਕੈਦ ਹੋਣ ਦਾ ਪ੍ਰਸੰਗ ਚਲਾਇਆ। ਨੌਕਰਾਂ ਚਾਕਰਾਂ ਦੀ ਬੇਈਮਾਨੀ, ਕਿਲ੍ਹੇ ਦੀ ਵੈਰਾਨੀ ਪਰ ਮੰਤ੍ਰੀ ਨੇ ਬਹੁਤ ਸੋਕ ਪ੍ਰਗਟ ਕੀਤਾ ਅਤੇ ਇਹ ਭੀ ਨਾਲ ਹੀ ਬੇਨਤੀ ਕੀਤੀ ਕਿ **ਵਿਦੇਹ** ਰਾਜਾ ਦੇ ਮੜੋਲੀ ਨਾਮੇ ਕਿਲ੍ਹੇ ਵਿਚੋਂ ਯੁਵਰਾਜ ਸਾਹਿਬ ਨੂੰ ਰੂਪ ਕੌਰ ਦੇ ਸਮੇਤ ਹੀ ਫਤੇ ਕਰਕੇ ਲਿਆਈਏ ਤਾਂ ਠੀਕ ਹੈ।

ਇੰਨੇ ਤਕ ਭਾਈ ਧੀਰਜ ਸਿੰਘ ਜੀ ਜਰਨੈਲ ਨੇ ਹਥ ਜੋੜ ਕੇ ਫਤੇ ਆ ਗਜਾਈ। ਮਹਾਰਾਜ ਨੇ ਆਦਰ ਨਾਲ ਬਿਠਾਇਆ। ਅਜੇ ਮੰਤ੍ਰੀ ਕੁਝ ਕਹਿਣਾ ਹੀ ਚਾਹੁੰਦਾ ਸੀ ਕਿ ਭਾਈ ਧਰਮ ਸਿੰਘ ਜੀ ਕਰਨੈਲ ਨੇ ਫਤੇ ਬੁਲਾਈ, ਉਸ ਨੂੰ ਭੀ ਮਹਾਰਾਜ ਨੇ ਸਨਮਾਨ ਦੇਕੇ ਬਿਠਾਇਆ। ਇਤਨੇ ਨੂੰ ਮੰਤ੍ਰੀ ਨੇ ਹਥ ਜੋੜ ਕੇ ਬੇਨਤੀ ਕੀਤੀ ਕਿ ਧਰਮਾਵਤਾਰ! ਫੌਜ ਲਈ ਭਰਤੀ ਕੀਤੀ ਜਾਵੇ ਤਾਂ ਠੀਕ ਹੋਵੇ।

ਮਹਾਰਾਜ:ਹਾਂ ਇਹ ਗਲ ਠੀਕ ਹੈ ਪਰ ਸਰਦਾਰ ਪੁਰਾਨੇ ਤਜਰਬੇਕਾਰ, ਬੜੇ ਲਾਇਕ, ਜਿਨ੍ਹਾਂ ਅਗੇ ਕਈ ਜੰਗ ਫਤੇ ਕੀਤੇ ਹੋਣ, ਓਹ ਰਖਣੇ। ਸਰਦਾਰ ਨਵੀਂ ਉਮਰ ਦੇ ਭਰਤੀ ਨਹੀਂ ਕਰਨੇ। ਫੌਜ ਜ਼ਰੂਰ ਨਵੀਂ ਗਭਰੂਟ ਜਵਾਨਾਂ ਦੀ ਰਖੋ, ਇਹ ਪੁਰਾਣੇ ਸਰਦਾਰ ਕਈ ਵਾਰਾਂ ਜੁਧ ਜੰਗਾਂ ਵਿਚ ਫਤੇ ਪਾ ਚੁਕੇ ਹੋਏ ਹਨ, ਸਰਦਾਰ ਉਪਾਸਨਾ ਸਿੰਘ ਮੇਜਰ ਸਾਲਦਾਰ, ਸਰ ਸਰਦਾਰ ਗਿਆਨ ਸਿੰਘ ਜੀਟਨ, ਸਰਦਾਰ ਸੁਬੁਧ ਸਿੰਘ ਰਸਾਲਦਾਰ,

ਸਰਦਾਰ ਸਾਧੂ ਸਿੰਘ ਮੇਜਰ ਸੂਬੇਦਾਰ, ਸਰਦਾਰ ਸੰਤਾ ਸਿੰਘ ਸੂਬੇਦਾਰ, ਸਰਦਾਰ ਸਤਨਾਮ ਸਿੰਘ ਜਮਾਂਦਾਰ, ਸਰਦਾਰ ਭਗਤ ਸਿੰਘ ਦਫੇਦਾਰ, ਸਰਦਾਰ ਸੇਵਾ ਸਿੰਘ ਕੋਤ ਹੌਲਦਾਰ, ਸਰਦਾਰ ਮਿਠਬੋਲਾ ਸਿੰਘ ਹਵਾਲਦਾਰ, ਸਰਦਾਰ ਨਿਰਹੰਕਾਰ ਸਿੰਘ ਨਾਇਕ, ਸਰਦਾਰ ਨੇਮ ਸਿੰਘ ਕਮਾਨੀਅਰ। ਇਨ੍ਹਾਂ ਸਰਦਾਰਾਂ ਨੂੰ ਕਠਿਆਂ ਕਰਕੇ ਹੁਕਮ ਦੇਓ ਕਿ ਅਪਣੀ ਮਰਜ਼ੀ ਮੁਤਾਬਕ ਫੌਜ ਭਰਤੀ ਕਰ ਲੈਣ।

ਮੰਤ੍ਰੀ ਸਾਹਿਬ ਨੇ ਇਸ ਹੁਕਮ ਦੀ ਤਾਮੀਲ ਪੂਰੇ ਤੌਰ ਤੇ ਕੀਤੀ। ਉਪਰ ਕਹੇ ਸਭਨਾਂ ਸਰਦਾਰਾਂ ਨੂੰ ਪ੍ਰੇਮ ਪਤ੍ਰ ਭੇਜਕੇ ਸਦਵਾਇਆ। ਬੜੇ ਆਦਰ ਖਾਤ੍ਰ ਨਾ ਮਿਲੇ। ਏਕਾਂਤ ਵਿਚ ਬੈਠ ਕੇ ਗੁਰਮਤਾ ਕੀਤਾ ਕਿ ਮਹਾਰਾਜ ਦਾ ਹੁਕਮ ਹੈ ਜੋ ਟਿਕਾ ਸਾਹਿਬ ਨੂੰ ਵਿਦੇਹ ਦੀ ਮੜੋਲੀ ਵਿਚੋਂ ਛੁੜਾ ਲਿਆਇਆ ਜਾਵੇ। ਪਰ ਓਥੇ ਤੁਰਕੀ ਫੌਜ ਦਾ ਬੜਾ ਜ਼ੋਰ ਹੈ। ਓਹ ਸਾਰੀ ਰਾਜਧਾਨੀ ਮਾਨੋ ਤੁਰਕਾਂ ਦੀ ਹੋ ਰਹੀ ਹੈ। ਇਸ ਵਾਸਤੇ ਆਪੋ ਆਪਣੇ ਸਜਣਾਂ ਪਿਆਰਿਆਂ ਨੂੰ ਇਜੇਹੇ ਵੇਲੇ ਵੰਗਾਰ ਲੈਣਾ ਠੀਕ ਹੋਊ। ਨਿਰੀ ਨਵੀਂ ਭਰਤੀ ਕੀਤੀ ਫੌਜ ਕੰਮ ਨਹੀਂ ਦੇਵੇਗੀ। ਇਸ ਲਈ ਕੁਝ ਨਾਮੀ ਗਿਰਾਮੀ ਸੂਰਮਿਆਂ ਦੀ ਲੋੜ ਹੈ।

ਇਸ ਪਰ ਸਭ ਤੋਂ ਪਹਲੇ ਸਰਦਾਰ ਉਪਾਸਨਾ ਸਿੰਘ ਹੋਰੀਂ ਬੋਲੇ, ਸਰਦਾਰ ਸਾਹਿਬੋ ਜੋ ਕੁਝ ਮੰਤ੍ਰੀ ਸਾਹਿਬ ਕਹਿੰਦੇ ਹਨ ਠੀਕ ਹੈ। ਇਸ ਵੇਲੇ ਸਿੰਘਾਂ ਨੂੰ ਇਕ ਢਾਲ ਹੇਠ ਕਲਿਆਂ ਹੋਣਾ ਚਾਹੀਦਾ ਹੈ। ਮੇਰੇ ਇਕ ਪਜਾਰੇ ਖਾਲਸਾ ਸਰਦਾਰ ਜੋਗਾ ਸਿੰਘ ਹੋਰੀ ਹਨ। ਗਿਣਤੀ ਦੇ ਸੂਰਮੇ ਹਨ, ਜਿਨਹਾਂ ਦੀ ਬਹਾਦਰੀ ਦੀ ਧਾਂਕ ਜਗਤ ਵਿਚ ਪ੍ਰਸਿਧ ਹੈ। ਕਈ ਜਵਾਨ ਹਰ ਵੇਲੇ ਓਨ੍ਹਾਂ ਦੇ ਨਾਲ ਰਹਿੰਦੇ ਹਨ। ਇਕ ਖਿਣ ਭਰ ਦਾ ਵੀ ਵਿਸਾਹ ਨਹੀਂ ਕਰਦੇ। ਇਨਾਂ ਦੇ ਨਾਮ ਸਮ ਸਿੰਘ, ਦਮ ਸਿੰਘ, ਉਪਰਤਿ ਸਿੰਘ, ਧਜਾਨ ਸਿੰਘ, ਧਾਰਣਾ ਸਿੰਘ, ਸਮਾਧਿ ਸਿੰਘ, ਤਤਿੱਖਜਾ ਸਿੰਘ, ਅਸਤੇਯ ਸਿੰਘ, ਪ੍ਰਾਣਾਯਾਮ ਸਿੰਘ ਆਦਿਕ ਹਨ। ਇਸ ਬਚਨ ਨੂੰ ਸੁਣਕੇ ਸਾਰਿਆਂ ਸਰਦਾਰਾਂ ਵਾਹਵਾ ਦੇ ਜੈਕਾਰੇ ਗਜਾਏ।

ਉਪਰੰਤ ਸਰਦਾਰ ਗਜਾਨ ਸਿੰਘ ਨੇ ਆਖਿਆ ਕਿ ਮੇਰੇ ਵੀ ਇਕ ਸਰਦਾਰ ਮੇਲੀ ਹਨ। ਨਾਮ ਓਹਨਾਂ ਦਾ ਸਰਦਾਰ ਪ੍ਰੇਮ ਸਿੰਘ ਜੀ ਹੈ। ਆਪਣੀ ਸੂਰਮਤਾਈ ਵਿਚ ਸਾਰੇ ਸੰਸਾਰ ਵਿਚ ਉਘੇ ਹਨ। ਇਕ ਜਥਾ ਬਹਾਦਰਾਂ ਦਾ ਹਰ ਵੇਲੇ ਜਿਨਹਾਂ ਦੇ ਨਾਲ ਰਹਿੰਦਾ ਹੈ। ਜਿਨਾਂ ਦੇ ਨਾਂ ਇਹ ਹਨ। ਅਭਜਾਸਾ ਸਿੰਘ, ਆਸਾ ਸਿੰਘ, ਸਿਮਰਨ ਸਿੰਘ, ਰਟਨ ਸਿੰਘ, ਗੇੜਾ ਸਿੰਘ, ਨਾਮ ਸਿੰਘ, ਕੀਰਤਨ ਸਿੰਘ, ਭਜਨ ਸਿੰਘ, ਸਹਜ ਸਿੰਘ, ਅਰਦਾਸਾ ਸਿੰਘ, ਬੇਨਤੀ ਸਿੰਘ, ਕੁਰਬਾਣੀ ਸਿੰਘ, ਮਨਨ ਸਿੰਘ, ਨਿਦਧਜਾਸਨ ਸਿੰਘ। ਇਸ ਪਰ ਫਿਰ ਸਰਦਾਰਾਂ ਨੇ ਧੰਨ ਖਾਲਸਾ ਜੀ ਦੇ ਜੈਕਾਰੇ ਗਜਾਏ।

ਉਪਰੰਤ ਸਰਦਾਰ ਸੁਬੁਧ ਸਿੰਘ ਹੋਰੀ ਬੋਲੇ, ਖਾਲਸਾ ਜੀ ਇਹ ਸਮਾ ਇਕੁਰ ਦਾ ਹੀ ਹੈ। ਆਪੋ ਆਪਣੇ ਹਥਿਆਰ ਆਪੋ ਆਪਣੇ ਸਜਨ ਮਿਤ੍ਰ ਪਿਆਰੇ ਸੂਰਮੇ ਹੀ ਨਿਤਰਨ ਤਾਂ ਵੈਰੀ ਮਾਰੇ ਜਾਣਗੇ। ਨਹੀਂ ਤਾਂ ਫੌਜ ਦੁਸ਼ਮਨ ਦੀ ਕੜੀ ਜਾਪਦੀ ਹੈ। ਮੇਰੇ ਵੀ ਦੋ ਕੁ ਸਰਦਾਰ ਬਹਾਦਰ ਮੇਲੀ ਹਨ ਜਿਨਹਾਂ ਨਾਲ ਰਹਣੀ ਬਹਣੀ ਇਕਠੀ ਹੈ। ਇਕ ਦਾ ਨਾਉਂ ਸਰਦਾਰ ਸਤਿਸੰਗਤ ਸਿੰਘ ਹੈ ਅਤੇ ਦੂਜੇ ਸਰਦਾਰ ਦਾ ਨਾਉਂ ਗੁਰਬਾਣੀ ਸਿੰਘ ਜੀ ਹੈ। ਇਕ ਇਕ ਜਥਾ ਸਿੰਘਾਂ ਦਾ ਇਨਾਂ ਦੇ ਨਾਲ ਰਹਿੰਦਾ ਹੈ। ਸੂਰਮਤਾਈ ਵਿਚ ਇਨਹਾਂ ਦੀ ਕੀ ਸਿਫਤ ਕਰਨੀ ਹੈ, ਆਸਤਕ ਜਨਮ ਧਾਰ ਕੇ ਇਨਹਾਂ ਬਹਾਦਰਾਂ ਨੇ ਕਦੀ ਮੈਦਾਨ-ਏ-ਜੰਗ ਵਿਚ ਪਿਠ ਨਹੀਂ ਦਿਖਾਈ। ਇਨਾਂ ਦੇ ਸਾਥੀ ਸੂਰਮਿਆਂ ਦੇ ਇਹ ਨਾਉਂ ਹਨ, ਦਯਾ ਸਿੰਘ, ਉਪਕਾਰ ਸਿੰਘ, ਸੰਤੋਖ ਸਿੰਘ, ਭਰੋਸਾ ਸਿੰਘ, ਸਰਧਾ ਸਿੰਘ, ਭਉ ਸਿੰਘ, ਭਾਉ ਸਿੰਘ, ਦਾਨ ਸਿੰਘ, ਵਿਸਾਹ ਸਿੰਘ, ਜਗਾਜਾਸ ਸਿੰਘ।

ਦੂਜੇ ਗੁਰਬਾਣੀ ਸਿੰਘ ਜੀ ਦੇ ਜਥੇ ਦੇ ਸਿੰਘ ਏਹ ਹਨ, ਪਾਠ ਸਿੰਘ, ਧੰਨਵਾਦ ਸਿੰਘ, ਰਹਣੀ ਸਿੰਘ, ਬਹਣੀ ਸਿੰਘ, ਕਹਣੀ ਸਿੰਘ, ਰਹੁਰੀਤ ਸਿੰਘ, ਐਮ੍ਰਿਤਵੇਲਾ ਸਿੰਘ, ਕੇਸ ਸਿੰਘ, ਸ੍ਵਾਸਾ ਸਿੰਘ, ਇਸ਼ਨਾਨਾ ਸਿੰਘ, ਬਲਿਹਾਰੀ ਸਿੰਘ, ਉੱਦਮ ਸਿੰਘ, ਹਿੰਮਤ ਸਿੰਘ। ਇਹ ਬਚਨ ਸੁਣ ਕੇ ਸਾਰਿਆਂ ਨੇ ਇਕ ਜੁਬਾਨ ਹੋਕੇ ਕੁਰਬਾਨ ਜਾਈਏ ਖਾਲਸਾ ਜੀ ਦੇ ਜੈਕਾਰੇ ਗਜਾਏ।

 www.sikhbookclub.com

ਇਸਤੋਂ ਉਪਰੰਤ ਸਰਦਾਰ ਸਾਧੂ ਸਿੰਘ ਅਤੇ ਸਰਦਾਰ ਸੰਤ ਸਿੰਘ ਹੋਰੀ ਬੋਲੇ। ਖਾਲਸਾ ਜੀ ਗੁਰਮਤਾ ਏਹੋ ਹੀ ਠੀਕ ਹੈ। ਆਪਣੇ ਵੀ ਇਕ ਦੋ ਸਰਦਾਰ ਮੇਲੀ ਗੇਲੀ ਹਨ। ਜੋ ਇਸ ਵੇਲੇ ਤਨੋਂ ਮਨੋਂ ਸਹਾਯਤਾ ਵਿਚ ਹਾਜ਼ਰ ਸਮਝਣੇ ਚਾਹੀਏ। ਇਕ ਸਰਦਾਰ ਦਾ ਨਾਉਂ ਬਿਬੇਕਾ ਸਿੰਘ ਜੀ ਹੈ ਅਤੇ ਦੂਜੇ ਦਾ ਨਾਉ ਧਿਆਨ ਸਿੰਘ ਜੀ ਹੈ। ਪਹਿਲੇ ਸਰਦਾਰ ਨਾਲ ਫੌਜ ਤਾਂ ਥੋੜੀ ਹੈ ਪਰ ਸਰਦਾਰ ਮਾਰੇ ਬਕਾਰੇ ਵਾਲਾ ਬਹੁਤ ਬੜਾ ਹੈ। ਜਿਸ ਪਾਸਿਓਂ ਲੰਘ ਜਾਏ ਓਹ ਪਰਹਿ[1] ਤ੍ਰਾਹ ਤ੍ਰਾਹ ਕਰ ਉਠਦਾ ਹੈ। ਪਹਿਲੇ ਸਰਦਾਰ ਦੀ ਫੌਜ ਦੇ ਨਾਮੀਂ ਸੂਰਮੇ ਏਹ ਹਨ। ਤਨਖਾਹ ਸਿੰਘ, ਰਹਤ ਸਿੰਘ, ਬਹਤ ਸਿੰਘ, ਅੰਮ੍ਰਿਤ ਸਿੰਘ, ਸਦਾਚਾਰ ਸਿੰਘ, ਸਤ ਸਿੰਘ, ਹਠ ਸਿੰਘ, ਤਪ ਸਿੰਘ, ਜਤ ਸਿੰਘ, ਬ੍ਰਤ ਸਿੰਘ ਅਤੇ ਦੂਜੇ ਸਰਦਾਰ ਦੀ ਫੌਜ ਦੇ ਚੁਣਵੇਂ ਬੀਰ ਬਹਾਦਰ ਏਹ ਹਨ:- ਸੁਰਤਿ ਸਿੰਘ, ਸਬਦ ਸਿੰਘ, ਲਿਵ ਸਿੰਘ, ਤਾਰ ਸਿੰਘ, ਅਨੰਨਜ ਸਿੰਘ, ਏਕਾਗ੍ਰ ਸਿੰਘ, ਅਖੰਡਾਕਾਰ ਸਿੰਘ, ਨਿਰਾਧਾਰ ਸਿੰਘ, ਸਰਬਾਧਾਰ ਸਿੰਘ, ਸਹਿਜਾ ਭਗਤ ਸਿੰਘ। ਸਹਜਾ ਵਿਰਾਗਾ ਸਿੰਘ, ਸਹਜਾ ਜੋਗ ਸਿੰਘ। ਇਸ ਕਹਣੀ ਪਰ ਬਲਿਹਾਰ ਜਾਈਏ ਖਾਲਸਾ ਜੀ ਦੇ, ਜੈਕਾਰੇ ਗਜਾਏ ਗਏ।

ਫਿਰ ਸਰਦਾਰ ਭਗਤ ਸਿੰਘ ਜੀ ਬੋਲੇ:-

ਖਾਲਸਾ ਸੀ ਸਮਾ ਐਸਾ ਆਣ ਬਣਿਆ ਹੈ ਜੋ ਇਸ ਵੇਲੇ ਅਸੀਂ ਕੁਰਬਾਨ ਹੋ ਜਾਈਏ ਤਨ ਮਨ ਧਨ ਸਭੋ ਵਾਰ ਦੇਈਏ। ਪਰੰਤੂ ਅਸਾਂ ਗਰੀਬਾਂ ਦੀ ਪਾਇਆਂ ਕੁਝ ਨਹੀਂ ਅਤੇ ਮੇਲੀ ਗੇਲੀ ਵੀ ਸਰਦਾਰ ਬਹੁਤ ਘਟ ਹਨ। ਪਰ ਥੋੜੀ ਜੇਹੀ ਜਾਣ ਪਛਾਣ ਸਰਦਾਰ ਵੈਰਾਗ ਸਿੰਘ ਹੋਰਾਂ ਨਾਲ ਹੈ। ਅਤੇ ਓਹ ਆਪਣੀ ਕ੍ਰਿਪਾ ਦ੍ਰਿਸ਼ਟੀ ਵੀ ਰਖਦੇ ਹਨ। ਓਨਹਾਂ ਦੀ ਫੌਜ ਦੇ ਤੋਲਵੇਂ ਸੂਰਮੇ ਵੀ ਇਹ ਹਨ:- ਉਪਰਾਮ ਸਿੰਘ, ਨਿਰਵਾਸਾ ਸਿੰਘ, ਵਿਰਕਤ ਸਿੰਘ, ਅਸ੍ਵਾਦ ਸਿੰਘ, ਅਲੋੜ ਸਿੰਘ, ਅਸਪਰਸ ਸਿੰਘ, ਨਿਹਕਿੰਚਨ ਸਿੰਘ, ਨਿਹਕੇਵਲ ਸਿੰਘ, ਨਿਰਬਾਣ ਸਿੰਘ, ਨਿਰਮਾਣ ਸਿੰਘ। ਇਸ ਪਰ ਖਾਲਸਾ ਜੀ ਨੇ ਮਿਲ ਕੇ ਧੰਨਵਾਦ ਦੇ ਜੈਕਾਰੇ ਗਜਾਏ।

---

੧. ਇਕ ਫੌਜ ਦਾ ਦਸਤਾ।

ਉਪਰੰਤ ਸਰਦਾਰ ਸੇਵਾ ਸਿੰਘ ਨੇ ਬਚਨ ਕੀਤਾ: ਖਾਲਸਾ ਜੀ ਇਸ ਵੇਲੇ ਦਾ ਗੁਰਮਤਾ ਬਹੁਤ ਹੀ ਸਲਾਹੁਣੇ ਦੇ ਲਾਇਕ ਹੈ, ਇਸ ਜੰਗ ਦੇ ਸਮੇਂ ਕੋਈ ਸਿੰਘ ਨਾਹ ਨਹੀਂ ਕਰੇਗਾ, ਜਾਨ ਵਿਚ ਜਾਨ ਹੁੰਦਿਆਂ ਤੀਕਰ ਗੁਰ ਖਾਲਸੇ ਦੀ ਸੇਵਾ ਤੋਂ ਮੂੰਹ ਨਹੀਂ ਮੋੜੇਗਾ। ਅਤੇ ਮੈਨੂੰ ਭੀ ਭਰੋਸਾ ਹੈ ਸਰਦਾਰ ਜਗਾਜਾਸਾ ਸਿੰਘ ਅਤੇ ਸਰਦਾਰ ਮਸੋਖਾ ਸਿੰਘ ਹੋਰੀ ਮੇਰੀ ਬੇਨਤੀ ਨੂੰ ਸ੍ਵੀਕਾਰ ਕਰਕੇ ਇਸ ਧਰਮ ਜੁਧ ਵਿਚ ਸ਼ਰੀਕ ਹੋਕੇ ਸੇਵਾ ਦਾ ਹਿਸਾ ਲੈਣਗੇ। ਮੁਖੀ ਸੂਰਮੇ ਇਨਹਾਂ ਦੋਹਾਂ ਦੇ ਇਹ ਹਨ, ਦਾਸ ਸਿੰਘ, ਆਗਤ ਭਾਗਤ ਸਿੰਘ, ਸ੍ਵਾਰਥ ਭਗਤ ਸਿੰਘ, ਟੈਹਲ ਸਿੰਘ, ਚਰਨ ਚਾਪੀ ਸਿੰਘ, ਪਾਨੀਹਾਰ ਸਿੰਘ, ਸੇਵਾਦਾਰ ਸਿੰਘ, ਫ਼ਰਮਾਬਰਦਾਰ ਸਿੰਘ, ਭਾਣਾ ਕਰਤਾਰ ਸਿੰਘ, ਸਦਾ ਹੋਨਹਾਰ ਸਿੰਘ, ਮਨਸਾਧਾਰ ਸਿੰਘ, ਇਸ ਪਰ ਭੀ ਸਰਦਾਰਾਂ ਨੇ 'ਸਦਕੇ ਜਾਈਏ ਖਾਲਸਾ ਜੀ ਦੇ' ਜੈਕਾਰੇ ਗਜਾਏ।

ਪਿਛੇ ਸਰਦਾਰ ਮਿਠ ਬੋਲਾ ਸਿੰਘ ਜੀ ਬੋਲੇ **"ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ॥ ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ॥"** [ਸਾਰੰ ਮ:੫, ਪੰ: ੧੨੨੦] ਇਸ ਦਾਸ ਪਾਸੋਂ ਬਿਨਾ ਪਾਣੀ ਪਖੇ ਦੀ ਸੇਵਾ ਕਰਨ ਦੇ ਹੋਰ ਕੀ ਹੋ ਸਕਦਾ ਹੈ। ਪਰੰਤੂ ਇਕ ਸਰਦਾਰ ਖਿਮਾ ਸਿੰਘ ਹੋਰੀ ਦਾਸ ਪਰ ਬੜੀ ਕਿਰਪਾ ਰਖਦੇ ਹਨ। ਇਸ ਲਈ ਓਹਨਾਂ ਦੀ ਸੇਵਾ ਵਿਚ ਬੇਨਤੀ ਕਰਾਂਗਾ, ਪੂਰੀ ਉਮੈਦ ਹੈ ਕਿ ਆਪਣੀ ਫੌਜ ਦੇ ਸਮੇਤ ਇਸ ਧਰਮ ਕਾਰਜ ਵਿਚ ਹਿਸਾ ਲੈਣਗੇ। ਫੌਜੀ ਸੂਰਮੇ ਵਧਕੇ ਲੜਨ ਵਾਲੇ ਏਹ ਹਨ:- ਭਾਈ ਗੁਜਾਰ ਸਿੰਘ, ਬਖਸ਼ਨ ਹਾਰ ਸਿੰਘ, ਕ੍ਰੋਧ ਮਾਰ ਸਿੰਘ, ਈਰਖਾਮਾਰ ਸਿੰਘ, ਭੁਲ ਵਿਸਾਰ ਸਿੰਘ, ਤੰਦੂਰ ਠਾਰ ਸਿੰਘ, ਰੜਕ ਮਾਰ ਸਿੰਘ, ਸਾਂਤਿ ਹਥਜਾਰ ਸਿੰਘ, ਇਸ ਪਰ ਸਰਦਾਰਾਂ ਨੇ ਵਾਰਨੇ ਜਾਈਏ ਦੇ ਜੈਕਾਰੇ ਗਜਾਏ।

ਉਪਰੰਤ ਸਰਦਾਰ ਨਿਰਹੰਕਾਰ ਸਿੰਘ ਜੀ ਬੋਲੇ:

**"ਮੈਂ ਨਾਹੀਂ ਪ੍ਰਭੁ ਸਭੁ ਕਿਛੁ ਤੇਰਾ"**॥ [ਬਿਲਾ:ਮ:੫, ਪੰ: ੮੨੭]

ਖ਼ਾਲਸਾ ਜੀ ਅਸਾਂ ਸ਼ਹੀਦਾਂ ਨੇ ਕੀ ਕਰਨਾ ਹੋਯਾ। ਪਰ ਇਕ ਸਰਦਾਰ ਨਿਸ਼ਕਪਟ ਸਿੰਘ ਨਾਮੀ ਮੇਰੇ ਨਾਲ ਪ੍ਰੇਮ ਰਖਦੇ ਹਨ। ਅਤੇ ਆਪ ਭੀ ਸੁਖ

ਨਾਲ ਤੁਲਵੇਂ ਸੂਰਮੇ ਹਨ। ਇਨਹਾਂ ਦੇ ਫੌਜੀ ਸਰਦਾਰ ਵੀ ਇਸ ਵੇਲੇ ਦੇ ਪੂਰੇ ਸੂਰਮੇ ਹਨ। ਨਿਰਛਲ ਸਿੰਘ, ਨਿਹਕਾਮ ਸਿੰਘ, ਨਿਰਮੋਹ ਸਿੰਘ, ਨਿਰਵਿਕਾਰ ਸਿੰਘ, ਨਿਰਵੈਰ ਸਿੰਘ, ਨਿਰਾਹਾਰ ਸਿੰਘ, ਨਿਰਮਾਣ ਸਿੰਘ, ਨਿਰਬਾਣ ਸਿੰਘ, ਨਿਰਅਭਿਮਾਨ ਸਿੰਘ, ਨਿਰਨਿੰਦ ਸਿੰਘ, ਨਿਰਚਿੰਦ ਸਿੰਘ, ਨਿਰਦੂੰਦ ਸਿੰਘ, ਇਸ ਪਰ ਸਭਨਾਂ ਸਰਦਾਰਾਂ ਨੇ ਘੋਲੇ ਜਾਈਏ ਖਾਲਸਾ ਜੀ ਦੇ ਜੈਕਾਰੇ ਗਜਾਏ।

ਉਪਰੰਤ ਸਰਦਾਰ ਧੀਰਜ ਸਿੰਘ ਅਤੇ ਸਰਦਾਰ ਧਰਮ ਸਿੰਘ ਹੋਰਾਂ ਨੇ ਬਚਨ ਕੀਤਾ, ਖਾਲਸਾ ਜੀ ਇਹ ਸਾਰੇ ਸਰਦਾਰ ਆਪੋ ਆਪਣੇ ਜਥੇ ਸਮੇਤ ਸਰਦਾਰ ਨੇਮ ਸਿੰਘ ਜੀ ਬਹਾਦਰ ਕਮਾਨੀਰ ਦੀ ਕਮਾਨ ਹੇਠ ਰਹਣ ਤਾਂ ਠੀਕ ਹੋਵੇ ਸਭ ਨੇ 'ਪਰਵਾਨ ਹੈ, ਪਰਵਾਨ ਹੈ' ਦੀ ਪਰਵਾਨਗੀ ਨਾਲ ਗੂੰਜ ਬੰਨ੍ਹ ਦਿਤੀ।

ਮੰਤ੍ਰੀ ਦ੍ਰਿੜ ਨਿਸ਼ਚਾ ਸਿੰਘ ਹੋਰਾਂ ਨੇ ਖੜੇ ਹੋਕੇ ਅਰਦਾਸਾ ਸੋਧਿਆ ਕਿ: "ਸਰਬਤ ਖਾਲਸਾ ਜੀ ਨੇ ਗੁਰਮਤਾ ਕੀਤਾ ਹੈ ਕਿ ਸਰਦਾਰ ਨੇਮ ਸਿੰਘ ਹੁਰਾਂ ਦੀ ਕਮਾਨ ਹੇਠ ਹੋਕੇ ਮੜੌਲੀ ਦੇ ਜੰਗ ਦੀ ਚੜਾਈ ਕਰਨੀ ਹੈ। ਹੇ ਸਤਿਗੁਰੂ ਸਚੇ ਪਾਤਸ਼ਾਹ ਕਲਗੀਆਂ ਵਾਲੇ ਪੰਥ ਦੇ ਵਾਲੀ ਆਪਣਿਆਂ ਦਾਸਾਂ ਦੇ ਅੰਗ ਸੰਗ ਹੋਕੇ ਸਹਾਇਤਾ ਕਰਨੀ। ਅੜੇ ਸੋ ਝੜੇ। ਫਤੇ ਬਖਸ਼ਨੀ। ਧਰਮ ਜੁਧ ਦੇ ਸ਼ਹੀਦਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਨਾ। ਦੁਸਟ ਦੋਖੀਆਂ ਨੂੰ ਦੂਰ ਕਰਨਾ ਸੁਖ ਹੋਵੇ, ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।" ਇਸ ਤੋਂ ਉਪਰੰਤ ਫਤੇ ਦੇ ਜੈਕਾਰੇ ਗਜਾਏ ਅਤੇ ਰੁਖਸਤ ਹੋਏ।

ਆਪੋ ਆਪਣੇ ਡੇਰਿਆਂ ਵਿਚ ਜਾਕੇ ਰੋਜ ਦੀ ਕਵਾਇਦ ਪ੍ਰੇਟ (Parade) ਸੂਰਮਿਆਂ ਅਰੰਭ ਕਰ ਦਿਤੀ। ਮੜੌਲੀ ਦੀ ਲੜਾਈ ਸੁਣਿ ਸੁਣਿ ਕੇ ਸੂਰਮਿਆਂ ਦੇ ਚਾਉ ਤੇ ਉਤਸ਼ਾਹ ਦਿਨੋਂ ਦਿਨ ਸਵਾਏ ਹੋਣ ਲਗੇ। ਸ਼ਿਕਾਰ ਦੀ ਨਿਤ ਸੈਰ ਹੋਣ ਲਗੀ। ਗੋਲੀ ਬਰੂਦ ਖੁਲਾ ਮਿਲ ਗਿਆ। ਹਥਿਆਰਾਂ

ਦੀ ਸਫਾਈ ਸ਼ੁਰੂ ਹੋ ਗਈ। ਬਰਦੀਆਂ ਤਿਯਾਰ ਹੋ ਗਈਆਂ। ਹੁਕਮ ਦੀ ਉਡੀਕ ਨੂੰ ਉਡੀਕਣ ਲਗੇ।

ਇਧਰ ਮੰਤ੍ਰੀ ਨੇ ਸਾਰੇ ਗੁਰਮਤੇ ਦੀ ਖਬਰ ਮਹਾਰਾਜ ਦੀ ਸੇਵਾ ਵਿਚ ਆ ਪੁਚਾਈ। ਹੁਕਮ ਹੋਯਾ ਕਿ ਇਸ ਚੜ੍ਹਾਈ ਤੋਂ ਪਹਿਲੇ ਸੂਹੀਏ ਭੇਜੋ ਜੋ ਪੱਕੀ ਖਬਰ ਲਿਆਉਣ ਤੇ ਪਿਛੋਂ ਫੌਜਕਸ਼ੀ ਹੋਵੇ।

ਇਸ ਹੁਕਮ ਦੀ ਪੂਰਨਤਾ ਲਈ ਮੰਤ੍ਰੀ ਨੇ ਸੋਚ ਸੋਚ ਕੇ ਕੁਝ ਸਿੰਘਣੀਆਂ ਭੇਸ ਬਦਲਾ ਕੇ ਮੜੋਲੀ ਵਿਚ ਭੇਜਣ ਨੂੰ ਤਯਾਰ ਕੀਤੀਆਂ। ਇਨ੍ਹਾਂ ਦੇ ਨਾਮ ਹਨ: ਵਿਮਲ ਵਿਰਾਗ ਕੌਰ, ਅਤੇ ਉਪਰਾਮ ਕੌਰ, ਉਪਦੇਸ਼ ਕੌਰ, ਸਿੰਮ੍ਰਤ ਕੌਰ, ਗੁਰ ਸਿਖਜਾ ਕੌਰ, ਗਿਲਾਨ ਕੌਰ, ਦੋਖ ਦ੍ਰਿਸ਼ਟ ਕੌਰ, ਧਿਰਾਸ ਕੌਰ। ਇਹ ਮਿਰਾਸਣਾਂ ਦੇ ਭੇਸ ਬਦਲ ਕੇ ਢੋਲਕੀਆਂ ਛੈਣੇ ਅਤੇ ਹਾਰਮੋਨੀਅਮ ਬਾਜਾ ਲੈਕੇ ਮੜੋਲੀ ਅਪੜ ਪਈਆਂ। ਜਦ ਦਰਵਾਜੇ ਵਿਚ ਦਰਵਾਨਾਂ ਪੁਛਿਆ, ਤਾਂ ਉਤ੍ਰ ਦਿਤਾ ਕਿ ਅਸੀਂ ਨਿਰਬਾਣਪੁਰੇ ਦੀਆਂ ਮਿਰਾਸਣਾਂ ਹਾਂ। ਰਾਣੀ ਸਾਹਿਬ ਨੂੰ ਚੌਕੀ ਸੁਣਾਉਣੀ ਹੈ। ਇਹ ਖਬਰ ਅੰਦਰ ਖਾਸ ਰਾਣੀ ਸਾਹਿਬ ਪਾਸ ਪੁਜੀ, ਤਾਂ ਹਸੌੜ ਸਖੀ ਨੂੰ ਹੁਕਮ ਹੋਇਆ ਜਾਓ ਸਤਕਾਰ ਨਾਲ ਮਿਰਾਸਣਾਂ ਨੂੰ ਅੰਦਰ ਲੈ ਆਓ। ਹਸੌੜ ਹਸਦੀ ਹਸਦੀ ਆਈ ਅਤੇ ਚਾਂਈ ਚਾਂਈ ਮਿਰਾਸਣਾਂ ਨੂੰ ਨਾਲ ਲੈਕੇ ਮਹਲਾਂ ਵਿਚ ਰਾਣੀ ਸਾਹਿਬ ਦੇ ਪੇਸ਼ ਕੀਤਾ। ਰਾਣੀ ਸਾਹਿਬਾਂ ਨੇ ਵੀ ਕੁਸਲ ਪ੍ਰਸੰਨ ਪੁਛਕੇ ਆਦਰ ਨਾਲ ਬਿਠਾਇਆ। ਮਿਰਾਸਣਾਂ ਨੇ ਚਾਰੇ ਪਾਸੇ ਬਿਜਲੀ ਵਾਕਰ ਨਜ਼ਰ ਫੇਰੀ। ਹੋਰ ਸਬ ਸਖੀਆਂ ਦਾ ਸਮਾਜ ਅਤੇ ਰਾਜ ਸਾਜ ਦੀ ਵਿਭੂਤੀ ਨਜ਼ਰ ਆਈ, ਪਰ ਆਪਣਾ ਰਾਜ ਕੁਮਾਰ ਕਿਤੇ ਨਜ਼ਰ ਨ ਆਇਆ। ਮਾਨੋ ਮਾਰੇ ਹੈਰਾਨੀ ਦੇ ਟੁਟੇ ਲਕ ਨਾਲ ਬੈਠ ਗਈਆਂ। ਬੈਠਦਿਆਂ ਹੀ ਰਾਣੀ ਸਾਹਿਬ ਨੇ ਹੁਕਮ ਕੀਤਾ, ਅਜ ਤਬੀਅਤ ਉਦਾਸ ਹੈ ਕੁਝ ਸੁਣਾਓ। ਮਿਰਾਸਣਾਂ ਨੇ ਸਤ ਬਚਨ ਆਖ ਕੇ ਸਾਜ ਸੁਰ ਕਰਨੇ ਅਰੰਭੇ, ਅਤੇ "ਆਨੰਦ ਗੁਣ ਨਿਧਾਨ" ਦਾ ਸਬਦ ਪੜਕੇ ਇਹ ਸਬਦ ਗਾਉਨਾ ਅਰੰਭ ਕੀਤਾ।

ੴ ਸਤਿਗੁਰ ਪ੍ਰਸਾਦਿ॥

**"ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥ ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥੧॥ ਭਜਹੁ ਗੋਬਿੰਦ ਭੂਲ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥੧॥ਰਹਾਉ॥"**

[ਭੈਰੋਂ:ਕਬੀ:, ਪੰ: ੧੧੫੯]

ਇਸ ਸ਼ਬਦ ਦੇ ਪੂਰਣ ਹੋਇਆਂ ਸਾਮਣੇ ਦਾਲਾਨ ਵਿਚੋਂ ਰਾਜ ਕੁਮਾਰ ਮੰਨਾ ਸਿੰਘ ਹੋਰੀਂ ਦੋਹੁੰ ਚੋਹੁੰ ਸਖੀਆਂ ਦੇ ਨਾਲ ਮਸਤੀ ਵਿਚ ਝੂਮਦੇ ਹੋਏ ਆਏ। ਰਾਣੀ ਰੂਪ ਕੌਰ ਦੇ ਹੁਕਮ ਅਨੁਸਾਰ ਤਖਤ ਦੇ ਸਾਮਣੇ ਆਕੇ ਪੈਰਾਂ ਤੇ ਸਿਰ ਰਖਕੇ ਮਥਾ ਟੇਕਿਆ, ਅਤੇ ਕੁਝ ਚਿਰ ਤਕ ਹੁਕਮ ਦੀ ਉਡੀਕ ਵਿਚ ਖੜੇ ਰਹੇ। ਫਿਰ ਆਗਿਆ ਪਾਕੇ ਸਨਮੁਖ ਹਥ ਜੋੜ ਕੇ ਬੈਠ ਗਏ। ਇਹ ਦਸ਼ਾ ਦੇਖਕੇ ਮਿਰਾਸਣਾਂ ਦੇ ਕਲੇਜੇ ਵਿੰਨ੍ਹੇ ਗਏ ਪਰ ਕੀ ਕਰਨ "ਫਕੀਰ ਦਾ ਕਹਰ ਝੌਂਪੜੀ ਤੇ" ਵਿਮਲ ਵਿਰਾਗ ਕੌਰ ਨੇ ਇਹ ਸ਼ਬਦ ਅਲਾਪਨਾ ਅਰੰਭਿਆ।

ੴ ਸਤਿਗੁਰ ਪ੍ਰਸਾਦਿ॥

**"ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ ਮੂਲੁ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥ ਗੁਰ ਪ੍ਰਸਾਦੀ ਏਕੋ ਜਾਣਹਿ ਤਾ ਦੂਜਾ ਭਾਉ ਨ ਹੋਈ॥ ਮਨਿ ਸਾਂਤਿ ਆਈ ਵਜੀ ਵਾਧਾਈ ਤਾ ਹੋਆ ਪਰਵਾਣੁ॥ ਇਉ ਕਹੈ ਨਾਨਕੁ ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ॥੫॥ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ॥ ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ॥ ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ॥ ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ॥ ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ॥ ਇਉਂ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ॥੬॥ ਮਨ ਤੂੰ ਮਤਿ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥ ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ॥ ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ**

**ਲਖਾਵਹੇ॥ ਆਪਣੇ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ॥ ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ॥ ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ॥੭॥"** [ਆ. ਮ: ੩, ਛੰਤ ਘਰ ੨, ਪੰ: ੪੪੧]

ਇਸ ਸ਼ਬਦ ਦੇ ਭੋਗ ਪੈਂਦਿਆਂ ਸਾਰ ਉਪਦੇਸ਼ ਕੌਰ ਨੇ ਇਹ ਸ਼ਬਦ ਅਲਾਪਿਆ।

**"ਮਮਾ ਮੂਲ ਗਹਿਆ ਮਨੁ ਮਾਨੈ॥ ਮਰਮੀ ਹੋਇ ਸੁ ਮਨ ਕਉ ਜਾਨੈ॥ ਮਤ ਕੋਈ ਮਨ ਮਿਲਤਾ ਬਿਲਮਾਵੈ॥ ਮਗਨ ਭਇਆ ਤੇ ਸੋ ਸਚੁ ਪਾਵੈ॥੩੧॥ ਮਮਾ ਮਨ ਸਿਉ ਕਾਜੁ ਹੈ ਮਨੁ ਸਾਧੇ ਸਿਧਿ ਹੋਇ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥੩੨॥ ਇਹੁ ਮਨੁ ਸ਼ਕਤੀ ਇਹ ਮਨੁ ਸੀਉ॥ ਇਹੁ ਮਨੁ ਪੰਚ ਤਤੁ ਕੋ ਜੀਉ॥ ਇਹੁ ਮਨੁ ਲੇ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ॥੩੩॥"**

[ਬਾ:ਅਖ:ਗਉ:ਕਬੀ:, ਪੰ: ੩੪੨]

ੴ ਸਤਿਗੁਰ ਪ੍ਰਸਾਦਿ॥

**"ਜੋ ਪਰਾਇਓ ਸੋਈ ਅਪਨਾ॥ ਜੋ ਤਜਿ ਛੋਡਨ ਤਿਸ ਸਿਉ ਮਨੁ ਰਚਨਾ॥੧॥ ਕਹਹੁ ਗੁਸਾਈ ਮਿਲੀਐ ਕੇਹ॥ ਜੋ ਬਿਬਰਜਤ ਤਿਸ ਸਿਉ ਨੇਹ॥੧॥ਰਹਾਉ॥ ਝੂਠ ਬਾਤ ਸਾ ਸਚੁ ਕਰਿ ਜਾਤੀ॥ ਸਤਿ ਹੋਵਨੁ ਮਨਿ ਲਗੈ ਨ ਰਾਤੀ॥੨॥ ਬਾਵੈ ਮਾਰਗੁ ਟੇਢਾ ਚਲਨਾ॥ ਸੀਧਾ ਛੋਡਿ ਅਪੂਠਾ ਬੁਨਨਾ॥੩॥ ਦੂਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ॥ ਜਿਸ ਮੇਲੇ ਨਾਨਕ ਸੋ ਮੁਕਤਾ ਹੋਈ॥੪॥੨੯॥੯੮॥"** [ਗਉ:ਗ:ਮ:੫ ਚਉ:,ਪੰ: ੧੮੫]

ਇੰਨੇ ਤਕ ਉਪਰਾਮ ਕੌਰ ਨੇ ਇਹ ਸਲੋਕ ਦਿਤੇ।

**"ਠਗਾ ਨੀਹੁ ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ॥**
**ਸੁਖ ਘਟਾਊ ਭੂਇ ਇਸ ਪੰਧਾਣੂ ਘਰ ਘਣੇ॥੩॥"**

[ਮਾਰੂ ਵਾਰ ਮ: ੫, ਪੰ: ੧੦੯੮]

"ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥"
[ਵਾਰ ਮਾਰੂ, ਪੰ: ੧੧੦੨]

ਗੁਰ ਸਿਖਿਆ ਕੌਰ ਨੇ ਇਹ ਸ਼ਬਦ ਪੜ੍ਹਿਆ:-

"ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਸ੍ਰਵਣਿ ਸੋਏ ਸੁਣਿ ਨਿੰਦ ਵੀਚਾਰ॥ ਰਸਨਾ ਸੋਈ ਲੋਭਿ ਮੀਠੈ ਸਾਦਿ॥ ਮਨੁ ਸੋਇਆ ਮਾਇਆ ਬਿਸਮਾਦਿ॥੧॥ ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥੧॥ਰਹਾਉ॥ ਸਗਲ ਸਹੇਲੀ ਅਪਨੈ ਰਸ ਮਾਤੀ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥ ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥੨॥ ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤ ਨ ਭਾਈ॥ ਦਰਬਿ ਸਿਆਣਪ ਨਾ ਓਇ ਰਹਤੇ॥ ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥ ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ ਸੰਤਨ ਧੂਰਿ ਸਰਬ ਨਿਧਾਨ॥ ਸਾਬਤ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥ ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹੁ ਪੂੰਜੀ ਸਾਬਤ ਧਨੁ ਮਾਲੁ॥" [ਗਉੜੀ ਗੁਆਰੇਰੀ ਮ:੫, ਪੰ: ੧੮੨]

ਜਦ ਸਿਮ੍ਰਿਤ ਕੌਰ ਵਲ ਟਿਕਾ ਜੀ ਦੀ ਨਜ਼ਰ ਪਈ ਤਾਂ ਨਾਲ ਹੀ ਗਿਲਾਨ ਕੌਰ ਬੈਠੀ ਹੋਈ ਸਲੋਕ ਦੇ ਰਹੀ ਸੀ:

"ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ॥ ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ॥੧॥ ਅਬ ਮਨ ਜਾਗਤ ਰਹੁ ਰੇ ਭਾਈ॥ ਗਾਫਲੁ ਹੋਇਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ॥੧॥ਰਹਾਉ॥ ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ॥ ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ॥੨॥ ਨਉ ਘਰ ਦੇਖਿ ਸੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥ ਕਹਤੁ ਕਬੀਰ ਨਵੈ ਘਰ ਮੂਸੇ ਦਸਵੇਂ ਤਤੁ ਸਮਾਈ"॥੩॥੨੨॥੭੩॥ [ਗਉੜੀ ਕਬੀਰ, ਪੰ: ੩੩੯]

**"ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥੧॥ਰਹਾਉ॥ ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥੨॥ ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨ ਹੋਇਗੋ ਭਸਮ ਕੀ ਢੇਰੀ॥੩॥ ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥੪॥ ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ॥ ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥੫॥"** [ਸੋਰਠ ਰਵਿਦਾਸ ਜੀ, ਪੰ: ੬੫੯]

ਫਿਰ ਵਿਮਲ ਵਿਰਾਗ ਕੌਰ ਨੇ ਇਹ ਸ਼ਬਦ ਪੜ੍ਹਿਆ।

**"ਮਨ ਭੂਲਉ ਭਰਮਸਿ ਆਇ ਜਾਇ॥ ਅਤਿ ਲੁਬਧ ਲੁਭਾਨਉ ਬਿਖਮ ਮਾਇ॥ ਨਹ ਅਸਥਿਰੁ ਦੀਸੈ ਏਕੁ ਭਾਇ॥ ਜਿਉ ਮੀਨ ਕੁੰਡਲੀਆ ਕੰਠਿ ਪਾਇ॥੧॥ ਮਨੁ ਭੂਲਉ ਸਮਝਸਿ ਸਾਚਿ ਨਾਇ॥ ਗੁਰ ਸਬਦੁ ਬੀਚਾਰੇ ਸਹਜ ਭਾਇ॥੧॥ ਰਹਾਉ॥ ਮਨ ਭੂਲਉ ਭਰਮਸਿ ਭਵਰ ਤਾਰ॥ ਬਿਲ ਬਿਰਥੇ ਚਾਹੈ ਬਹੁ ਬਿਕਾਰ। ਮੈਗਲ ਜਿਉ ਫਾਸਸਿ ਕਾਮਹਾਰ॥ ਕੜਿ ਬੰਧਨਿ ਬਾਧਿਓ ਸੀਸ ਮਾਰ॥ ੨॥ ਮਨ ਮੁਗਧੌ ਦਾਦਰੁ ਭਗਤਿਹੀਨੁ॥ ਦਰਿ ਭ੍ਰਸਟ ਸਰਾਪੀ ਨਾਮ ਬੀਨੁ॥ ਤਾਕੈ ਜਾਤਿ ਨ ਪਾਤੀ ਨਾਮ ਲੀਨ॥ ਸਭ ਦੂਖ ਸਖਾਈ ਗੁਣਹਿ ਬੀਨ॥ ੩॥ ਮਨੁ ਚਲੈ ਨ ਜਾਈ ਠਾਕਿ ਰਾਖੁ॥ ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ॥ ਤੂੰ ਆਪੇ ਸੁਰਤਾ ਆਪਿ ਰਾਖੁ॥ ਧਰਿ ਧਾਰਣ ਦੇਖੈ ਜਾਣੈ ਆਪਿ॥ ੪॥"** [ਅਸਟ: ਬਸੰਤ ਮ:੧, ਪੰ: ੧੧੮੭]

ਇਹ ਚੌਕੀ ਹੋ ਰਹੀ ਹੈ ਕਿ ਇਕ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਸੁਰ ਤਾਲ ਲੈ ਇਕੋ ਜੇਹੀ ਮਿਲਵੀ ਸਾਜਾਂ ਦੀ ਸੁਰ ਮਿਲੀ ਹੋਈ। ਵੇਲੇ ਦੇ ਰਾਗ ਦਾਰੀ ਦੀ ਅਲਾਪ, ਢੋਲਕੀ ਤਬਲੇ ਤੇ ਆ ਧਾ ਦੀ ਥਾਪ ਨੇ ਤਾਸੀਰ ਵੀ ਪੂਰੀ ਕੀਤੀ। ਰਾਣੀ ਤੇ ਰਾਜ ਭਵਨ ਦੀਆਂ ਸਖੀਆਂ ਸਹੇਲੀਆਂ ਗੋਲੀਆਂ ਸਭ ਸੁੰਨ ਹੋ ਗਈਆਂ। ਐਸੀਆਂ ਮਸਤ ਕਿ ਮਾਨੋ ਕਿਸੇ ਨੇ ਲਖਾਂ ਮਣਾਂ ਦਾ ਨਸ਼ਾ ਪਿਲਾ

ਦਿਤਾ ਹੈ। ਪਰ ਰਾਜ ਕੁਮਾਰ ਦੇ ਕਲੇਜੇ ਵਿਚ ਇਨਹਾਂ ਸ਼ਬਦਾਂ ਨੇ ਤਿਖੇ ਤੀਰਾਂ ਦਾ ਕੰਮ ਕੀਤਾ। ਘਾਇਲ ਹੋਏ ਵਾਂਗ ਤੜਫਣੀ ਲਗੀ। ਲੋਟਨ ਕਬੂਤਰ ਵਾਂਗ ਲੋਟ ਪੋਟ ਹੋ ਗਿਆ। ਗਿਲਾਨ ਕੌਰ ਦੇ ਸ਼ਬਦ ਨੇ ਪਿਛਲਾ ਚੇਤਾ ਕਰਾ ਦਿਤਾ। ਇਸ ਚੇਤਾਵਨੀ ਨੇ ਕੰਮ ਬਰਛੀ ਦਾ ਦਿਤਾ। ਮੰਨਾ ਸਿੰਘ ਦਾ ਮਨ ਪਰੋਤਾ ਗਿਆ। ਗਿਲਾਨ ਕੌਰ ਅਤੇ ਦੋਖ ਦ੍ਰਿਸ਼ਟ ਕੌਰ ਨੇ ਤਾੜਿਆ ਕਿ ਸਾਡਾ ਆਉਣਾ ਸਫ਼ਲ ਹੋਇਆ। ਰਾਜ ਕੁਮਾਰ ਨੂੰ ਜੇਹੜੀ ਰੂਪ ਕੌਰ ਨੇ ਖੁਮਾਰੀ ਚਾੜੀ ਸੀ ਸੋ ਲਥੀ ਜਾਪਦੀ ਹੈ। ਪਰ ਐਸਾ ਨਾ ਹੋਵੇ ਕਿਤੇ ਇਜੇਹੀ ਹਾਲਤ ਵਿਚ ਰਾਜਕੁਮਾਰ ਆਤਮਘਾਤ ਕਰ ਬੈਠੇ। ਇਸ ਲਈ ਕੋਈ ਧੀਰਜ ਦਾ ਬਾਨਣੂੰ ਬੰਨਣਾ ਚਾਹੀਏ। ਤਾਂ ਧਿਰਾਸ ਕੌਰ ਨੇ ਇਹ ਸ਼ਬਦ ਅਰੰਭਿਆ।

**"ਕਾਹੇ ਮਨ ਤੂੰ ਡੋਲਤਾ ਹਰਿ ਮਨਸਾ ਪੂਰਣਹਾਰੁ॥ ਸਤਿਗੁਰੁ ਪੁਰਖੁ ਧਿਆਇ ਤੂੰ ਸਭ ਦੁਖ ਵਿਸਾਰਣਹਾਰੁ॥ ਹਰਿ ਨਾਮਾ ਆਰਾਧਿ ਮਨ ਸਭਿ ਕਿਲਵਿਖ ਜਾਹਿ ਵਿਕਾਰ॥ ਜਿਨ ਕਉ ਪੂਰਬਿ ਲਿਖਿਆ ਤਿਨ ਰੰਗੁ ਲਗਾ ਨਿਰੰਕਾਰ॥ ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰ॥ "** [ਰਾਮ:ਵਾਰ ਮ:੫, ਪੰ: ੯੫੯]

**"ਸੂਰ ਬੀਰ ਧੀਰਜ ਮਤਿ ਪੂਰਾ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ॥ ਸਦਾ ਮੁਕਤੁ ਤਾਕੇ ਪੂਰੇ ਕਾਮ॥ ਜਾਕੈ ਰਿਦੈ ਵਸੈ ਹਰਿਨਾਮ॥"**

[ਰਾਮਕਲੀ ਮ:੫, ਪੰ: ੮੯੧]

ਇਸ ਸ਼ਬਦ ਨੇ ਠੀਕ ਜ਼ਖ਼ਮਾਂ ਤੇ ਲੂਣ ਛਿੜਕਣ ਵਾਲਾ ਕੰਮ ਕੀਤਾ।

**"ਲਾਗੀ ਹੋਇ ਸੁਜਾਨੈ ਪੀਰ॥ ਰਾਮ ਭਗਤਿ ਅਣੀਆਲੇ ਤੀਰ॥"**

[ਗਉੜੀ, ਪੰ: ੩੨੭]

ਰਾਣੀ ਅਤੇ ਸਖੀ ਸਮਾਜ ਸਾਰਾ ਗ਼ਾਫ਼ਲ ਦੇਖ ਕੇ, ਰਾਜਕੁਮਾਰ ਨੇ ਇਸ ਮੌਕੇ ਨੂੰ ਹਥੋਂ ਨਾ ਜਾਣ ਦਿਤਾ। ਓਸੇ ਹੀ ਸੁਰ ਤਾਰ ਲੈ ਵਿਚ ਸਾਜਾਂ ਨਾਲ ਮਿਲਦੀ ਜੁਲਦੀ ਸੁਰ ਵਿਚ ਅਲਾਪਨਾ ਅਰੰਭ ਕਰ ਦਿਤਾ, ਜਿਸ ਵਿਚ ਅਪਣੀ ਬੇਬਸੀ ਅਤੇ ਅਧੀਨਗੀ ਕੁਟ ਕੁਟ ਕੇ ਭਰੀ ਸੀ।

**"ਲੋਭ ਲਹਰਿ ਅਤਿ ਨੀਝਰ ਬਾਜੈ॥ ਕਾਇਆ ਡੂਬੈ ਕੇਸਵਾ॥੧॥ ਸੰਸਾਰੁ ਸਮੁੰਦੇ ਤਾਰਿ ਗੁਬਿੰਦੇ॥ ਤਾਰਿ ਲੈ ਬਾਪ ਬੀਠੁਲਾ॥੧॥ਰਹਾਉ॥ ਅਨਿਲ ਬੇੜਾ ਹਉ ਖੇਵਿ ਨ ਸਾਕਉ॥ ਤੇਰਾ ਪਾਰੁ ਨ ਪਾਇਆ ਬੀਠੁਲਾ॥੨॥ ਹੋਹੁ ਦਇਆਲੁ ਸਤਿਗੁਰੁ ਮੇਲਿ ਤੂੰ ਮੋਕਉ॥ ਪਾਰਿ ਉਤਾਰੈ ਕੇਸਵਾ॥੩॥ ਨਾਮਾ ਕਹੈ ਹਉ ਤਰਿ ਭੀ ਨ ਜਾਨਉ॥ ਮੋਕਉ ਬਾਹ ਦੇਹਿ ਬਾਂਹ ਦੇਹਿ ਬੀਠਲਾ॥੪॥"** [ਬਸੰਤੁ ਨਾਮ ਦੇਵ, ਪੰ: ੧੧੯੬]

ਇਸ ਜਿਗਰ ਚੀਰਵੇਂ ਸ਼ਬਦ ਦੀ ਲੈ ਨੇ ਸਮਾਜ ਨੂੰ ਹੋਰ ਵੀ ਮਸਤ ਕੀਤਾ। ਪਰ ਉਪਦੇਸ਼ ਕੌਰ ਨੇ ਵੇਲਾ ਹਥੋਂ ਨਾ ਜਾਣ ਦਿਤਾ ਤੇ ਸ਼ਬਦ ਦੇ ਵਿਚ ਹੀ ਇਹ ਸਲੋਕ ਦਿਤਾ।

**"ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨਿ ਕੈ॥**
**ਗੁਰਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ॥"**

[ਵਾਰ:ਗੂਜਰੀ, ਪੰ: ੫੨੧]

ਇਸ ਪਰ ਰਾਜਕੁਮਾਰ ਨੇ ਓਸੇ ਆਪਣੇ ਪਸਚਾਤਾਪ ਦੇ ਭਰੇ ਹੋਏ ਜੋਸ਼ ਵਿਚ ਆਪਣੀ ਦਸ਼ਾ ਜੋ ਕੁਝ ਏਥੇ ਬੀਤ ਰਹੀ ਸੀ ਓਸੇ ਸੁਰ ਤਾਰ ਲੈ ਵਿਚ ਗਾਵੀਂ।

**"ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥੧॥ ਰਹਾਉ॥ ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥੧॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂ ਨਾਹੀ॥ ਏਕ ਬਾਤ ਸੁਨਿ ਤਾਕੀ ਓਟਾ ਸਾਧ ਸੰਗ ਮਿਟਿ ਜਾਹੀ ॥੨॥ ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥ ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥੩॥ ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥ ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ"॥੪॥੪॥੧੨੫॥** [ਗਉ:ਮ:੫, ਪੰ: ੨੦੫]

**"ਅਵਰਿ ਪੰਚ ਹਮ ਏਕ ਜਨਾ ਕਿਉ ਰਾਖਹੁ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥੧॥"**

[ਗਉੜੀ ਚੇਤੀ ਮਹਲਾ ੧, ਪੰ: ੧੫੫]

ਇਸ ਪਰ ਗੁਰ ਸਿਖਜਾ ਕੌਰ ਨੇ ਇਹ ਸਲੋਕ ਦਿਤਾ।

**"ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ॥
ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰ॥"**

[ਗੂਜ:ਵਾਰ, ਪੰ: ੫੨੩]

ਟਿਕਾ ਸਾਹਿਬ ਲਈ ਇਹ ਸਲੋਕ ਚਾਬਕ ਦਾ ਕੰਮ ਕਰ ਗਿਆ। ਪਰ ਬੇਬਸੀ ਦੀਆਂ ਵਾਗਾਂ ਕੁਝ ਕਰਨ ਨਹੀਂ ਦੇਂਦੀਆਂ ਸਨ। ਜੋਸ਼ ਠਲਿਆ ਨਹੀਂ ਜਾਂਦਾ। ਪਾਣੀ ਬਣਕੇ ਅਖਾਂ ਥਾਣੀ ਸੋਮਾ ਫੁਟ ਨਿਕਲਿਆ ਅਤੇ ਇਸ ਸ਼ਬਦ ਦਾ ਭਾਵ ਮਾਨੋ ਰੋਮ ਰੋਮ ਵਿਚੋਂ ਫੁਟ ਫੁਟ ਕੇ ਨਿਕਲ ਤੁਰਿਆ। ਇਹ ਸ਼ਬਦ ਗਾਉਂਦਾ ਹੋਇਆ ਕਿਤੇ ਕਿਤੇ ਰਾਜਕੁਮਾਰ ਬਿਹਬਲ ਹੋ ਹੋ ਜਾਣ ਲਗਾ।

**"ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ॥ ਸਾਰਿ ਸਮ੍ਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ॥੧॥ ਹਮ ਬਾਰਿਕ ਪਿਤਾ ਪ੍ਰਭ ਦਾਤਾ॥ ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਹੀ ਜਹ ਜਾਤਾ॥੧॥ ਰਹਾਉ॥ ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ॥ ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜ ਤਬ ਖੇਲੈ॥੨॥ ਜਿਸਕਾ ਪਿਤਾ ਤੂਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ॥ ਨਵਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ॥੩॥ ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ॥ ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ ਮੋਹਿ ਹ੍ਰਿਦੈ ਬਸਹਿ ਨਿਤ ਚਰਨਾ॥੪॥੨॥"** [ਮਲਾਰ ਮ: ੫, ਪੰ: ੧੨੬੬]

ਇਸ ਸ਼ਬਦ ਨੇ ਰਾਜਕੁਮਾਰ ਨੂੰ ਹਦੋਂ ਬਾਹਰਾ ਰੁਆਇਆ, ਅਤੇ ਨਿਢਾਲ ਕਰ ਦਿਤਾ। ਪਰ ਰਾਜ ਭਵਨ ਵਿਚ ਅਚਰਜ ਤਰਹ ਨੀਂਦ ਛਾਈ ਰਹੀ, ਕਿ

ਕਿਸੇ ਨੂੰ ਵੀ ਅਪਨੇ ਤਨ ਬਦਨ ਦੀ ਸੁਧ ਬੁਧ ਨਹੀਂ ਰਹੀ। ਤਿਸ ਪਰ ਗਿਲਾਨ ਕੌਰ ਨੇ ਚੀਰੇ ਹੋਏ ਦਿਲ ਤੇ ਇਕ ਹੋਰ ਚਿਰਕਾ ਦਿਤਾ।

**"ਮੈਂ ਕੀਤਾ ਨ ਜਾਤਾ ਹਰਾਮ ਖੋਰੁ**
**ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥"**

[ਸਿਰੀ:ਮ: ੧, ਪੰ: ੨੪]

ਇਸ ਵੇਲੇ ਰਾਜਕੁਮਾਰ ਦੀ ਦਸ਼ਾ ਅਕਹ ਸੀ ਤੇ ਬਾਰੰਬਾਰ ਇਸ ਸਲੋਕ ਨੂੰ ਅਲਾਪਦਾ ਸੀ।

**"ਖੰਭ ਵਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥**
**ਤੰਨਿ ਜੜਾਂਈ ਆਪਣੈ ਲਹਾ ਸੁ ਸਜਣੁ ਟੋਲਿ॥"**

[ਸ:ਵਾ:ਤੇ:ਵ: ਮ:੫, ਪੰ: ੧੪੨੬]

ਇਕ ਹੋਰ ਸ਼ਬਦ ਆਪਣੇ ਤਨ, ਮਨ, ਹਾਰੇ ਹੋਏ ਰਾਜਕੁਮਾਰ ਨੇ ਗਾਂਵਿਆ। ਪਰ ਬਹੁਤ ਜਗਹ ਗਲਾ ਰੁਕ ਰੁਕ ਗਿਆ ਤੇ ਕਲੇਜਾ ਫੁਟ ਫੁਟ ਕੇ ਬਾਹਰ ਉਛਲਨ ਨੂੰ ਪਿਆ। ਬਿਹੋਸ਼ੀ ਨੇ ਵੀ ਕੇਈ ਵਾਰੀ ਆਪਣੀ ਸੂਰਤ ਦਿਖਾਈ, ਪਰ ਰਾਜ ਕੁਮਾਰ ਨੇ ਆਪਣੀ ਅਭਿਲਾਖਾ ਇਸ ਵਿਚ ਪੂਰੀ ਤਰਹ ਪ੍ਰਗਟ ਕਰ ਦਿਤੀ।

**"ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥ ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੁਲਾਈਆ॥ ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ॥ ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥ ਮਨੁ ਅਰਪਿਹੁ ਹਉਮੈ ਤਜਹੁ ਇਤ ਪੰਥ ਜੁਲਾਈਆ॥ ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗ ਮਿਲਾਈਆ॥ ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ॥ ਤੁਧ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ"॥੧੨॥** [ਮਾਰੂ ਡਖ ਮ: ੫, ਪੰ: ੧੦੯੮]

ਇਨ੍ਹਾਂ ਸ਼ਬਦਾਂ ਪਰ ਮੰਨਾ ਸਿੰਘ ਹੋਰਾਂ ਦੀ ਬੇਬਸੀ ਪਿਤਾ ਮਿਲਨ ਦੀ ਅਭਿਲਾਖਾ, ਦੀਨਤਾ, ਬੇਨਤੀ, ਪ੍ਰੇਮ ਆਪਣੇ ਕੀਤੇ ਕਰਮਾਂ ਦਾ ਪਛਤਾਵਾ

ਆਦਿਕ ਬਾਰਤਾ ਸਭ ਸੂਹੀਅਣਾਂ ਨੇ ਸਮਝ ਲਈ ਤਾਂ ਧਿਰਾਸ ਕੌਰ ਨੇ ਪਉੜੀ ਲਾਈ ਜਿਸਦੇ ਪਹਿਲੇ ਇਹ ਸਲੋਕ ਗਾਵੇ:

**"ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥੩॥ ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥ ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ"॥੪॥੧॥੪॥੫੫॥** [ਗਉੜੀ ਕਬੀਰ ਜੀ, ਪੰ: ੩੩੫]

**"ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ॥ ਹਰਿ ਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ॥ ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ॥ ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ॥ ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ"॥੮॥**

[ਸੋਰਠ ਦੀ ਵਾਰ, ਪੰ: ੬੪੫]

ਪਉੜੀ ਵੇਲੇ ਤਬਲੇ ਦੀ ਥਾਪ ਜੋਰ ਨਾਲ ਪਈ, ਰਾਗ ਤਾਲ ਦਾਦਰਾ ਹੋ ਗਿਆ। ਪਿਛਲੇ ਬਸੇ ਹੋਏ ਰਾਗ ਦੀ ਤਾਸੀਰ ਉਤਰ ਗਈ। ਰਾਣੀ ਰੂਪ ਕੌਰ ਤੇ ਹੋਰ ਸਖੀਆਂ ਸਹੇਲੀਆਂ ਸਭੇ ਜਾਗ ਪਈਆਂ। ਇਧਰੋਂ ਚੌਂਕੀ ਦਾ ਭੋਗ ਪੈ ਗਿਆ। ਵਾਹ ਵਾਹ ਧੰਨ ਧੰਨ ਦੀ ਅਵਾਜ਼ ਨੇ ਰਾਜਮਹਲ ਭਰਪੂਰ ਕਰ ਦਿਤਾ। ਰਾਗਣਾਂ ਨੇ ਸਲੋਕ ਪੜਿਆ ਤੇ ਸਾਜ ਸਮੇਟੇ।

ਰਾਣੀ ਸਾਹਿਬਾ ਬੜੇ ਹੀ ਪ੍ਰਸੰਨ ਹੋਏ। ਬਹੁਤ ਇਨਾਮ ਇਕਰਾਮ ਦਿਤਾ ਤੇ ਆਖਿਆ ਜੇ ਕਦੀ ਆਪ ਏਥੇ ਰਹੋ ਤਾਂ ਆਪਦਾ ਘਰ ਹੈ; ਮੈਨੂੰ ਸੇਵਕਾ ਸਮਝੋ, ਅੰਨ ਪਾਣੀ ਕਰਤਾਰ ਦਾ ਹੈ। ਜੇ ਇਹ ਝੌਂਪੜੀ ਪਸਿੰਦ ਨਾ ਹੋਵੇ, ਤਾਂ ਕਿਰਪਾ ਕਰਕੇ ਕਦੀ ਕਦੀ ਦਰਸਨ ਦਾ ਲਾਭ ਦੇਕੇ ਕ੍ਰਿਤਾਰਥ ਕਰਦੇ ਰਹਣਾ। ਇਸ ਪਰ ਵਿਮਲ ਵਿਰਾਗ ਕੌਰ ਨੇ ਆਖਿਆ, ਰਾਣੀ ਸਾਹਿਬਾ ਅਸੀਂ ਲੋਗ ਰਾਜ ਮੰਦਰਾਂ ਵਿਚ ਰੰਹਦੇ ਹੋਏ ਨਹੀਂ ਸੋਭਦੇ। ਜਿਥੇ ਰਾਤ ਪਈ ਸਾਡਾ ਮਕਾਮ ਹੈ। ਜਿਥੇ ਦਿਨ ਚੜਿਆ ਸਾਡਾ ਪੰਧ ਹੈ।

**"ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ॥**
**ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥"**

[ਸਿਰੀ ਰਾਗ ਮ:੪, ਪੰ: ੪੧]

ਏਹ ਰਾਜ ਭਵਨ ਅਤੇ ਰਾਜ ਸਮਾਜ ਕਰਤਾਰ ਆਪ ਜੈਸੇ ਰਾਜਿਆਂ ਮਹਾਰਾਜਿਆਂ ਲਈ ਰਚਿਆ ਹੈ। ਆਪ ਰਹੋ, ਬਹੋ, ਵਸੋ, ਰਸੋ, ਪ੍ਰਾਰਬਧ ਅਨੁਸਾਰ ਬਿਲਾਸ ਕਰੋ। ਸਾਡਾ ਆਉਣਾ ਜਾਣਾ ਕਰਤਾਰ ਦੇ ਅਧੀਨ ਹੈ, ਸਾਡੇ ਵਸ ਨਹੀਂ। ਹੁਕਮ ਨਾਲ ਫੇਰਾ ਹੈ।

ਫਿਰ ਰਾਣੀ ਨੇ ਆਖਜਾ ਕੋਈ ਮੇਰੇ ਲਾਇਕ ਟੈਹਲ ਸੇਵਾ ਹੋਵੇ ਤਾਂ ਆਪ ਕਿਰਪਾ ਕਰਕੇ ਕਹੋ ਜਿਸਨੂੰ ਕਰਕੇ ਮੈਂ ਆਪਣਾ ਆਪ ਸਫਲ ਮੰਨਾਂ।

ਧਿਰਾਸ ਕੌਰ ਨੇ ਆਖਿਆ ਕਰਤਾਰ ਨੇ ਕਿਸੇ ਗਲ ਦੀ ਇਛਾ ਬਾਕੀ ਨਹੀਂ ਰਖੀ। ਪਰੰਤੂ **"ਦੀਦਨੇ ਦੀਦਾਰ ਸਾਹਿਬ ਕਛੁ ਨਹੀਂ ਇਸਕਾ ਮੋਲੁ"** [ਪੰਨਾ ੭੨੪] ਪਰਮਾਣ ਕਰਨੀ ਜ਼ਰੂਰੀ ਹੈ ਇਸ ਲਈ ਆਪਣੇ ਰਾਜ ਭਵਨ ਦਾ ਦਰਸਨ ਕਰਾ ਦਿਓ।

ਇਸ ਬਾਤ ਪਰ ਰਾਣੀ ਬਹੁਤ ਹੀ ਪ੍ਰਸੰਨ ਹੋਈ। ਵਿਰਾਗ ਕੌਰ ਦਾ ਹਥ ਪਕੜ ਕੇ ਸਿੰਘਾਸਨ ਤੋਂ ਉਠ ਖਲੋਤੀ ਅਤੇ ਆਪਣੇ ਅੰਦਰਲੇ ਰਾਜ ਮਹਲ, ਕਚਹਰੀ, ਘਰ, ਆਰਾਮ ਘਰ, ਆਦਿਕ ਦਿਖਾਉਂਦੀ ਹੋਈ ਉਪਰ ਚਾਰ ਕਮਾਨ ਦੇ ਚਬੂਤ੍ਰੇ ਪਰ ਲੈ ਚੜੀ। ਸਾਰੇ ਸ਼ਹਿਰ ਕਿਲੇ ਦੀ ਹਾਲਤ ਓਥੋਂ ਦਿਖਾਈ ਤੇ ਕਿਹਾ ਕਿ ਇਹ ਰਾਜਾ ਵਿਦੇਹ ਦਾ ਬਣਾਇਆ ਮੜੌਲੀ ਨਾਮ ਕਰਕੇ ਕਿਲ੍ਹਾ ਹੈ। ਤਿਹਰੀ ਇਸਦੇ ਗਿਰਦ ਖਾਈ ਹੈ। ਇਸ ਦੇ ਸਾਮਣੇ ਬੁਰਜ ਵਿਚ ਗੜ੍ਹਰਖਾਂ, ਸਿਪਹਸਾਲਾਰ, ਮਦਾਰੁਲ ਮਹਾਮ, ਵਜ਼ੀਰ-ਏ-ਆਜ਼ਮ ਰਹਿੰਦਾ ਹੈ। ਜਿਸਦੇ ਹਥ ਵਿਚ ਇਹ ਸਾਰੇ ਕਿਲ੍ਹੇ ਦਾ ਅਤੇ ਸਿਪਾਹ ਦਾ ਬੰਦੋਬਸਤ ਹੈ। ਇਹ ਦੇਖੋ ਬੁਰਜਾਂ ਤੇ ਤੋਪਾਂ ਚਾੜ੍ਹੀਆਂ ਹੋਈਆਂ ਹਨ। ਔਹ ਦੇਖੋ ਸੂਰਮਿਆਂ, ਬਹਾਦਰਾਂ, ਸਿਪਾਹੀਆਂ ਦੀਆਂ ਰਹਣ ਵਾਲੀਆਂ ਬਾਰਕਾਂ (Barracks) ਹਨ। ਸਿਪਾਹ ਸਾਰੀ ਤੁਰਕੀ ਹੈ।

ਦੋਖਦ੍ਰਿਸ਼ਟ ਕੌਰ ਨੇ ਪੁਛਿਆ: ਰਾਣੀ ਸਾਹਿਬ ਇਹ ਕੀ ਗਲ, ਸਾਰੀ ਫੌਜ ਤੁਰਕੀ ਕਿਉਂ ਹੈ?

ਰਾਣੀ ਸਾਹਿਬ ਨੇ ਆਖਿਆ: ਤੁਰਕੀ ਫੌਜ ਰਖਣ ਦਾ ਇਕ ਖਾਸ ਕਾਰਣ ਹੈ। ਆਪਣੀ ਜਾਤ ਬਿਰਾਦਰੀ ਅਥਵਾ ਮਜ਼ਹਬ ਦੇ ਨੌਕਰ ਚਾਕਰ ਕੰਮ ਨਹੀਂ ਦਿੰਦੇ। ਇਸ ਗੁਮਾਨ ਵਿਚ ਹਰ ਵੇਲੇ ਭਰੇ ਹੋਏ ਗਮਾਨੀ ਹੋ ਜਾਂਦੇ ਹਨ ਕਿ ਇਹ ਰਾਜ (ਹਕੂਮਤ) ਸਾਡਾ ਹੈ। ਪਰ ਦੂਜੀ ਕੌਮ ਦੇ ਕੰਮ ਜਾਨ ਤੋੜ ਕੇ ਕਰਦੇ ਹਨ। ਜਦ ਵਡਿਆਈ ਦਿਤੀ ਜਾਵੇ ਤਾਂ ਸ਼ੁਕਰ ਗੁਜ਼ਾਰ ਹੁੰਦੇ ਹਨ। ਹਾਕਮ ਨੂੰ ਹਾਕਮ ਜਾਣਦੇ ਹਨ ਅਤੇ ਅਪਣੇ ਆਪ ਨੂੰ ਮਹਕੂਮ ਸਮਝਦੇ ਹੋਏ, ਹਕ-ਖਿਦਮਤ ਅਦਾ ਕਰਦੇ ਹਨ। ਮੇਰੀ ਸਮਝ ਵਿਚ ਕੌਮ ਪਰਵਰੀ ਕਰਨੀ ਹੋਵੇ ਤਾਂ ਜਾਗੀਰ ਦੇ ਦੇਣੀ, ਮਾਫੀ ਦੇਣੀ ਬਹੁਤ ਚੰਗੀ ਹੈ। ਇਸ ਗਲ ਪਰ ਉਪਰਾਮ ਕੌਰ ਕੁਝ ਕੁ ਹਸ ਪਈ ਤੇ ਬਹੁਤ ਹੌਲੀ ਨਾਲ ਦੀ ਭੈਣ ਨੂੰ ਆਖਿਆ: ਹਰ ਇਕ ਰਾਜਾ ਆਪਣੀ ਨੀਤ ਮਿਰਜਾਦਾ ਦਾ ਆਪ ਮੁਖ਼ਤਾਰ ਤੇ ਜ਼ੁਮੇਵਾਰ ਹੈ। ਕਿਸੇ ਨੂੰ ਇਸ ਵਿਚ ਕੀ ਤਰਕ। ਪਰ ਆਪਣਿਆਂ ਤੇ ਬੇ ਵਿਸਾਹੀ ਤੇ ਓਪਰਿਆਂ ਤੇ ਵਿਸਾਹ, ਅਗੇ ਤਾਂ ਕਿਸੇ ਭਲੀ ਰਾਜਧਾਨੀ ਦਾ ਨਿਯਮ ਨਹੀਂ ਸੁਣਿਆ।

ਪਰ ਜਿਥੇ ਵਜੀਰ ਹੀ ਓਪਰੇ ਹੋਏ ਉਥੇ ਇਹ ਨਿਯਮ ਕਿਉਂ ਨਾ ਹੋਣ ਤੇ ਆਪਣਿਆਂ ਤੇ ਵਿਸਾਹ ਕਿਸ ਤਰਾਂ ਬਣ ਆਵੇ।

**ਦੋਖਦ੍ਰਿਸ਼ਟ ਕੌਰ**: ਰਾਣੀ ਸਾਹਿਬ ਇਹ ਤਾਂ ਦਸੋ ਇਹ ਫੌਜ ਲੜਾਕੀ ਕੈਸੀ ਕੁ ਹੈ?

**ਰਾਣੀ ਸਾਹਿਬ**: ਅਜ ਤਕ ਜਿਥੇ ਕਿਤੇ ਇਸ ਫੌਜ ਦਾ ਇਕ ਅਧਾ ਦਸਤਾ ਭੇਜਿਆ ਹੈ, ਫ਼ਤੇ ਹੀ ਕਰਕੇ ਆਇਆ ਹੈ। ਕਦੀ ਇਨਹਾਂ ਕਿਸੇ ਪਾਸੋਂ ਭਾਂਜ ਨਹੀਂ ਖਾਧੀ। ਕਦੀ ਕੋਈ ਇਹਨਾਂ ਨੂੰ ਜਿਤ ਨਹੀਂ ਸਕਿਆ। ਬੜੇ ਬੜੇ ਗਿਣਤੀ ਦੇ ਛਟੇ ਹੋਏ ਲੜਾਕੇ ਜੋ ਸਭਨੀਂ ਗਲੀਂ ਸਾਮਰਥ ਹਨ ਸੋ ਸਿਪਹਸਾਲਾਰ ਨੇ ਚੁਣ ਚੁਣ ਕੇ ਭਰਤੀ ਕੀਤੇ ਹੋਏ ਹਨ। ਕੀ ਸਿਫ਼ਤ ਕਰਾਂ! ਇਨਾਂ ਨੇ ਬੜੇ ਬੜੇ ਮੋਨੀ, ਹਠੀ, ਤਪੀ, ਜਤੀ, ਸਤੀ, ਬ੍ਰਤੀ, ਰਿਖੀ, ਮੁਨੀ ਆਦਿਕ ਧੌਣ

ਨਪਕੇ ਮੇਰੇ ਚਰਨੀਂ ਆਨ ਪਾਏ ਹਨ। ਮੇਰੇ ਆਂਢ ਗੁਆਂਢ ਦੇ ਅਮੀਰ, ਰਾਈਸ, ਰਾਣੇ ਸਭ ਮੇਰੀ ਆਣ ਮੰਨਦੇ ਹਨ। ਇਸ ਲਈ ਜਿਥੋਂ ਤਕ ਮੁਨਾਸਬ ਹੈ, ਇਨਹਾਂ ਦੀ ਤਲਬ, ਤਨਖਾਹ, ਇਨਾਮ, ਰੁਜੀਨਾ, ਰਸਦ ਵਗੈਰਹ ਦਾ ਬੰਦੋਬਸਤ ਵਜ਼ੀਰ-ਏ-ਆਜ਼ਮ ਦੇ ਹਥੀਂ ਹੋ ਰਿਹਾ ਹੈ। ਕੋਈ ਬਾਹਰੋਂ ਮੁਹਿੰਮ ਆ ਬਣੇ ਤਾਂ ਗਿਰਦ ਦੇ ਰਾਣੇ ਰਾਜੇ ਸਭ ਕੁਮਕ ਲੈਕੇ ਅਪੜ ਪੈਂਦੇ ਹਨ। ਇਸ ਲਈ ਕੋਈ ਸ਼ਤਰੂ ਨਹੀਂ, ਜੋ ਇਸ ਵੇਲੇ ਮੇਰੀ ਵਲ ਅਖ ਪਰਤ ਕੇ ਦੇਖ ਸਕੇ। ਇਹ ਕਹਿੰਦੀ ਹੀ ਸੀ ਕਿ ਅਚਾਨਕ ਗਰੂਰ ਖਾਨ ਅਤੇ ਸਊਰ ਖਾਂ ਨੇ ਝੁਕ ਕੇ ਸਲਾਮ ਕੀਤੀ। ਇਧਰੋਂ ਵਿਮਲ ਵਿਰਾਗ ਕੌਰ ਨੇ ਰੁਖ਼ਸਤ ਚਾਹੀ। ਰਾਣੀ ਦਾ ਖਿਆਲ ਵਜ਼ੀਰ ਵਲ ਪਰਤ ਗਿਆ ਸੀ। ਇਸ ਲਈ ਇਨਹਾਂ ਨੂੰ ਰੁਖ਼ਸਤ ਕਰ ਦਿਤਾ। ਫਿਰ ਵਜ਼ੀਰ ਨੇ ਅਦਬ ਨਾਲ ਬੇਨਤੀ ਕੀਤੀ ਕਿ ਅਜ ਹਜ਼ੂਰ ਨੇ ਥੋੜੀ ਜੇਹੀ ਗਲਤੀ ਕੀਤੀ ਹੈ।

**ਰਾਣੀ**: (ਹੈਰਾਨ ਹੋ ਕੇ) ਓਹ ਕੇਹੀ ਗਲਤੀ ਅਤੇ ਕੀਕਰ ਹੋਈ?

**ਸਊਰ ਖਾਂ**: ਹਜ਼ੂਰ ਇਹ ਜੋ ਮਿਰਾਸਣਾਂ ਆਈਆਂ ਸਨ, ਜੋ ਹਜ਼ੂਰ ਨੇ ਹੁਣੇ ਰੁਖ਼ਸਤ ਕੀਤੀਆਂ ਹਨ, ਇਨਹਾਂ ਦੀ ਕੋਈ ਜਾਣ-ਪਹਚਾਣ ਵੀ ਹੈ ਕਿ ਨਹੀਂ?

**ਰਾਣੀ**: ਇਹ ਲੋਕ ਆਪਣੇ ਪੇਟ ਦੀ ਖਾਤ੍ਰ ਅਮੀਰਾਂ ਨੂੰ ਗਾਉਂ ਕੇ ਰਿਝਾਂਦੇ ਰਹਿੰਦੇ ਹਨ। ਇਨਹਾਂ ਦੀ ਜਾਣ ਪਹਚਾਣ ਦੀ ਕਿਸੇ ਨੂੰ ਕੀ ਲੋੜ ਹੋਈ?

**ਸਊਰ ਖਾਂ**: ਇਹੋ ਤਾਂ ਧੋਖੇ ਖਾਣ ਵਾਲੀ ਗਲ ਹੈ, ਇਸ ਫ਼ਕੀਰੀ ਦੇ ਭੇਸ ਹੇਠ ਬਹੁਤ ਕੁਝ ਲੁਕਿਆ ਹੋਇਆ ਹੈ। ਆਪ ਜ਼ਰਾ ਵਿਚਾਰ ਕੇ ਦੇਖੋ ਜੇ ਕਿਸੇ ਦੁਸ਼ਮਨ ਦੀ ਤਰਫ਼ੋਂ ਜਾਸੂਸ (ਸੂਹੀਏ) ਬਣਾਉਤ ਬਣਾ ਕੇ ਆਈਆਂ ਹੋਣ ਤਾਂ ਫਿਰ ਕੀ ਹੋਵੇ? ਹੈ ਕਿ ਨਹੀਂ ਸਾਰਾ ਭੇਤ ਪੜਦਾ ਕਢ ਕੇ ਲੈ ਗਈਆਂ। ਇਸ ਲਈ ਅਰਜ਼ ਹੈ, ਆਪ ਜ਼ਰਾ ਗ਼ੌਰ ਨਾਲ ਸੋਚ ਸਮਝ ਕੇ ਕੰਮ ਕਰਿਆ ਕਰੋ। ਪਹਿਲੇ ਇਕ ਦੋ ਦਿਨ ਕੇਵਲ ਰਸਦ ਭੇਜ ਦੇਣੀ ਮੁਨਾਸਬ ਸੀ, ਰਹਿਣ ਲਈ ਮਕਾਨ ਦੇਕੇ, ਖ਼ਿਦਮਤ ਲਈ ਆਪਣੇ ਨੌਕਰ ਮੁਕਰਰ ਕਰਕੇ ਵਿਚੋਂ ਵਿਚ ਦੀ ਸਾਰਾ ਭੇਤ ਲੈਕੇ ਫਿਰ ਮੁਲਾਕਾਤ ਕਰਨੀ ਸੀ। ਇੰਨੇ ਚਿਰ ਵਿਚ ਆਦਮੀ ਆਪਣੇ ਆਪ ਸਭ ਤਰਹ ਖ਼ਬਰਦਾਰ ਹੋ ਜਾਂਦਾ ਹੈ।

 www.sikhbookclub.com

**ਰਾਣੀ**: ਬੇਸ਼ਕ ਇਸ ਗਲ ਵਿਚ ਗਲ਼ਤੀ ਹੀ ਹੋਈ। ਪਰ ਹੁਣ ਤਾਂ ਵੇਲਾ ਲੰਘ ਗਿਆ, ਦੇਖੀ ਜਾਏਗੀ।

**ਸ਼ਊਰ ਖਾਂ**: ਇਹ ਤਾਂ ਆਪ ਸਚ ਕਹਿੰਦੇ ਹੋ ਪਰ ਅਗੇ ਲਈ ਇਜੇਹੇ ਮੌਕਿਆਂ ਪਰ ਬਹੁਤ ਚੌਕਸ ਰਹਣਾਂ ਚਾਹੀਏ। ਮੈਨੂੰ ਸ਼ੱਕ ਪੈਂਦਾ ਹੈ ਕਿ ਇਹ ਔਰਤਾਂ ਸੂੰਹੀਆਂ ਸਨ, ਤੇ ਟੋਹ ਲਾਉਣ ਲਈ ਆਈਆਂ ਸਨ।

**ਰਾਣੀ**: ਫਿਰ ਹੁਣ ਕੁਝ ਬੰਦੋਬਸਤ ਹੋ ਸਕਦਾ ਹੈ ਤਾਂ ਕਰੋ।

**ਵਜ਼ੀਰ**: ਜਮਾਦਾਰ ਨੂੰ ਮਗਰ ਭੇਜਿਆ ਹੈ ਕੁਝ ਕਰੇਗਾ।

-o-

## ॥੪॥

ਜਦ ਮਹਲਾਂ ਵਿਚੋਂ ਵਿਮਲ ਵਿਰਾਗ ਕੌਰ ਆਦਿਕ ਨਿਕਲੀਆਂ ਤਾਂ ਕਦਮ ਤਿਖੇ ਚੁਕੇ। ਜਮਾਦਾਰ ਨੇ ਹੁਕਮ ਮੂਜਬ ਪਿਛਾ ਕੀਤਾ।

ਜਦ ਇਹਨਾਂ ਨੇ ਆਪਣੇ ਪਿਛੇ ਆਉਂਦਾ ਕੋਈ ਸਿਪਾਹੀ ਮਾਲੂਮ ਕੀਤਾ ਤਾਂ ਹੋਰ ਭੀ ਕਾਹਲੇ ਕਦਮੀਂ ਚਲੀਆਂ। ਇਸਤੋਂ ਜਮਾਦਾਰ ਦੇ ਜੀ ਵਿਚ ਨਿਸਚਾ ਹੋ ਗਿਆ ਜੋ ਇਹ ਨਿਰੀਆਂ ਮਿਰਾਸਣਾਂ ਨਹੀਂ। ਪਰ ਸੀ ਇਕਲਾ, ਕੀ ਕਰੇ? ਪਿਛੇ ਹਟੇ ਤਾਂ ਇਨਾਂ ਦੇ ਗਾਇਬ ਹੋ ਜਾਣ ਦਾ ਡਰ ਤੇ ਅਗੇ ਵਧੇ ਤਾਂ ਉਂਝ ਭੀ ਇਨਾਂ ਦੀ ਗਿਣਤੀ ਤੇ ਬਹਾਦਰ ਸੂਰਤਾਂ ਤੋਂ ਭੈ ਆਵੇ, ਜੋ ਕਿਤੇ ਫੜਕੇ ਹੀ ਨਾਲ ਲੈ ਜਾਂਦੀਆਂ ਹੋਣ। ਇਸ ਬੇਚੈਨੀ ਜੇਹੀ ਵਿਚ ਇਕ ਦਾਉ ਸੁਝਾ। ਜ਼ਰਾ ਕੁ ਪਿਛੇ ਹਟ ਕੇ ਜਮਾਦਾਰ ਨੇ ਐਵੇਂ ਜ਼ੋਰ ਨਾਲ ਅਵਾਜ਼ ਮਾਰੀ ਜੋ ਦੌੜੋ, ਪਕੜੋ। ਸੂਹਣੀਆਂ ਦੇ ਭੀ ਇਹ ਆਵਾਜ ਕੰਨੇ ਪਈ। ਸਮਝਿਆ ਜੋ ਭੇਦ ਖੁਲ ਗਿਆ ਹੈ। ਬਿਅੰਤ ਪਿਆਦੇ ਪਿਛੇ ਲਗੇ। ਤਾਂ ਤੇ ਉਹ ਤੁਰੰਤ ਹਰਨ ਹੋਣਾ ਹੀ ਠੀਕ ਸਮਝ ਕੇ ਸਭੇ ਵਿਚਾਰ ਘੋੜੇ ਪਰ ਸਵਾਰ ਹੋ ਗਈਆਂ। ਕਾਹਲ ਵਿਚ ਵਿਚਾਰੀ ਉਪਰਾਮ ਕੌਰ ਨੇ ਇਕ ਠੇਡਾ ਖਾਧਾ। ਪੈਹਲਾਂ ਤਾਂ ਸੰਭਲੀ, ਪਰ ਅਗੇ ਇਕ ਵਡਾ ਟੋਆ ਸੀ ਸੰਭਲਦੀ ਰਹੀ ਉਸ ਵਿਚ ਘੜੰਮ ਜਾ ਪਈ। ਸਾਥਣਾਂ ਨੇ ਇਸਨੂੰ ਸੰਭਲਦੀ ਦੇਖਕੇ ਜਾਣ ਲਿਆ ਜੋ ਡਰ ਕੋਈ

ਨਹੀਂ ਨਾਲ ਹੀ ਹੈ। ਇਸਦੇ ਡਿਗਣ ਦਾ ਕਿਸੇ ਨੂੰ ਹਫ਼ਲਾ ਤਫ਼ਲੀ ਵਿਚ ਪਤਾ ਨਾ ਲਗਾ ਤੇ ਇਸੇ ਭਰੋਸੇ ਵਿਚ ਬਾਕੀ ਦੀਆਂ ਸਾਰੀਆਂ ਨੇ ਮੜੌਲੀ ਦੀ ਹੱਦੋਂ ਟਪ ਕੇ ਸਾਹ ਲਿਆ। ਉਥੇ ਡਿਠਾ ਤਾਂ ਉਪਰਾਮ ਕੌਰ ਨਾਲ ਨਹੀਂ ਸਮਝੀ। ਸਭ ਨੂੰ ਬੜੀ ਚਿੰਤਾ ਹੋਈ। ਕੁਝ ਚਿਰ ਤਾਂ ਉਡੀਕ ਕੀਤੀ ਜੋ ਸ਼ਾਇਦ ਨੇੜੇ ਹੀ ਹੋਵੇ ਤੇ ਆ ਮਿਲੇ ਫਿਰ ਬਹੁਤ ਟੋਲ ਭਾਲ ਭੀ ਕੀਤੀ ਪਰ ਪਤਾ ਕੁਝ ਨਾ ਲਗਾ। ਜਿਸ ਤੋਂ ਸਮਝਿਆ ਜੋ ਯਾ ਤਾਂ ਉਹ ਪਕੜੀ ਗਈ ਯਾ ਕਿਤੇ ਦੁਸ਼ਮਨਾਂ ਤੋਂ ਬਚਣ ਲਈ ਅਖ ਬਚਾਕੇ ਓਹਲੇ ਹੋ ਗਈ। ਇਸ ਸਮਝ ਵਿਚ ਭੀ ਕੁਝ ਦੇਰ ਉਡੀਕ ਕੀਤੀ ਪਰ ਉਪਰਾਮ ਕੌਰ ਨਾ ਬਹੁੜੀ। ਹੁਣ ਇਕਲੇ ਫੌਜ ਤੋਂ ਬਿਨਾਂ ਚੋਕੰਨੇ ਤੇ ਭਰਮੀ ਦੁਸ਼ਮਨ ਦੇ ਇਲਾਕੇ ਵਿਚ ਜਾਣਾ ਤਾਂ ਵਿਮਲ ਵਿਰਾਗ ਕੌਰ ਨੇ ਠੀਕ ਨਾ ਸਮਝਯਾ ਤੇ ਇਹ ਗੁਰਮਤਾ ਕੀਤਾ ਜੋ ਮੁੜ ਚਲ ਕੇ ਮੰਤ੍ਰੀ ਸਾਹਿਬ ਦੀ ਸੇਵਾ ਵਿਚ ਸਾਰਾ ਹਾਲ ਕਹੀਏ ਫਿਰ ਜਿਸ ਤਰ੍ਹਾਂ ਉਹ ਆਗਿਆ ਦੇਣਗੇ ਕੀਤਾ ਜਾਊ।

ਇਧਰ ਜਮਾਦਾਰ ਨੇ ਉਪਰਾਮ ਕੌਰ ਨੂੰ ਡਿਗਦੀ ਦੇਖ ਲਿਆ। ਇਨੇ ਵਿਚ ਹੀ ਖੈਰ ਮਨਾਈ ਤੇ ਉਸਦੀ ਟੋਲ ਵਿਚ ਬਹੁਤ ਢੂੰਢ ਭਾਲ ਕੀਤੀ। ਪਰ ਉਪਰਾਮ ਕੌਰ ਇਕ ਇਜੇਹੇ ਓਹਲੇ ਹੇਠ ਛਿਪ ਰਹੀ ਕਿ ਮੰਦ ਹਸਨ ਬੇਗ ਦੇਖ ਨਾ ਸਕਿਆ।

ਉਧਰ ਵਿਮਲ ਵਿਰਾਗ ਕੌਰ ਤੇ ਸਾਥਣਾਂ ਛੇਤੀ ਛੇਤੀ ਰਾਹ ਮੁਕਾਕੇ ਮੰਤ੍ਰੀ ਸਾਹਿਬ ਪਾਸ ਅਪੜੀਆਂ ਤੇ ਸਤ ਸ੍ਰੀ ਅਕਾਲ ਗਜਾਇਆ:-

**ਮੰਤ੍ਰੀ**: ਕਹੁ ਸੁਖ ਨਾਲ ਪੁਜੀਆਂ ਹੋ, ਕੋਈ ਔਕੜ ਸੌਕੜ ਤਾਂ ਨਹੀਂ ਬਣੀ?

**ਧਰਾਸਕੌਰ**: ਆਪ੍ਰਦੀ ਕਿਰਪਾ ਕਰਕੇ ਕਾਰਜ ਵਿਚ ਤਾਂ ਕਿਉਂ ਔਕੜ ਆਉਣੀ ਸੀ। ਪਰ ਉਪਰਾਮ ਕੌਰ ਪਿਛੇ ਗੁੰਮ ਹੋ ਗਈ ਹੈ। ਨਾ ਜਾਣੇ ਕਿਸੇ ਸਿਪਾਹੀ ਦੇ ਕਾਬੂ ਆ ਗਈ ਹੈ ਯਾ ਰਾਹ ਖੁੰਜ ਗਈ ਹੈ। ਪਰ ਸਾਡੇ ਨਾਲੋਂ ਭਜਦਿਆਂ ਕਿਤੇ ਬੇਮਲੂਮੀ ਨਿਖੜ ਗਈ ਹੈ।

**ਮੰਤ੍ਰੀ**: ਭੱਜਣ ਦਾ ਕੇਹਾ ਮੌਕਾ ਬਣਿਆ ਸਾ। ਜੋ ਕੁਛ ਓਥੇ ਕਾਰਵਾਈ ਹੋਈ ਹੈ, ਸਾਰੀ ਸੁਣਾਓ। ਵਿਮਲ ਵਿਰਾਗ ਕੌਰ ਨੇ ਪਹਿਲੇ ਇਹ ਸ਼ਬਦ ਖੜਿਆ।

**"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ। ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ ਆਧੇਰੈ ਰਾਹੁ ਨ ਕੋਈ॥ ਵਿਚ ਹਉਮੈਂ ਕਰਿ ਦੁਖੁ ਰੋਈ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥"** [ਵਾਰ ਮਾਝ ੧੫, ਪੰ: ੧੪੫]

**"ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ**
**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥"**

[ਸੂਹੀ ਵ:ਮ: ੧੪, ਪੰ: ੭੯੦]

ਮਹਾਰਾਜ, ਕੀ ਬੇਨਤੀ ਕੀਤੀ ਜਾਵੇ ਓਥੇ ਤਾਂ ਗ਼ਰੂਰ ਖਾਂ ਦੀ ਹਾਕਮੀ ਹੈ। ਜੋ ਚਾਹੇ ਸੋ ਕਰੇ। ਰਾਜਕੁਮਾਰ ਕੈਦੀ ਹੈ, ਓਸਦੀ ਕੋਈ ਵਾਹ ਨਹੀਂ ਚਲਦੀ। ਇਤਨਾ ਕੈਹਕੇ ਸਾਰੇ ਰਾਜਕੁਮਾਰ ਦੇ ਕਹੇ ਹੋਏ ਸ਼ਬਦਾਂ ਦੇ ਭਾਵ ਅਰਥ ਕਰ ਦਿਤੇ ਤੇ ਆਖਿਆ ਜੋ ਇਹ ਭੀ ਸੋਚ ਲੈਣਾ ਕਿ ਓਥੇ ਬੰਦੋਬਸਤ ਬੜੇ ਪਕੇ ਹਨ। ਸਿਪਾਹ ਬੜੀ ਲੜਾਕੀ ਨਿਰੀ ਤੁਰਕੀ ਹੀ ਹੈ। ਜੁਧ ਜੰਗ ਵੇਲੇ ਗਿਰਦਨਵਾਹ (ਆਲੇ ਦੁਆਲੇ) ਦੇ ਰਾਜੇ ਰਾਣੇ ਸਭ ਕੁਮਕ ਲੈਕੇ ਇਕਠੇ ਹੋ ਜਾਣਗੇ। ਕਿਲ੍ਹੇ ਦੀ ਸਫ਼ਾਈ ਬਹੁਤ ਚੰਗੀ ਹੈ, ਪਹਰੇ ਬੜੇ ਮਜ਼ਬੂਤ ਹਨ। ਸਿਪਾਹੀ ਬੜੇ ਚੁਸਤ ਚਾਲਾਕ ਹਨ। ਰਾਣੀ ਆਪ ਫ਼ੌਜ ਦੀ ਕਮਾਨ ਬਹੁਤ ਚੰਗੀ ਕਰ ਸਕਦੀ ਹੈ, ਬਲਕਿ ਵਕਤ ਪਏ ਤੇ ਹਥਜਾਰ ਬੰਨ ਕੇ ਬਹਾਦਰਾਨਾ ਲੜ ਸਕਦੀ ਹੈ। ਜਦ ਅਸੀਂ ਚੌਕੀ ਕਰਕੇ ਰਾਣੀ ਨੂੰ ਨਾਲ ਲੈਕੇ ਰਾਜ ਮਹਲ ਚਬੂਤ੍ਰੇ ਆਦਿਕ ਦੇਖ ਰਹੀਆਂ ਸਾਂ, ਤਾਂ ਅਚਾਨਕ ਹੀ ਵਜ਼ੀਰ ਆ ਗਿਆ। ਓਸਦੇ ਤੇਵਰ ਬਦਲੇ ਹੋਏ ਅਸੀਂ ਤਾੜ ਗਈਆਂ। ਝਟ ਰੁਖ਼ਸਤ ਹੋਕੇ ਰਾਹ ਪਈਆਂ ਜਾਂ ਪਿਛੇ ਸਾਡੇ ਕੋਈ ਸਿਪਾਹੀ ਆਉਂਦਾ ਮਾਲੂਮ ਹੋਇਆ, ਤਾਂ ਅਸਾਂ

ਛੇਤੀ ਕੀਤੀ। ਤਾਂ ਪਿਛੇ ਓਹ ਭੀ ਦੌੜਦਾ ਮਾਲੂਮ ਹੋਇਆ, ਉਸ ਦੇ ਨਾਲ ਹੋਰ ਬਹੁਤ ਹਮਾਇਤੀ ਨੇੜੇ ਹੀ ਹੋਣੇ ਹਨ, ਉਨ੍ਹਾਂ ਨੂੰ ਭੀ ਉਸਨੇ ਲਲਕਾਰਿਆ। ਇਸ ਸਮੇਂ ਵਿਚ ਅਸੀਂ ਹਰਨਾਂ ਦੀ ਚੌਕੜੀ ਫੜੀ। ਉਪਰਾਮ ਕੌਰ ਕਿਸੇ ਰਸਤੇ ਵਿਚ ਓਹਲੇ ਹੋ ਗਈ। ਜਦ ਅਸੀਂ ਹਦ ਲੰਘ ਆਈਆਂ ਤਾਂ ਪਤਾ ਲਗਾ, ਟੋਲ ਭਾਲ ਤੇ ਉਡੀਕ ਤਾਂ ਬਹੁਤ ਕੀਤੀ ਪਰ ਆਪਦੀ ਆਗਿਆ ਬਿਨਾ ਹੋਰ ਕੋਈ ਤਦਬੀਰ ਨਹੀਂ ਚਲਾਈ। ਤੇ ਹਾਜ਼ਰ ਆ ਹੋਈਆਂ ਹਾਂ।

ਮੰਤ੍ਰੀ ਨੇ ਇਹ ਸਾਰਾ ਵਿਰਤੰਤ ਸੁਣ ਕੇ ਮਹਾਰਾਜ ਪਾਸ ਜਾ ਬੇਨਤੀ ਕੀਤੀ, ਕਿ ਅਗੇ ਤਾਂ ਰਾਜਕੁਮਾਰ ਦਾ ਫ਼ਿਕਰ ਸੀ ਹੁਣ ਉਪਰਾਮ ਕੌਰ ਵੀ ਓਥੇ ਹੀ ਰਹੀ ਜਿਸ ਦਾ ਕੋਈ ਥਹੁ, ਖਿਤਾ ਨਹੀਂ। ਜਦ ਮਹਾਰਾਜ ਨੇ ਮੜੋਲੀ ਦਾ ਸਾਰਾ ਪ੍ਰਸੰਗ ਸੁਣ ਲਿਆ ਤਾਂ ਹੁਕਮ ਦਿਤਾ, ਕਿ ਇਕ ਮੁਰਾਸਲਾ ਰੂਪ ਕੌਰ ਦੇ ਨਾਮ ਜਾਰੀ ਕਰੋ। ਕਿ ਰਾਜਕੁਮਾਰ ਅਤੇ ਉਪਰਾਮ ਕੌਰ ਨੂੰ ਪਸਚਾਤਾਪ ਤਾਵਾਨ ਸ਼ਾਹੀ (ਜੁਰਮਾਨਾ) ਨਾਲ ਲੈ ਕੇ ਆਪ ਹਾਜ਼ਰ ਹੋਵੇ। ਨਹੀਂ ਤਾਂ ਇਸ ਦਿਨ ਨੂੰ ਪਛਤਾਓਣਾ ਪਵੇਗਾ। ਜਿਸ ਮੜੋਲੀ ਦਾ ਗੁਮਾਨ ਹੈ, ਇਸਦਾ ਕਿਤੇ ਨਾਮ ਨਿਸ਼ਾਨ ਭੀ ਨਹੀਂ ਰਹੇਗਾ। ਇਸਦੇ ਉਪਰੰਤ ਫ਼ੌਜ ਦੀ ਹਾਜਰੀ ਲਓ, ਕਵਾਇਦ ਦੇਖੋ, ਗੋਲੀ ਬਾਰੂਦ ਦਾ ਬੰਦੋਬਸਤ ਕਰੋ। ਹਰ ਇਕ ਸਿਪਾਹੀ ਦੇ ਗਠੇ ਭਰ ਦਿਓ। ਅਜ ਕਲ ਵਿਚ ਤਜਾਰੀ ਹੀ ਸਮਝੋ। ਸੰਝ ਸਵੇਰੇ ਕੂਚ ਹੀ ਕੂਚ ਜਾਨੋ। ਫੌਜੀ ਸਰਦਾਰ ਵਰਦੀਆਂ ਪਾਈ, ਹਥਜਾਰ ਲਾਈ, ਸਵਾਰ ਅਤੇ ਪੈਦਲ ਵਖੋ ਵਖ ਪ੍ਰੇਡ ਜਮਾਈ, ਕਵਾਇਦ ਕਰ ਰਹੇ ਹਨ। ਚਾਂਦਮਾਰੀ ਪਰ ਜ਼ੋਰ ਹੈ। ਨੇਜ਼ੇ ਬਾਜ਼ੀ ਦੇ ਘੋੜਿਆਂ ਦੀ ਚਲਾਕੀ ਅਤੇ ਸੁਬਕੀ ਵਡਜਾਈ ਦੇ ਲਾਇਕ ਹੈ। ਨਿਸ਼ਾਨੇ ਬਾਜ਼ੀ ਪਰ ਵਾਹਵਾਹ ਅਤੇ ਧੰਨ ਧੰਨ ਦੀ ਗੂੰਜ ਭਰ ਰਹੀ ਹੈ। ਸਰਦਾਰਾਂ ਦੀਆਂ ਵਰਦੀਆਂ ਇਸ ਵੇਲੇ ਇਜੇਹੀ ਚਮਕ ਦਮਕ ਦਿਖਾ ਰਹੀਆਂ ਹਨ ਕਿ ਬਿਜਲੀਆਂ ਮਾਰੇ ਸ਼ਰਮ ਦੇ ਬਦਲਾਂ ਵਿਚ ਜਾ ਲੁਕੀਆਂ। ਸਰਦਾਰਾਂ ਦੇ ਘੋੜੇ ਇਡੇ ਕਦਾਵਰ ਹਨ ਕਿ ਊਠਾਂ ਨੂੰ ਦੋ ਇੰਚ ਨੀਵਾਂ ਕਰਕੇ ਦਿਖਾ ਰਹੇ ਹਨ। ਚਾਲ ਵਿਚ ਤਾਂ ਪੌਣ ਪਿਛੇ ਪਈ, ਉਨਾਂ ਦੀ ਗਰਦ ਤਕ

ਨਹੀਂ ਪਹੁੰਚ ਸਕਦੀ, ਸਰਦਾਰਾਂ ਦੇ ਚਿਹਰਿਆਂ ਪਰ ਬਹਾਦਰੀ ਦੀ ਲਾਲੀ, ਅਤੇ ਪਰਤਾਪ ਦੇ ਸਤਾਰੇ ਦੀ ਚਮਕ ਤੋਂ ਲਜਾਮਾਨ ਹੋਇਆ ਸੂਰਜ ਵੀ ਸ਼ਾਮ ਦੀ ਉਡੀਕ ਵਿਚ ਡੁਬਣ ਦੀਆਂ ਤਜਾਰੀਆਂ ਕਰ ਰਹਿਆ ਹੈ। ਇਹ ਸਰਦਾਰ ਬਹਾਦਰ ਆਪੋ ਆਪਣੇ ਨਾਮਾਂ ਨੂੰ ਸਫ਼ਲ ਤੇ ਸਾਰਥ ਕਰਨ ਵਿਚ ਹਰ ਵੇਲੇ ਸਰਗਰਮ ਹਨ। ਜੰਗ ਕਰਦੇ ਕਦੇ ਥਕਦੇ ਨਹੀਂ। ਫ਼ਤੇ ਕਰਦੇ ਕਦੇ ਅੱਕਦੇ ਨਹੀਂ। ਹਿੰਮਤ ਤੇ ਪੁਰਸਾਰਥ ਇਨ੍ਹਾਂ ਦੀਆਂ ਰਕਾਬਾਂ ਨਾਲ ਲਟਕਦੇ ਰਹਿੰਦੇ ਹਨ। ਇਨੇ ਤਕ ਅਚਾਨਚੱਕ ਇਕ ਮਿਰਜ਼ਾ ਧੋਖਾਬੇਗ ਨਾਮੀ ਮੁਗ਼ਲ ਸਿਰ ਤੇ ਕੁਲਾ (ਟੋਪੀ) ਪਹਨੇ, ਪੰਜੇ ਹਥਜਾਰ ਬੰਨੇ, ਚੁਸਤੀ ਅਤੇ ਚਾਲਾਕੀ ਦਾ ਪੁਤਲਾ, ਧੋਖਾ ਦੇਣ ਵਿਚ ਉਸਤਾਦ ਕਾਮਲ, ਬਾਤ ਚੀਤ ਕਰਨ ਵਿਚ ਬੜਾ ਚਤੁਰ ਆ ਨਿਕਲਿਆ ਤੇ ਬਹੁਤ ਝੁਕ ਕੇ ਸਲਾਮ ਕੀਤਾ ਅਤੇ ਬੜੀ ਫੁਰਤੀ ਨਾਲ ਇਕ ਲਿਫ਼ਾਫ਼ਾ ਪੇਸ਼ ਕੀਤਾ।

ਮੰਤ੍ਰੀ ਨੇ ਲਿਫ਼ਾਫ਼ਾ ਹਥ ਵਿਚ ਲੈਕੇ ਆਖਿਆ, ਤੂੰ ਕੌਣ ਹੈਂ?

**ਮਿਰਜਾ**: ਹਜ਼ੂਰ ਦਾ ਗ਼ੁਲਾਮ ਰਾਣੀ ਸਾਹਿਬਾ ਰੂਪ ਕੌਰ ਦਾ ਭੇਜਿਆ ਹੋਇਆ ਵਕੀਲ।

**ਮੰਤ੍ਰੀ**: ਆਪ ਜਲਦੀ ਕਰੋ, ਹਥਜਾਰ ਉਤਾਰ ਦਿਓ, ਔਰ ਆਪਣੇ ਆਪ ਨੂੰ ਕੈਦੀ ਸਮਝੋ।

**ਮਿਰਜ਼ਾ**: ਹਜ਼ੂਰ ਪਹਿਲੇ ਕਾਗ਼ਜ਼ ਹਜ਼ੂਰੀ ਵਿਚ ਪੇਸ਼ ਕਰੋ, ਫਿਰ ਜੋ ਹੁਕਮ ਹੋਵੇ ਮੈਂ ਹਾਜ਼ਰ ਹਾਂ। ਭਾਵੇਂ ਵਕੀਲ ਕਦੀ ਕੈਦੀ ਨਹੀਂ ਹੋਏ ਮਗਰ ਮੈਂ ਇਸ ਹੁਕਮ ਦੀ ਤਾਮੀਲ ਕਰਨ ਲਈ ਦਿਲੋਂ ਜਾਨ ਤੋਂ ਹਾਜ਼ਰ ਹਾਂ।

ਮੰਤ੍ਰੀ ਜੀ ਮਿਰਜ਼ੇ ਤੇ ਲੁਕਵਾਂ ਪਹਿਰਾ ਕਾਇਮ ਕਰਕੇ, ਆਪ ਮਹਾਰਾਜ ਪਾਸ ਪਹੁੰਚੇ ਅਤੇ ਕਾਗ਼ਜ਼ ਪੇਸ਼ ਕੀਤਾ।

ਮਹਾਰਾਜ ਨੇ ਹੁਕਮ ਕੀਤਾ ਸੁਣਾਓ ਇਸ ਵਿਚ ਕੀ ਲਿਖਿਆ ਹੈ। ਮੰਤ੍ਰੀ ਨੇ ਝਟ ਪਟ ਲਿਫ਼ਾਫ਼ਾ ਫਾੜ ਕੇ ਵਿਚੋਂ ਪਤ੍ਰ ਕਢਿਆ ਤੇ ਹੁਕਮ ਅਨੁਸਾਰ ਇਉਂ ਪੜਨਾ ਅਰੰਭਿਆ।

੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਸਰਬੋਪਰੀ ਬਿਰਾਜਮਾਨ ਪ੍ਰਤਿਪਾਲ ਪਿਤਾ ਸ੍ਰੀ ਮਾਨ, ਜੋਤੀ ਸਰੂਪ ਵਿਦਮਾਨ ਰਾਜਧਿਰਾਜ ਮਹਾਰਾਜ, ਰਾਜਾਧਿਪਤੀ ਖਟ ਸ੍ਰੀ ਸੰਯੁਕਤ ਗ਼ਰੀਬ ਨਿਵਾਜ਼ ਮਹਾਰਾਜ ਪਰਮਾਤਮ ਰੂਪ ਸਿੰਘ ਜੀ ਦੇ ਚਰਨਾਰਬਿੰਦੋਂ ਪਰ ਦਾਸਨ ਦਾਸੀ ਰੂਪ ਕੌਰ ਦੀ ਚਰਨ ਬੰਦਨਾਂ ਪਰਵਾਨ ਹੋਵੇ।

ਕ੍ਰਿਪਾ ਨਾਥ ਮੈਂ ਅਨਾਥ ਦਾਸੀ ਆਪ ਦੀ ਨਿਵਾਜੀ ਹੋਈ ਇਸ ਵੇਲੇ ਆਪਦੀ ਨੂੰਹ ਕਲਪੀ ਗਈ ਹਾਂ। ਬੜਿਆਂ ਨੂੰ ਅਵਸ ਛੋਟਿਆਂ ਦੀ ਲਾਜ ਹੁੰਦੀ ਹੈ। ਫਿਰ ਮੈਂ ਇਕ ਅਬਲਾ ਇਸਤ੍ਰੀ ਨਿਕੀ ਜੇਹੀ ਮੜੋਲੀ ਵਿਚ ਨਿਰਬਾਹ ਕਰਨ ਵਾਲੀ, ਆਪ ਰਾਜਨ ਪਤਿ ਰਾਜਾ ਮਹਾਰਾਜਾ ਹੋ। ਮੇਰੀ ਆਪਦੀ ਲੜਾਈ ਪੁਜ ਨਹੀਂ ਸਕਦੀ। ਆਪਦੇ ਅਖ ਦੇ ਇਸ਼ਾਰੇ ਨਾਲ ਕੁਝ ਦਾ ਕੁਝ ਹੋ ਸਕਦਾ ਹੈ। ਮੈਂ ਇਕ ਤੁਛ ਕੀੜੀ ਆਪਦਾ ਮੁਕਾਬਲਾ ਨਹੀਂ ਕਰ ਸਕਦੀ। ਰਾਜਕੁਮਾਰ ਕੈਦੀ ਨਹੀਂ ਹੈ ਸਗੋਂ ਮੇਰੇ ਸਿਰ ਦਾ ਮਾਲਕ ਹੈ ਆਪ ਸੁਤੰਤ੍ਰ ਹੈ। ਹਾਂ ਪਹਿਲੇ ਮੈਂ ਬਹੁਤ ਵੇਰੀ ਬੇਨਤੀਆਂ ਕਰ ਕਰ ਭੇਜੀਆਂ ਸਨ ਕਿ ਦਾਸੀ ਨੂੰ ਆਪਣੇ ਮਹਲਾਂ ਵਿਚ ਜਗਹ ਬਖਸ਼ੋ, ਸੁਮਤੀ ਦੀ ਗੋਲੀ ਕਰਕੇ ਰਖ ਲਓ, ਪਰ ਟਿਕਾ ਜੀ ਨੂੰ ਕਿਸੇ ਸ਼ੈਤਾਨ ਨੇ ਭੰਗ ਪਿਲਾਕੇ ਉਲਟੀ ਪਟੀ ਪੜਾਈ ਕਿ ਮੇਰੀ ਬੇਨਤੀ ਕੋਈ ਨ ਸੁਣੀ। ਉਸ ਬੇਪਰਵਾਹੀ ਦਾ ਫਲ ਇਹ ਹੋਇਆ ਕਿ ਉਨ੍ਹਾਂ ਨੂੰ ਲਾਚਾਰ ਮੜੋਲੀ ਰਹਣਾ ਪਿਆ।

ਦੂਜੇ ਉਪਰਾਮ ਕੌਰ ਆਪ ਹੀ ਖੁਡੱਲ ਵਿਚ ਡਿਗ ਪਈ ਸੀ, ਦੂਜੇ ਤੀਜੇ ਦਿਨ ਪਤਾ ਲਗਣ ਤੇ ਕਢਾ ਕੇ ਆਪਦੀ ਅਮਾਨਤ ਸਮਝਕੇ ਮੈਂ ਪਾਸ ਰਖੀ ਹੋਈ ਹੈ। ਜਿਸ ਵੇਲੇ ਹੁਕਮ ਹੋਵੇ ਆਪਦੀ ਸੇਵਾ ਵਿਚ ਭੇਜ ਦੇਵਾਂ। ਪਰੰਤੂ ਮੈਂ ਦਾਸੀ ਪਰ ਹੁਣ ਭੀ ਜੋ ਹੁਕਮ ਕਰੋ ਜਾਨ ਤਕ ਹਾਜਰ ਹਾਂ। ਆਪਣਿਆਂ ਚਰਨਾਂ ਵਿਚ ਨਿਵਾਸ ਬਖਸ਼ੋ ਤਾਂ ਸੁਮਤੀ ਦੀ ਸੇਵਕ ਹੋਕੇ ਝਟ ਕਟਾਂਗੀ। ਪਰ ਜੇ ਕਦੀ ਸੁਮਤੀ ਸੌਤੀਆ ਡਾਹ ਨਾ ਕਰੇ ਤਾਂ ਕੋਈ ਝਗੜਾ ਨਹੀਂ ਹੋ ਸਕਦਾ

ਜੋ ਕੁਝ ਹੋਇਆ ਹੈ ਇਸ ਵਿਚ ਦਾਸੀ ਦਾ ਕੋਈ ਕਸੂਰ ਨਹੀਂ। ਰਾਜਕੁਮਾਰ ਨੇ ਆਪ ਹੀ ਕੰਡੇ ਬੀਜੇ ਸਨ ਇਸ ਲਈ ਭਖੜੇ ਦੀ ਰੋਟੀ ਖਾਣੀ ਪਈ।

ਮੈਂ ਅਬਲਾ ਇਸਤ੍ਰੀ ਪਰ ਫੌਜ ਕਸ਼ੀ ਦੀ ਕੀ ਜ਼ਰੂਰਤ ਹੈ। ਆਪਦੇ ਅਨੁਸਾਰੀ ਹਾਂ। ਆਗਜਾਨੁਵਰਤੀ ਹਾਂ।

**"ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥"** [ਬਿਹਾ:ਮ: ੫, ਪੰ: ੫੪੭]

ਲੇਖਕ-ਆਪ ਦੀ ਬਹੂ ਬੇਟੀ
ਰੂਪ ਕੌਰ ਮੜੌਲੀ ਵਾਲੀ।

-o-

ਮਹਾਰਾਜ ਨੇ ਇਹ ਲੰਮਾ ਸਾਰਾ ਚਿਠਾ ਸੁਣਦੇ ਹੀ ਅਸਲ ਗਲ ਜਾਣ ਲਈ, ਜੋ ਮੜੌਲੀ ਦੀ ਰਾਣੀ ਬਹੂ ਬੇਟੀ ਬਣ ਕੇ ਸਾਡੇ ਨਾਲ ਵੀ ਦਾਓ ਪੇਚ ਹੀ ਖੇਡਦੀ ਹੈ। ਪੁਛ ਕਰਕੇ ਮੰਤ੍ਰੀ ਜੀ ਨੂੰ ਹੁਕਮ ਕੀਤਾ ਕਿ ਇਸਦਾ ਜਵਾਬ ਲਿਖ ਕੇ ਇਸੇ ਦੂਤ ਦੇ ਹਥੀਂ ਭੇਜ ਦਿਓ, ਕਿ ਰੂਪ ਕੌਰ ਸੁਮਤ ਕੌਰ ਦੀ ਨਿਰੋਲ ਗੋਲੀ ਹੋਕੇ ਰਹਿ ਸਕਦੀ ਹੈ। ਪਰੰਤੂ ਰਾਣੀ ਹੋਕੇ, ਤੁਰਕੀ ਫੌਜ ਸਮੇਤ, ਨਹੀਂ ਰਹਿ ਸਕਦੀ। ਆਪਣੇ ਗੋਲੀ ਹੋਣੇ ਦਾ ਸਬੂਤ ਬਹੁਤ ਜਲਦੀ ਭੇਜੇ, ਜੇ ਦੇਰੀ ਹੋਵੇਗੀ ਤਾਂ ਜਾਣਿਆ ਜਾਵੇਗਾ ਕਿ ਆਕੀ ਹੈ। ਬਸ। ਨਾਲ ਹੀ ਇਹ ਸਮਝੌਤੀ ਭੀ ਮਹਾਰਾਜ ਜੀ ਨੇ ਕੀਤੀ ਕਿ ਫੌਜ ਦੀ ਤਜਾਰੀ ਵਿਚ ਫ਼ਰਕ ਨਾ ਆਵੇ। ਮੰਤ੍ਰੀ ਜੀ ਇਹ ਆਗਿਆ ਪਾਕੇ ਆਪਣੇ ਡੇਰੇ ਪਹੁੰਚੇ ਤਾਂ ਆਕੇ ਆਪਣਾ ਦੂਤ, ਜੋ ਪਰਵਾਨਾ ਲੈਕੇ ਗਿਆ ਸਾ ਆਨ ਪੁਜਾ, ਅਤੇ ਉਸਨੇ ਓਥੋਂ ਦੇ ਬੰਦੋਬਸਤ ਅਤੇ ਤਜਾਰੀਆਂ ਜੰਗੀ ਸਾਮਾਨ, ਜਵਾਨਾਂ ਦੀ ਉਮੰਗ, ਮਾਰੇ ਬਕਾਰੇ ਦੇ ਸਾਰੇ ਹਾਲ ਕਹ ਸੁਣਾਏ।

ਮੰਤ੍ਰੀ ਨੇ ਜਦ ਸੁਲਹਨਾਮੇ ਦਾ ਜ਼ਿਕਰ ਕੀਤਾ ਤਾਂ ਦੂਤ ਨੇ ਸਾਫ ਅੱਖਰਾਂ ਵਿਚ ਬੇਨਤੀ ਕਰ ਦਿਤੀ ਕਿ ਮਹਾਰਾਜ ਜੀ ਇਹ ਨਿਰਾ ਧੋਖਾ ਹੈ। ਓਸਨੇ ਕਦੀ ਸੁਲਹ ਨਹੀਂ ਕਰਨੀ। ਦੂਰੋਂ ਦੂਰੋਂ ਫੌਜਾਂ ਕੁਮਕ ਲਈ ਘਮਾਂ ਘੰਮ ਆ ਰਹੀਆਂ ਹਨ, ਕੈਂਪ ਲਗ ਰਹੇ ਹਨ ਮੋਰਚੇਬੰਦੀ ਹੋ ਰਹੀ ਹੈ। ਓਨਾਂ ਨੇ ਧੋਖਾ ਦੇ ਕੇ

ਸ਼ਭਖੂਨ (ਛਾਪਾ) ਕਰਨਾ ਹੈ। ਅਵੇਸਲੇ ਨਹੀਂ ਹੋਣਾ ਚਾਹੀਏ। ਦੁਸ਼ਮਨ ਆਪਣੇ ਦਾਉ ਘਾਉ ਵਿਚ ਪੱਕੇ ਲਗੇ ਹੋਏ ਹਨ।

-o-

॥ ੫ ॥

ਮਿਰਜ਼ਾ ਧੋਖਾ ਬੇਗ ਜਦ ਰਾਣੀ ਸਾਹਿਬ ਪਾਸ ਪੁੱਜਾ ਤਾਂ ਉਨ੍ਹਾਂ ਨੇ ਪਰਵਾਨਾ ਸ਼ਾਹੀ ਪੜ੍ਹਿਆ। ਮੱਥੇ ਤੇ ਹੱਥ ਮਾਰਿਆ। ਠੰਢਾ ਸਾਹ ਭਰਿਆ। ਉਛਲੇ ਜਾਂਦੇ ਕਲੇਜੇ ਨੂੰ ਹੱਥ ਰੱਖ ਕੇ ਸਾਂਭਿਆ ਤੇ ਆਖਿਆ: ਹਾਇ! ਕਿਸਮਤ, ਇਹ ਕੇਹੀ ਔਕੜ ਆ ਬਣੀ ਹੈ (ਠੰਢਾ ਸਾਹ ਭਰਕੇ) ਹਾਇ! ਜੇ ਲੜਾਂ ਤਾਂ ਜਿਤ ਦੀ ਉਮੈਦ ਨਹੀਂ ਪੈਂਦੀ, ਜੇ ਨਾ ਲੜਾਂ ਤਾਂ ਰਾਣੀਓਂ ਗੋਲੀ ਬਣਨਾ ਪੈਂਦਾ ਹੈ। ਫਿਰ ਗੋਲੀ ਵੀ ਅਪਣੇ ਕੈਦੀ ਦੀ ਵਹੁਟੀ ਦੀ। ਫਿਰ ਵਹੁਟੀ ਵੀ ਉਹ, ਜੇਹੜੀ ਮੈਨੂੰ ਸੌਂਕਣ ਭਾਸਦੀ ਹੈ। (ਕਿਸਮਤ ਦੇ ਸਿਰ ਥੱਪੜ ਮਾਰ ਕੇ) ਹਾਇ ਓਇ ਮੇਰਿਆ ਚੰਦਰਿਆ ਚਿੱਤਾ, ਜੇ ਕਦੀ ਅਕਲ ਕਰਦੋਂ, ਰਾਜਕੁਮਾਰ ਦੇ ਪਿੱਛੇ ਮੱਖੀ ਹੋਇਆ ਨਾ ਫਿਰਦੋਂ ਤਾਂ ਅਜ ਇਹ ਅਪਦਾ ਦੇ ਦਿਨ ਕਿਉਂ ਦੇਖਦੋਂ! (ਜ਼ਰਾ ਕੁ ਦਮ ਘੁੱਟ ਕੇ ਅਤੇ ਫਿਰ ਇਕ ਉਚੀ ਆਹ ਕੱਢ ਕੇ) ਹਾਇ! ਇਹ ਕਿਲ੍ਹਾ, ਰਾਜ, ਹੁਕਮ, ਫੌਜਾਂ, ਪਦਾਰਥ, ਪ੍ਰਤਾਪ, ਤੇਜ, ਮਾਣ, ਵਡਿਆਈ, ਕੁਝ ਨਹੀਂ ਰਹਿੰਦੀ ਦਿੱਸਦੀ। ਮੇਰੇ ਤੇ ਇਹ ਕਹਾਉਤ ਠੀਕ ਹੀ ਉਤਰੀ "ਕੁਥਾਉਂ ਫਾਥੀ ਤੇ ਸਹੁਰਾ ਵੈਦ" ਕਰਾਂ ਤਾਂ ਇਸ ਵੇਲੇ ਕੀ ਕਰਾਂ, ਕਿਤੇ ਡੁੱਬ ਮਰਾਂ, ਕੁਝ ਨਹੀਂ ਅਹੁੜਦੀ। ਰਾਜਕੁਮਾਰ ਕੋਲੋਂ ਸਲਾਹ ਪੁੱਛਾਂ, ਭਲਾ ਕੋਈ ਚੰਗੀ ਜੇਹੀ ਤਦਬੀਰ ਦੱਸੇ ਕਿਉਂਕਿ ਰਾਜਪੁਤ੍ਰ ਹੈ, ਪਰ ਨਹੀਂ ਇਹ ਗਲ ਨਹੀਂ, ਕਦੀ ਨਹੀਂ ਹੋਣੀ ਚਾਹੀਏ। ਮੇਰੀ ਇਸ ਆਉਣ ਵਾਲੀ ਤਬਾਹੀ ਦਾ ਮੂਲ ਕਾਰਨ ਰਾਜਕੁਮਾਰ ਹੀ ਹੈ, ਜਿਸਨੂੰ ਮੈਂ ਕੈਦੀ ਕਰਕੇ ਰਖਿਆ ਹੈ, ਉਹ ਭਲਾ ਮੇਰੀ ਭਲਾਈ ਅਤੇ ਆਪਣੇ ਮਾਂ ਪਿਉ ਦੀ ਬੁਰਾਈ ਬਾਬਤ ਕਦੀ ਸਲਾਹ ਦੇ ਸਕਦਾ ਹੈ? ਜਿਹੜਾ ਆਪਣਾ ਕਿਲ੍ਹਾ ਨਹੀਂ ਸਾਂਭ ਸਕਿਆ, ਉਹ ਮੇਰੀ ਮੜੌਲੀ ਦਾ ਕੀ ਉਪਾਉ ਸੋਚ ਸਕਦਾ ਹੈ! ਫਿਰ ਕੀ ਕਰਾਂ, ਕਿਸ ਤੋਂ ਪੁੱਛਾਂ, ਕੌਣ ਸਲਾਹ ਦੇਵੇ? ਕਿਸ ਦਾ ਆਸਰਾ ਲੈ ਕੇ ਉੱਦਮ ਕਰਾਂ?

(ਕੰਬਕੇ) ਹਾਇ ਗੋਲੀ ਬਣਕੇ ਤਾਂ ਜ਼ਿੰਦਗੀ ਨਹੀਂ ਕੱਟੀ ਜਾਣੀ। ਮਰ ਜਾਣਾ ਕਬੂਲ, ਪਰ ਸੌਂਕਣ ਦੀ ਗੋਲੀ ਬਣਨਾ ਕਦੀ ਮਨਜ਼ੂਰ ਨਹੀਂ। ਹਾਇ ਸੌਂਕਣ, ਸੌਂਕਣ ਤਾਂ ਕਦੀ ਮੱਖਣ ਦੀ ਵੀ ਨਹੀਂ ਸੁਖਾਈ।

ਇਸ ਵੇਲੇ ਅੱਖਾਂ ਤਰ ਹੋ ਗਈਆਂ, ਖੱਬੇ ਹੱਥ ਦੇ ਸਹਾਰੇ ਤੇ ਸਿਰ ਟਿਕਾਕੇ ਜਿਉਂ ਇਕ ਟਕ ਨਜ਼ਰ ਟਿਕਾਈ ਬੱਸ ਰਾਣੀ ਪੱਥਰ ਹੀ ਹੋ ਗਈ। ਸਾਂਸ ਤਾਂ ਆਉਂਦੇ ਹਨ, ਪਰ ਬਹੁਤ ਮੱਧਮ, ਹੋਰ ਸਾਰੇ ਸਰੀਰ ਦੇ ਅੰਗ, ਨਿਹਚਲ ਜੜ੍ਹ ਹੋਏ ਹੋਏ ਜਿੱਥੇ ਪਏ ਹਨ ਉਥੇ ਠਹਿਰੇ ਹੋਏ ਹਨ। ਜੇ ਕਦੀ ਇਸ ਵੇਲੇ ਸੋਚ ਅਤੇ ਚਿੰਤਾ ਇਸਨੂੰ ਦੇਖ ਲੈਣ ਤਾਂ ਹੈਰਾਨ ਹੋ ਕੇ ਕਹਿਣ ਕਿ ਹੈਂ! ਇਹ ਰਾਣੀ ਸਾਥੋਂ ਵੀ ਵਧ ਗਈ ਹੈ। ਇਕੁਰ ਅਡੋਲ ਸੰਗਮਰਮਰ ਦੀ ਮੂਰਤਿ ਵਾਂਗ ਬੈਠੀ ਹੋਈ ਸੀ ਕਿ ਅਚਾਨਕ ਵਜ਼ੀਰ-ਏ-ਆਜ਼ਮ, ਸਿਪਾਹ ਸਲਾਰ, ਮਦਾਰੁਲਮਹਾਮ, ਮਸ਼ੀਰੇ ਮਾਲ, ਸਾਲਾਰੇ ਜੰਗ, ਜਨਰਲ ਗ਼ਰੂਰ ਖਾਨ ਬਹਾਦਰ ਬਿਜਲੀ ਦੀ ਤਰ੍ਹਾਂ ਆਨ ਧਮਕੇ। ਰਾਣੀ ਦੀ ਪੱਥਰ ਸੂਰਤ ਦੇਖਕੇ ਪਹਿਲੇ ਤਾਂ ਘਬਰਾਏ ਫਿਰ ਚਮਕ ਕੇ ਗੱਜੇ। ਰਾਣੀ ਸਾਹਿਬ! ਹਜ਼ੂਰ ਰਾਣੀ ਸਾਹਿਬ! (ਜ਼ਰਾ ਹੱਥ ਨਾਲ ਹਿਲਾਕੇ) ਹਜ਼ੂਰ! (ਗੁਲਾਬ ਦਾ ਛੱਟਾ ਮਾਰਕੇ) ਹਜ਼ੂਰ! (ਲਖ-ਲਖਾ ਸੁੰਘਾ ਕੇ) ਜਨਾਬ ਰਾਣੀ ਸਾਹਿਬ! ਰਾਣੀ ਸਾਹਿਬ! ਰਾਣੀ ਸਾਹਿਬ ਕਹਿ ਹੀ ਰਹੇ ਸਨ ਕਿ ਰਾਣੀ ਸਾਹਿਬਾ ਨੇ ਸਿਰ ਚੁੱਕਿਆ। ਹੱਥ ਸੁੰਨ ਹੋ ਗਿਆ ਸੀ। ਗੋਲੀਆਂ ਨੇ ਝੱਟ ਪੱਟ ਅੱਖਾਂ ਪੂੰਝੀਆਂ, ਪੱਖਾ ਝੱਲਿਆ, ਹੱਥ ਦਬਾਇਆ, ਮੂੰਹ ਆਈਆਂ ਗੱਲਾਂ ਬਤੇਰੀਆਂ ਕਹੀਆਂ।

**ਗ਼ਰੂਰ ਖਾਨ ਬੋਲਿਆ**-ਆਪ ਕਿਸ ਫ਼ਿਕਰ ਵਿਚ ਹੋ, ਇਸ ਲੜਾਈ ਦਾ ਫ਼ਿਕਰ ਹੀ ਕੀਹ ਹੈ? ਵਿਚਾਰੇ ਭੰਗੜ (ਭੰਗਾਂ ਪੀਣ ਵਾਲੇ) ਸਿੱਖਾਂ ਦੀ ਫੌਜ! ਜਿਹੜੇ ਕੀੜੀ ਦੁਖਾਉਣੀ ਵੀ ਪਾਪ ਸਮਝਦੇ ਹਨ। ਸੈਂਕੜੇ ਵਾਰ ਦੀਆਂ ਪੁਰਾਣੀਆਂ ਜੰਗਾਲ ਦੀਆਂ ਮਾਰੀਆਂ ਮੋਰਚਿਆਂ ਦੀਆਂ ਖਾਧੀਆਂ ਹੋਈਆਂ ਖੁੰਢੜੀਆਂ ਤਲਵਾਰਾਂ, ਜੋ ਸਾਗ ਵੀ ਨਹੀਂ ਚੀਰ ਸਕਦੀਆਂ। ਓਸ ਫੌਜ ਪਾਸੋਂ ਇੰਨਾ ਡਰਨਾ ਠੀਕ ਗਲ ਨਹੀਂ। ਓਹ ਗਵਾਰ ਲੋਕ ਜੰਗ ਦੇ ਦਾਉ ਘਾਉ ਕੀ ਜਾਣਨ। ਭੰਗਾਂ ਘੋਟੀਆਂ, ਬਾਟੇ ਭਰੇ ਤੇ ਪੀ ਛੱਡੇ। ਨੁਗਦਾ ਸੁੱਟਣ ਵੇਲੇ ਮੂੰਹੋਂ ਕਹਿ ਛੱਡਿਆ-ਔਹ ਮਾਰਿਆ ਪਿਆ ਹਈ ਤੁਰਕੜਾ। ਤੁਰਕੀ ਫੌਜ ਦਾ ਅਜੇ ਓਹਨਾਂ ਮੂੰਹ ਨਹੀਂ ਡਿੱਠਾ।

ਤੁਹਾਡੀ ਫੌਜ ਦਾ ਇਕ ਇਕ ਸਿਪਾਹੀ ਤੱਛਿਆ ਮੁੱਛਿਆ, ਬਾਂਕਾਂ, ਸਜੀਲਾ, ਫੁਰਤੀਲਾ, ਕਟੀਲਾ, ਹਠੀਲਾ, ਛੈਲ ਛਬੀਲਾ, ਤੇ ਨਸ਼ੀਲਾ ਹੈ। ਸ਼ਾਹ ਸਵਾਰੀ ਵਿਚ ਤਾਕ, ਤੀਰੰਦਾਜ਼ੀ ਅਤੇ ਨੇਜ਼ੇਬਾਜ਼ੀ ਵਿੱਚ ਬਡੇ ਚਾਲਾਕ। ਦੁਸ਼ਮਨਾਂ ਨੂੰ ਧੋਖਾ ਦੇਕੇ ਮਾਰ ਦੇਣ ਵਿਚ ਪੂਰੇ ਉਸਤਾਦ, ਛਾਪਾ ਮਾਰਨ ਵਿਚ ਬੜੇ ਪਰਬੀਨ ਤੇ ਮਾਰਕੇ ਭੱਜ ਜਾਣ ਵਿਚ ਸੰਸਾਰ ਵਿਚ ਪਰਸਿੱਧ ਹਨ। ਅਜਿਹੀ ਲੜਾਕੀ ਫੌਜ ਦੇ ਹੁੰਦਿਆਂ ਆਪਦਾ ਅਜਿਹੇ ਫਿਕਰ ਵਿਚ ਪੈਣਾ ਕਦਈ ਠੀਕ ਨਹੀਂ ਹੈ, ਸਗੋਂ ਬਹਾਦਰਾਂ ਦੀ ਦਲੇਰੀ ਤੋੜਨੀ ਹੈ। ਇਹ ਜੰਗ ਮੇਰੇ ਸਿਰ ਤੇ ਰਹਿਣ ਦਿਓ, ਆਪ ਬੇਫਿਕਰ ਹੋ ਜਾਓ, ਮੈਂ ਜਾਣਾਂ ਤੇ ਇਹ ਜੰਗ ਜਾਣੇ। ਤਿੰਨਾਂ ਤੋਪਾਂ ਵਿੱਚ ਜੇ ਸਾਰਾ ਜੰਗ ਫਤੇ ਨਾ ਕਰ ਦਿਆਂ ਤਾਂ ਮੇਰਾ ਨਾਉਂ ਗ਼ਰੂਰ ਖਾਂ ਨਹੀਂ। ਅੱਲਾ ਦੀ ਸੌਹ, ਆਪਦੇ ਰਿਜ਼ਕ ਦੀ ਸੁਗੰਦ, ਜੇ ਇਹ ਲੜਾਈ ਫਤਹ ਨਾ ਕਰਾਂ ਤਾਂ ਫਿਰ ਪਰਤਕੇ ਆਪਦੇ ਮੱਥੇ ਨਹੀਂ ਲੱਗਾਂਗਾ।

ਇਹ ਗੱਲਾਂ ਗ਼ਰੂਰ ਖਾਂ ਦੀਆਂ ਹੌਂਸਲੇ ਦੀਆਂ ਭਰੀਆਂ ਹੋਈਆਂ ਰਾਣੀ ਦੇ ਦਿਲ ਦਿਮਾਗ਼ ਨੂੰ ਧਿਰਾਜ ਦੇ ਗਈਆਂ। ਕੁਝ ਬਹਾਦਰੀ ਦੀ ਸੂਰਤ ਮੂਰਤ ਵਾਕਰ ਅੱਖਾਂ ਅੱਗੇ ਫਿਰਨ ਲੱਗੀ। ਸਿਪਾਹ ਸਾਲਾਰ ਦੀ ਕੁਝ ਵਡਿਆਈ ਕਰਕੇ ਸ਼ਾਬਾਸ਼ ਦਿੱਤੀ।

**ਵਜ਼ੀਰ ਸਾਹਿਬ**: ਹਜ਼ੂਰ ਮੈਂ ਬਹੁਤ ਕੁਛ ਬੰਦੋਬਸਤ ਕਰ ਚੁੱਕਾ ਹਾਂ, ਆਪ ਜ਼ਰਾ ਮੇਰੇ ਨਾਲ ਹੋਕੇ ਦੇਖੀਏ ਕਿ ਇਸ ਕਿਲ੍ਹੇ ਦਾ ਕੈਸਾ ਅਜੀਬ ਪ੍ਰਬੰਧ ਹੋ ਗਿਆ ਹੈ। ਸਿੰਘਾਂ ਦੀ ਫੌਜ ਕੀ, ਜੋ ਕਦੀ ਕੁਰਾਸਾਨ ਦੀ ਵੀ ਫੌਜ ਆਵੇ ਤਾਂ ਕਦੀ ਮੋਰਚੇ ਤੱਕ ਨਾ ਪਹੁੰਚ ਸਕੇ।

ਇਸ ਵੇਲੇ ਰਾਣੀ ਸੋਚਾਂ ਦੇ ਸਮੁੰਦਰ ਵਿੱਚੋਂ ਕੰਢੇ ਲੱਗੀ। ਫਿਕਰ ਦੀਆਂ ਛੱਲਾਂ ਤੋਂ ਆਰਾਮ ਵਿੱਚ ਆਈ। ਜਨਰਲ ਵਲ ਅੱਖਾਂ ਪਰਤਕੇ ਦੇਖਿਆ ਤਾਂ ਅਜੀਬ ਸੂਰਤ, ਮਾਨੋਂ ਬਹਾਦਰੀ ਆਪ ਦੇਹ ਧਾਰੇ ਰਾਣੀ ਦੇ ਅਦਬ ਵਿੱਚ ਖੜੋਤੀ ਹੈ। ਸਿਰ ਤੇ ਮਮਤਾ ਦਾ ਫੌਲਾਦੀ ਟੋਪ ਪਾਇਆ ਹੋਇਆ ਹੈ, ਸੁਾਦ ਦੇ ਬਰੀਕ ਜ਼ੰਜੀਰਾਂ ਦੀਆਂ ਸੰਗਲੀਆਂ ਦੀ ਉਣੀ ਹੋਈ ਫੌਲਾਦੀ ਸੰਜੋਅ ਪਹਿਰੀ ਹੋਈ ਹੈ। ਕੁਬੁੱਧ ਨਾਮੀ ਸਹਿਰ (ਜਾਦੂ) ਦੀ ਬਣੀ ਹੋਈ ਬੜੀ ਕਰੜੀ ਕਮਾਨ ਮੋਢੇ ਤੇ ਪਾਈ ਹੋਈ ਹੈ। ਤ੍ਰਿਸ਼ਨਾ ਦੇ ਤਿੱਖੇ ਅਣੀਆਂ ਵਾਲੇ ਤੀਰਾਂ ਨਾਲ ਭਰਿਆ ਭੱਥਾ

ਲੱਕ ਨਾਲ ਬੱਧਾ ਹੋਇਆ ਹੈ। ਮਨਮਤ ਦਾ ਲੰਬਾ ਜੰਗੀ ਜੋੜਾ ਪਹਿਨਿਆਂ ਹੋਇਆ ਹੈ। ਕੁਬਚਨਾਂ ਦਾ ਲੰਬਾ ਨੇਜਾ ਹੱਥ ਵਿਚ ਹੈ। ਇਸ ਦੀ ਬਹਾਦਰਾਨਾ ਸੂਰਤ ਦੇਖਕੇ ਰਾਣੀ ਦੇ ਡਰੇ ਹੋਏ ਹੌਸਲੇ ਨੇ ਕਮਰ ਪੇਟੀ ਬੱਧੀ। ਉੱਠਕੇ ਜਨਰਲ ਦੇ ਨਾਲ ਬੰਦੋਬਸਤ ਦੇਖਣ ਲਈ ਤੁਰ ਪਈ। ਮਹੱਲ ਦੇ ਦਰਵਾਜ਼ਿਓਂ ਨਿਕਲਦਿਆਂ ਹੀ ਜਨਰਲ ਨੇ ਸਰਦਾਰ ਨਾਜ਼ ਖਾਂ, ਨਖ਼ਰੇ ਖਾਂ, ਸੂਬਕ ਖਾਂ ਨੂੰ ਬੁਲਵਾਇਆ ਤੇ ਕਿਹਾ ਜੋ ਅੱਜ ਮੌਕਿਆ ਬਣਿਆ ਹੈ, ਸਾਰੀ ਉਮਰ ਦਾ ਖਾਧਾ ਹੋਇਆ ਹਲਾਲ ਕਰੋ, ਫਿਰ ਇਜੇਹਾ ਵੇਲਾ ਹੱਥ ਨਹੀਂ ਆਉਣਾ। ਇਹ ਰਾਜਾ ਵਿਦੇਹ ਦਾ ਕਿਲ੍ਹਾ ਹੈ, ਇਸਨੂੰ ਅੱਜ ਤੱਕ ਕੋਈ ਦੇਹਧਾਰੀ ਨਹੀਂ ਜਿੱਤ ਸਕਿਆ ਅਤੇ ਨਾ ਹੀ ਕਿਸੇ ਪਾਸੋਂ ਇਹ ਫਤਹ ਹੋ ਸਕਦਾ ਹੈ। ਇਸ ਕਿਲ੍ਹੇ ਪਰ ਸਿੱਖਾਂ ਦਾ ਟੋਲਾ ਚੜ੍ਹਾਈ ਕਰਦਾ ਹੈ, ਜਿਹੜੇ ਭਾਰੀ ਭੰਗੜ ਗਿਣੇ ਗਏ ਹਨ। ਭੰਗ ਦਾ ਬਾਟਾ ਛਕਿਆ ਤੇ ਉਨ੍ਹਾਂ ਦੇ ਅੱਠ ਪਹਿਰ ਬੰਨੇ ਹੋ ਗਏ, ਜੇ ਜਾਗੇ ਤਾਂ ਅੱਠ ਪਹਿਰ ਝੋਕਾਂ ਖਾਂਦਿਆਂ ਲੰਘ ਗਏ। ਨਾ ਕਵਾਇਦ ਦੀ ਰੋਗਤਾ ਵਿੱਚ ਫਸੇ ਅਤੇ ਨਾ ਹੀ ਕਦੀ ਹਥਿਆਰ ਚੰਡਵਾਏ (ਤ੍ਰਿਖੇ ਕਰਵਾਏ)। ਨਿਰੇ ਭੰਗਾਂ ਦੇ ਨੁਗਦਿਆਂ ਨਾਲ ਤੁਰਕ ਮਾਰ ਛੱਡੇ। ਪਰ ਜਿਸ ਵੇਲੇ ਤੁਰਕਾਂ ਦੇ ਹੱਥ ਲੱਗਣਗੇ ਤਾਂ ਪੀਹੜੀਆਂ ਤੱਕ ਯਾਦ ਕਰਨਗੇ। ਜਲਦੀ ਕਰੋ, ਹੱਲਾਸ਼ੇਰੀ ਦੇਕੇ ਬੁਰਜਾਂ ਪਰ ਤੋਪਾਂ ਚੜ੍ਹਵਾ ਦਿਓ। ਗੋਲਨਦਾਜ਼ਾਂ ਨੂੰ ਤਾਕੀਦ ਕਰੋ ਜੋ ਸ਼ਿਸਤਾਂ ਬੰਨ੍ਹ ਰਖਣ। ਯਾਦ ਰਹੇ ਦੁਸ਼ਮਨ ਨੂੰ ਮੜੌਲੀ ਦੀ ਹਦ ਤਕ ਨਹੀਂ ਵੜਨ ਦੇਣਾ ਬਾਹਰੋਂ ਬਾਹਰ ਉਨ੍ਹਾਂ ਦਾ ਕੰਘਾ ਕਰ ਸੁਟਣਾ ਹੈ।

ਏਥੋਂ ਚਲਕੇ ਇਕ ਸਰਦਾਰਾਂ ਦੇ ਜਥੇ ਕੋਲ ਪਹੁੰਚੇ। ਓਥੇ ਅਗੇ ਹੀ ਜੰਗ ਦੀ ਤਿਆਰੀ ਹੋ ਰਹੀ ਸੀ, ਜਨਰਲ ਅਤੇ ਰਾਣੀ ਸਾਹਿਬ ਨੂੰ ਦੇਖਕੇ ਸਭ ਨੇ ਸ਼ਾਹੀ ਸਲਾਮ ਕੀਤਾ। ਇਤਨੇ ਪਰ ਜਨਰਲ ਨੇ ਹਰ ਇਕ ਦਾ ਨਾਉਂ ਲੈਕੇ ਆਖਿਆ ਸਰਦਾਰ ਗ਼ਫ਼ਲਤ ਬੇਗ, ਕਾਹਲ ਖਾਂ, ਬੇਪਰਵਾਹ ਸ਼ਾਹ, ਮਸਤ ਸ਼ਾਹ, ਕੈਫ਼ ਸ਼ਾਹ, ਝੁਰਮਟ ਸ਼ਾਹ, ਝੁੰਡ ਸ਼ਾਹ, ਸਤਰਸ਼ਾਹ, ਸ਼ੇਖ ਆਕੜ ਜਾਨ, ਮਿਰਜਾ ਉਕੜੂ ਬੇਗ, ਸ਼ੇਖ ਭਾਜ ਦੀਨ, ਆਗ਼ਾ ਮੰਦ ਹਸਨ ਖ਼ਾਨ, ਆਗਾ ਗੁਫ਼ਤਾਰ ਖ਼ਾਨ, ਆਗਾ ਤਾਉ ਖ਼ਾਨ, ਆਗ਼ਾ ਪੇਚ ਖ਼ਾਨ, ਆਗ਼ਾ ਤਨਜ ਖ਼ਾਨ, ਆਗ਼ਾ ਰਮਜ਼ ਖ਼ਾਨ, ਆਗ਼ਾ ਕਾਲੇ ਖ਼ਾਨ, ਆਗ਼ਾ ਸੁਫੈਦ ਖ਼ਾਨ, ਆਗ਼ਾ ਲਾਲ

ਖ਼ਾਨ, ਆਗ਼ਾ ਚਸਮ ਖ਼ਾਨ ਤੇ ਆਗ਼ਾ ਦਹਾਨ ਖ਼ਾਨ ਸੱਭੇ ਇਸ ਵੇਲੇ ਦੀਨ ਦੀ ਕਸਮ ਖਾਓ ਜੋ ਸਿੱਖਾਂ ਨਾਲ ਇਸ ਜੰਗ ਵਿਚ ਓਹ ਕਰਨੀ ਹੈ ਜੋ ਇਕ ਵੈਰੀ ਛੱਠੀ ਦਾ ਦੁੱਧ ਯਾਦ ਆ ਜਾਵੇ। ਭਜਦਿਆਂ ਨੂੰ ਥਾਂ ਨਾਂ ਲੱਭੇ। ਇਹ ਗੱਲ ਤੁਸੀਂ ਸੱਭੇ ਜਾਣਦੇ ਹੀ ਹੋ, ਫਤਹ ਕਰਨ ਵਾਲਿਆਂ ਨੂੰ ਇਨਾਮ, ਤਮਗੇ, ਜਾਗੀਰਾਂ ਅਤੇ ਬਹਾਦਰੀਆਂ ਦੀਆਂ ਵਡਿਆਈਆਂ ਮਿਲਿਆ ਕਰਦੀਆਂ ਹਨ।

ਇੰਨੇ ਤਕ ਜਮਾਦਾਰ ਨੇ ਆਕੇ ਬੜੇ ਅਦਬ ਲਾਲ ਸਲਾਮ ਕੀਤਾ ਤੇ ਅਰਜ ਕੀਤੀ–ਹਜ਼ੂਰ! ਆਪ ਦੇ ਪ੍ਰਤਾਪ ਨਾਲ ਫੌਜ ਸਾਰੀ ਤਿਆਰ ਬਰ ਤਿਆਰ ਹੈ; ਗੋਲੀ ਬਾਰੂਦ ਵੰਡਿਆ ਗਿਆ। ਤੋਪਾਂ ਸਾਰਿਆਂ ਬੁਰਜਾਂ ਤੇ ਚੜ੍ਹ ਗਈਆਂ ਹਨ। ਮੋਰਚੇ ਬੰਦੀ ਹੋ ਗਈ ਹੈ। ਕੁਬੁਧਿ ਚਾਰ ਕਮਾਨ ਵਾਲੇ ਬੁਰਜ ਪਰ ਭੀ ਤੋਪ ਖਾਨਾ ਬੀੜਿਆ ਗਇਆ ਹੈ। ਜੇਵਰ ਖ਼ਾਨ ਸੂਬੇਦਾਰ ਬਹਾਦਰ ਦੀ ਨੌਕਰੀ ਫੌਜ ਸਮੇਤ ਕਿਲਿਓਂ ਬਾਹਰ ਤੈਈਨਾਤ ਕੀਤੀ ਗਈ ਤੇ ਲੜਾਈ ਦਾ ਮੁਢ ਤੇ ਮੋਹਰੇ ਹੋਕੇ ਲੜਨਾ ਉਸਦੇ ਸਪੁਰਦ ਕੀਤਾ ਗਇਆ ਹੈ।

ਅਤੇ ਸਰਦਾਰ ਬਹਾਦਰ ਤੇਵਰ ਖ਼ਾਨ ਮੇਜਰ ਸੂਬੇਦਾਰ ਦਰਵਾਜੇ ਦੇ ਉਪਰਲੇ ਬੁਰਜ ਪਰ ਤੈਈਨਾਤ ਕੀਤਾ ਗਇਆ ਹੈ ਤਾਂ ਕਿ ਉਪਰੋਂ ਹੀ ਦੁਸ਼ਮਨ ਤੇ ਵਾੜ ਝਾੜੇ। ਕਰਨੈਲ ਲਿਬਾਸਖ਼ਾਨ ਖ਼ਾਨ ਬਹਾਦਰ ਕਿਲ੍ਹੇ ਦੇ ਚੁਗਿਰਦੇ ਰਾਖੀ ਕਰਨ ਲਈ ਫੌਜ ਸਮੇਤ ਤੈਈਨਾਤ ਕੀਤਾ ਗਇਆ ਹੈ ਅਤੇ ਸੈਯਦ ਨਿਖਾਰ ਅਲੀ ਸ਼ਾਹ ਲਾਲ ਤੰਬੂ ਦੇ ਕੰਮ ਪਰ ਲਗਾਇਆ ਹੈ ਕਿ ਮੈਦਾਨ ਜੰਗ ਦੀ ਸਫ਼ਾਈ ਰਖੇ, ਕਿਸੇ ਜੰਗੀ ਸਿਪਾਹੀ ਦਾ ਮੁਰਦਾ ਫੌਜਾਂ ਦੀ ਲਿਤਾੜ ਹੇਠ ਨਾ ਆਉਣਾ ਪਾਵੇ। ਜ਼ਖ਼ਮੀ ਅਤੇ ਮੁਰਦੇ ਨਾਲ ਤੰਬੂ ਵਿਚ ਝਟਾ ਪਟ ਪਹੁੰਚਦੇ ਜਾਣ।

ਸਰ ਸਰਦਾਰ ਬਹਾਦਰ ਆਗ਼ਾ ਸ਼ਿੰਗਾਰ ਖ਼ਾਨ ਨਿਰੇ ਸੋਲਾਂ ਬਹਾਦਰਾਂ ਦੀ ਗਾਰਦ ਨਾਲ ਲੈਕੇ ਸਦਰ ਬਜ਼ਾਰ ਦੀ ਰਾਖੀ ਲਈ ਮੁਕਰਰ ਕੀਤੇ ਗਏ ਹਨ ਕਿ ਕੋਈ ਸੂੰਹੀਆਂ ਦੁਸ਼ਮਨਾਂ ਦਾ ਸੂੰਹ ਕੱਢਣ ਲਈ ਨਾ ਆਉਣਾ ਪਾਵੇ। ਸਰਦਾਰ ਆਗ਼ਾ ਹੁਸਨਖ਼ਾਨ ਤੇ ਸ਼ੇਖ ਜਮਾਲੁਦੀਨ ਦੋਨੋਂ ਸਰਦਾਰ ਕਮਾਨੀਅਰ ਮੁਕਰਰ ਕੀਤੇ ਗਏ ਹਨ। ਇਨ੍ਹਾਂ ਨੂੰ ਫੌਜ ਵੰਡ ਚੁੰਡ ਕੇ ਮੋਰਚਿਆਂ ਪਰ ਦਿੱਤੀ ਗਈ ਹੈ ਅਤੇ ਦੁਸ਼ਮਨ ਦੀ ਉਡੀਕ ਵਿਚ ਬੈਠੇ ਧੂੜ ਉਡਦੀ ਤੱਕ ਰਹੇ ਹਨ ਕਿ ਬਾੜ੍ਹ ਮਾਰੀਏ ਤੇ ਗਰਦ ਝਾੜਕੇ ਬਿਠਾ ਦੇਈਏ।

ਇੰਨਾਂ ਕੁਝ ਦੇਖ ਸੁਣਕੇ ਰਾਣੀ ਸਾਹਿਬ ਨੇ ਆਪਣੇ ਜਰਨੈਲ ਵਲ ਦੇਖਕੇ ਆਖਿਆ- ਖ਼ਾਨ ਬਹਾਦਰ ਜੀ! ਇਹ ਬੰਦੋਬਸਤ ਆਪ ਦੀ ਹਿੰਮਤ ਅਤੇ ਕੋਸ਼ਸ਼ ਨਾਲ ਬਹੁਤ ਠੀਕ ਹੋਇਆ ਹੈ ਪਰ ਆਪ ਉਹਨਾਂ ਸਿੱਖਾਂ ਦੀ ਬਹਾਦਰੀ ਦੇ ਵਾਕਫ਼ ਨਹੀਂ ਹੋ। ਜੇ ਇਕ ਵੀ ਉਸ ਫੌਜ ਦਾ ਸਰਦਾਰ ਉਪਰਾਮ ਸਿੰਘ ਅਥਵਾ ਵਿਰਾਗ ਸਿੰਘ ਜੇਹਾ ਆ ਪਿਆ, ਤਾਂ ਅਗੋਂ ਇਸ ਫੌਜ ਦੇ ਜੁਵਾਨਾਂ ਵਿਚੋਂ ਇਕ ਵੀ ਮੁਕਾਬਲਾ ਕਰਨ ਜੋਗਾ ਨਹੀਂ। ਓਹ ਸਿਖ ਲੋਕ ਲੋਹੇ ਦੇ ਢਾਲੇ ਹੋਏ ਲੋਹੇ ਦੇ ਸੱਚੇ ਹੁੰਦੇ ਹਨ ਅਤੇ ਉਨ੍ਹਾਂ ਨੇ ਲੋਹਾ ਹੀ ਧੋਕੇ ਪੀਤਾ ਹੋਇਆ ਹੁੰਦਾ ਹੈ। ਓਹ ਮਹਾਲੋਹ, ਸਰਬਲੋਹ ਦੇ ਪਿਆਰੇ ਹੋਣ ਕਰਕੇ ਬੜੇ ਜੰਗ ਬਹਾਦਰ ਹੁੰਦੇ ਹਨ। ਦੇਸ ਪਰਦੇਸ, ਸਿਆਲ, ਉਨ੍ਹਾਲ, ਪੱਧਰ, ਪਹਾੜਾਂ ਵਿਚ ਇਕੋ ਜੇਹੇ ਤੁਲਵੇਂ ਲੜਾਕੇ ਤੇ ਢਲਵੇਂ ਜਵਾਨ ਹੁੰਦੇ ਹਨ, ਜਿਨ੍ਹਾਂ ਦੀ ਸੁਭਾਵਕ ਬੋਲੀ ਵਿਚ ਇਕ ਨੂੰ ਸਵਾ ਲੱਖ ਕਹਿੰਦੇ ਹਨ। ਉਨ੍ਹਾਂ ਦੀਆਂ ਜੰਗਾਲੀਆਂ ਤਲਵਾਰਾਂ ਅਤੇ ਭੰਗ ਦੇ ਨੁਗ਼ਦੇ ਲੋਕਾਂ ਦੇ ਲਈ ਮਖੌਲ ਹਨ, ਅਸਲ ਵਿਚ ਓਹ ਰਾਠ ਹਨ। ਇਹ ਆਪਣੀ ਫੌਜ, ਜੋ ਇਸ ਕਿਲ੍ਹੇ ਤੋਂ ਬਾਹਰ ਕਦੀ ਨਹੀਂ ਗਈ, ਉਨ੍ਹਾਂ ਬਹਾਦਰਾਂ ਦੇ ਸਾਮ੍ਹਣੇ ਲੜਨ ਵਿਚ ਕਦੀ ਪੂਰੀ ਨਹੀਂ ਢੁੱਕੇਗੀ ਅਤੇ ਨਾ ਹੀ ਇਸ ਸਾਮਾਨ ਨਾਲ ਫਤਹ ਦੀ ਪੂਰੀ ਉਮੈਦ ਹੋ ਸਕਦੀ ਹੈ।

**ਗ਼ਰੂਰ ਖ਼ਾਨ ਜਨਰਲ:** (ਹੱਥ ਜੋੜਕੇ)- ਹਜ਼ੂਰ! ਇਸੇ ਫੌਜ ਤੇ ਬਸ ਨਹੀਂ ਹੈ, ਹੋਰ ਛੇੜ ਦਾ ਬੰਦੋਬਸਤ ਭੀ ਕੀਤਾ ਗਿਆ ਹੈ। ਬਾਹਰੋਂ ਪਿੰਡਾਂ ਵਿਚੋਂ ਜੇਹੜੇ ਕੇਈ ਲੋਕ ਸਿੱਖਾਂ ਦੇ ਹਥੋਂ ਸਤੇ ਹੋਏ ਹਨ ਬਹੁਤ ਕੁਮਕ ਲਈ ਆ ਰਹੇ ਹਨ, ਜਿਨ੍ਹਾਂ ਦੇ ਸਰਦਾਰ ਬੜੇ ਨਾਮੀ ਗਰਾਮੀ ਬਹਾਦਰ ਹਨ। ਗ਼ਰੀਬ ਨਿਵਾਜ ਜੀ! ਸਿੱਖਾਂ ਨੇ ਕਿਲ੍ਹੇ ਦੇ ਦਰਵਾਜ਼ੇ ਤੱਕ ਵੀ ਨਹੀਂ ਪਹੁੰਚਣਾ, ਬਾਹਰਲੀ ਫੌਜ ਬਾਹਰ ਹੀ ਕੰਘਾ ਕਰ ਛਡੇਗੀ। ਆਪ ਦੇ ਗੁਆਂਢ ਹੀ ਰਹਿਣ ਵਾਲਾ ਸਯਦ ਜ਼ੁਲਮਤ ਫ਼ਰੇਬ ਸ਼ਾਹ ਮੱਕਾਰ, ਬੜਾ ਨਾਮੀ ਗਰਾਮੀ ਬਹਾਦਰ ਸਾਰੇ ਬਾਹਰੇ ਵਿਚ ਮੰਨਿਆ ਪਰਮੰਨਿਆ ਇਕ ਕਾਇਆ ਦਾ ਆਦਮੀ ਹੈ। ਦੂਜਾ ਪੀਰ ਬਦਨੀਯਤ ਸ਼ਾਹ ਭੀ ਘੱਟ ਨਹੀਂ। ਅੱਲਾ ਦੀ ਸੁਰੰਦ ਅਜ ਤਕ ਇਸਦੇ ਮੁਕਾਬਲੇ ਆਕੇ ਕੋਈ ਸਾਬਤ ਨਹੀਂ ਗਇਆ। ਤੀਜੇ ਦੁਸ਼ਟ ਖ਼ਾਨ ਪਠਾਨ, ਜਿਸ ਤੋਂ ਸਾਰਾ ਇਲਾਕਾ ਥਰ੍ਹ ਥਰ੍ਹ ਕੰਬ ਰਹਿਆ ਹੈ। ਚੌਥੇ ਸ਼ੇਖ

ਅਯਾਸ਼ੁ ਕੱਜ਼ਾਕ ਜਿਸਦੀ ਮੁਲਕਾਂ ਮੁਲਕਾਂ ਵਿਚ ਆਨ ਮੰਨੀ ਜਾਂਦੀ ਹੈ, ਕੌਣ ਦੁਹਾਂ ਸਿਰਾਂ ਵਾਲਾ ਜੰਮਿਆ ਹੈ ਜੋ ਹਥਜਾਰ ਬੰਨ੍ਹਕੇ ਇਸਦੇ ਸਾਹਮਣੇ ਆ ਸਕੇ। ਪੰਜਵੇਂ ਮਿਰਾਸੀ ਦਰੋਗਸ਼ਾਹ, ਇਸ ਬਹਾਦਰ ਦੀ ਸਿਫ਼ਤ ਕੋਈ ਕੀ ਕਰ ਸਕਦਾ ਹੈ? ਇਸਦੇ ਜੇਹਾ ਏਹੋ ਇੱਕੋ ਦੁਨੀਆਂ ਵਿਚ ਪੈਦਾ ਹੋਇਆ ਹੈ। ਜਿਸ ਦਾ ਸਿੱਕਾ ਸਾਰੇ ਚੱਲ ਰਿਹਾ ਹੈ। ਛੇਵਾਂ ਰੰਘੜ ਬੇਹਯਾ ਖ਼ਾਨ ਸਿਫਲਾ, ਜਿਸ ਤੋਂ ਸਾਰਾ ਜਹਾਨ ਮਾਰੇ ਸ਼ਰਮ ਦੇ ਸ਼ਰਮਿੰਦਾ ਹੈ। ਮੁਕਾਬਲੇ ਦੀ ਕੀ ਗਲ, ਕੋਈ ਹਵਾ ਤਕ ਨਹੀਂ ਪਹੁੰਚ ਸਕਦਾ। ਇਜੇਹੇ ਬਹਾਦਰਾਂ ਦੀ ਫੌਜ ਚੁਤਰਫਿਓਂ ਬੱਦਲਾਂ ਵਾਂਗ ਉਮਡੀ ਚਲੀ ਆਉਂਦੀ ਹੈ। ਆਪ ਐਵੇਂ ਹੌਸਲਾ ਹਾਰੀ ਜਾਂਦੇ ਹੋ। ਜ਼ਰਾ ਦੇਖੋ ਤਾਂ ਸਹੀ ਸਾਡੇ ਸੂਰਮਿਆਂ ਦੇ ਹੱਥ, ਜੇ ਸਿਖ ਮੂੰਹ ਵਿਚ ਘਾਹ ਲੈ ਕੇ ਪਨਾਹ ਮੰਗਣ ਨਾ ਆਉਣ ਤਾਂ ਕਹਿਣਾ। ਇਕ ਵਾਰੀ ਜੰਗ ਛਿੜ ਲਵੇ ਫਿਰ ਦੇਖਣਾ ਕਿਸ ਤਰ੍ਹਾਂ ਜ਼ਮੀਨ ਵਿਚੋਂ ਦਰਖਤਾਂ ਵਾਕਰ ਬਹਾਦਰ ਪੈਦਾ ਹੁੰਦੇ ਹਨ।

ਜਨਰਲ ਗ਼ਰੂਰ ਖ਼ਾਂ ਇਹ ਕਹਿੰਦਾ ਹੋਇਆ ਰਾਣੀ ਸਾਹਿਬ ਨੂੰ ਨਾਲ ਲੈ ਕੇ ਉਪਰ ਕਬੁਧ ਚਾਰ ਕਮਾਨ ਵਾਲੇ ਚਬੂਤ੍ਰੇ ਪਰ ਚੜ੍ਹ ਗਿਆ। ਕਿਲ੍ਹੇ ਦੇ ਚਵ੍ਹੀਂ ਲਾਂਭੀਂ ਨਜ਼ਰ ਫੇਰਕੇ ਬੜੀ ਪ੍ਰਸੰਨਤਾ ਨਾਲ ਹੱਸਿਆ ਅਤੇ ਕਹਿਣ ਲੱਗਾ-ਹਜ਼ੂਰ! ਜ਼ਰਾ ਦੇਖੀਏ, ਰੰਘੜਾਂ ਰਾਜਪੂਤਾਂ ਅਤੇ ਗੁਜਰਾਂ ਦੀ ਬਾਹਰਲੀ ਭੀੜ ਕਿਸ ਤਰ੍ਹਾਂ ਚੁਤਰਫਿਓਂ ਝੁਕੀ ਚਲੀ ਆਉਂਦੀ ਹੈ। ਦੂਰ ਦੂਰ ਤਕ ਧੂੜ ਉਡਦੀ ਪ੍ਰਤੀਤ ਹੁੰਦੀ ਹੈ। ਔਹ ਦੇਖੋ ਰਾਣੀ ਸਾਹਿਬ ਕਿਲ੍ਹੇ ਦੇ ਸਜੇ ਪਾਸੇ ਵੱਲ, ਰਾਠੌਰ ਰਾਜਪੂਤ ਮਹਾਰਾਜਾ ਮਹਾਮੋਹ ਰਾਜ ਬਹਾਦਰ, ਜੋ ਕਦੀ ਕਿਸੀ ਜੰਗ ਵਿਚ ਨਹੀਂ ਹਾਰਿਆ, ਉਹ ਕੌਣ ਹੈ, ਜਿਸ ਨੇ ਇਸ ਦਾ ਸਾਇਆ ਸਿੱਕਾ ਨਹੀਂ ਮੰਨਿਆ। ਆਪਣਾ ਕੈਂਪ (ਤੰਬੂ) ਮਾਇਆ ਆਦੀ ਆੜ (ਛਾਇਆ) ਹੇਠ ਲਗ ਰਿਹਾ ਹੈ। ਤ੍ਰਿਗੁਣੀ ਖਾਈ ਖੁਦਵਾ ਕੇ ਵਿਚਕਾਰ ਦ੍ਵੈਤ ਦਾ ਬਜੂਹ (ਕਿਲ੍ਹਾ) ਬਣ ਰਿਹਾ ਹੈ। ਦੇਖੀਏ ਬਯੂਹ (ਕਿਲ੍ਹੇ) ਦਾ ਦਰਵਾਜ਼ਾ ਕੈਸਾ ਸ਼ੋਭਨੀਕ, ਪਵਿੱਤ੍ਰ ਅਤੇ ਸ਼ੁੱਧ ਪਾਪ ਦਾ ਰੂਪ ਰੱਖਿਆ ਹੈ। ਕਾਮ ਦੇ ਤਖਤਿਆਂ ਨਾਲ ਅਚਰਜ ਹੀ ਸਜਾਇਆ ਹੋਇਆ ਹੈ। ਦੁਖ ਰਾਮ ਦਾਸ ਦਰੋਗਾ ਜਿਸ ਦਾ ਪ੍ਰਸਿਧ ਨਾਉਂ ਸੁਖਰਾਮ ਦਾਸ ਕਰਕੇ ਕਹਿੰਦੇ ਹਨ, ਦਰਵਾਨ ਮੁਕਰਰ ਕੀਤਾ ਹੋਇਆ ਹੈ। ਇਸ ਰਾਠੌਰ

ਰਾਜੇ ਦਾ ਵਜ਼ੀਰ ਕ੍ਰੋਧ ਚੰਦ੍ਰ ਨਾਮੀ ਚੰਬਜਾਲ ਰਾਜਪੂਤ ਹੈ ਜੋ ਅੱਗ ਦਾ ਅਲਾਂਬਾ, ਬੜਾ ਖ਼ਰੂਦੀ, ਭਾਰੀ ਫਸਾਦੀ, ਅਕਾਰਣ ਕ੍ਰੋਧੀ ਹੈ ਅਤੇ ਜਿਸਦੇ ਮੱਥੇ ਦੇ ਵੱਟ ਕਦੀ ਲੱਥੇ ਹੀ ਨਹੀਂ। ਇਹੋ ਬਹਾਦਰ ਇਸਦੀ ਫੌਜ ਦਾ ਸਿਪਾਹ ਸਲਾਰ ਹੈ। ਇਹ ਸੂਰਮਾਂ ਹਰ ਵੇਲੇ ਸੁਾਦੀਕ ਦੇਸ਼ ਦੇ ਲੋਹੇ ਦਾ ਬਣਿਆ ਹੋਇਆ ਸੰਜੋਅ ਪਹਿਨੀ ਰੱਖਦਾ ਹੈ ਅਤੇ ਇਸਨੇ ਮਮਤਾ ਦਾ ਪੱਕਾ ਫੌਲਾਦੀ ਟੋਪ ਸਿਰ ਤੇ ਪਾਇਆ ਹੋਇਆ ਹੈ, ਜਿਸ ਨਾਲ ਹੋਰ ਵੀ ਭਾਰੀ ਕੱਦਾਵਰ ਜਵਾਨ ਪ੍ਰਤੀਤ ਹੁੰਦਾ ਹੈ। ਖੋਟੀ ਮਤਿ ਦੀ ਕਰੜੀ ਕਮਾਨ ਠੀਕ ਚੌਦਾਂ ਟਾਂਕ ਦੀ ਲਜਾਹੋਰ ਦੇ ਕਾਰੀਗਰਾਂ ਦੀ ਬਣਾਈ ਹੋਈ ਇਸਦੇ ਪਾਸ ਹੈ, ਜਿਸ ਨੂੰ ਬਿਨਾਂ ਇਸ ਕ੍ਰੋਧ ਚੰਦ ਬਹਾਦਰ ਦੇ ਹੋਰ ਕੋਈ ਖਿੱਚ ਨਹੀਂ ਸਕਦਾ। ਤ੍ਰਿਸ਼ਨਾਂ ਦੇ ਅਨੇਕਾਂ ਰੰਗਾਂ ਦੇ ਜੌਹਰਾਂ ਦੀਆਂ ਪਾਣਾਂ ਦੇਕੇ ਚੰਡੇ ਹੋਏ ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਬੰਨ੍ਹੀ ਖਲੋਤਾ ਹੈ। ਮੱਥੇ ਤੇ ਤਿਊੜੀ ਚੜ੍ਹਾਏ ਆਪਣੇ ਨਾਮੀ ਗਰਾਮੀ ਸਰਦਾਰਾਂ ਪੰਜੇ ਤੱਤ, ਪੰਞੀ ਪ੍ਰਕ੍ਰਿਤੀਆਂ, ਆਦਿਕਾਂ ਨੂੰ ਡਾਂਟ ਰਿਹਾ ਹੈ।

ਇਹ ਰਾਜਪੂਤ ਬਾਂਕੀਆਂ ਮੁੱਛਾਂ ਵਾਲੇ ਜਗਤ ਵਿਚ ਬੜੇ ਉੱਘੇ ਸੂਰਮੇ ਹਨ, ਜਿਨ੍ਹਾਂ ਨੇ ਜੰਗ ਵਿਚ ਆਕੇ ਕਦੀ ਪਿੱਠ ਨਹੀਂ ਦਿਖਾਈ। ਸੈਂਕੜੇ ਹਜ਼ਾਰਾਂ ਲੜਾਈਆਂ ਦੇ ਮਾਅਰਕੇ ਜਿਨ੍ਹਾਂ ਜਿੱਤੇ ਹੋਏ ਹਨ, ਬੜੇ ਉੱਘੇ ਅਤੇ ਪ੍ਰਸਿੱਧ ਹਨ। ਲਓ ਰਾਣੀ ਜੀ ਜ਼ਰਾ ਖੱਬੇ ਹਥ ਵੱਲ ਦੇਖਣਾ। ਆਪ ਦੇ ਦਿਨ ਤਾਂ ਖ਼ੁਦਾ ਵੱਲੋਂ ਆਪੇ ਹੀ ਸੂਤ ਹੁੰਦੇ ਜਾਂਦੇ ਹਨ। ਔਹ ਦੇਖੋ, ਆਸਮਾਨੀ ਰੰਗ ਦਾ ਤੰਬੂ। ਇਹ ਕਲਹਕਾਰ ਨਾਮੀ ਇਕ ਜਿੰਨਣੀ ਦਾ ਹੈ। ਇਸਦੇ ਪਾਸ ਇਕ ਐਸਾ ਅਚਰਜ ਸੁਰਮਾ ਹੈ, ਜਿਸ ਕਰਕੇ ਇਸਨੂੰ ਕੋਈ ਨਹੀਂ ਦੇਖ ਸਕਦਾ, ਪਰ ਇਹ ਸਭ ਨੂੰ ਦੇਖਦੀ ਹੈ। ਇਹ ਹੋਰਨਾਂ ਸੂਰਮਿਆਂ ਨਾਲੋਂ ਬਡੀ ਬਹਾਦਰ ਹੈ। ਇਸ ਨੇ ਚੌਦਾਂ ਲੋਕਾਂ ਵਿਚ ਬਿਨਾ ਜਿੱਤੇ ਕਿਸੇ ਨੂੰ ਨਹੀਂ ਛਡਿਆ। ਕੋਈ ਹਥਜਾਰ ਐਸਾ ਬਾਕੀ ਨਹੀਂ ਰਿਹਾ ਜੋ ਏਹ ਨਾ ਚਲਾ ਸਕਦੀ ਹੋਵੇ। ਕੋਈ ਦੇਸ਼ ਅਰ ਰਾਜ ਐਸਾ ਨਹੀਂ ਜਿੱਥੇ ਇਸਦਾ ਡਰ ਨਾ ਹੋਵੇ।

ਇਸਦਾ ਇਕ ਪੁਤ੍ਰ ਵਿਦ੍ਰੋਹ ਨਾਮੀ ਬੜਾ ਪ੍ਰਸਿੱਧ ਹੈ, ਜਿਸਦਾ ਦੋਖ ਨਾਮੀ ਇਕ ਜਿੰਨ ਮਿੱਤ੍ਰ ਹੈ। ਇਸ ਕਲਹਕਾਰ ਦੀ ਇਕ ਈਰਖਾ ਨਾਮੀ ਧੀ ਹੈ,

ਜਿਹੜੀ ਅਜੇ ਤਕ ਕਿਤੇ ਵਰ ਘਰ ਨ ਮਿਲਣੇ ਕਰਕੇ ਆਪਣੀਆਂ ਪੰਜ ਸਖੀਆਂ ਨਾਲ ਕੁਆਰੀ ਹੀ ਖੇਡਦੀ ਫਿਰਦੀ ਹੈ। ਇਹ ਸਖੀਆਂ ਹਨ: ੧. ਚੁਗਲੀ, ੨. ਬਖੀਲੀ, ੩. ਨਿੰਦਾ, ੪. ਹਿੰਸਾ ਤੇ ੫. ਤਾਤ। ਇਹ ਇਸਦੀਆਂ ਸਹੇਲੀਆਂ ਵਡੀਆਂ ਉੱਘੀਆਂ ਹਨ ਤੇ ਇਨ੍ਹਾਂ ਦੀ ਵਡਿਆਈ ਕੋਈ ਛਿਪੀ ਨਹੀਂ। ਇਸ ਕਲਹਕਾਰ ਦੇ ਘਰ ਜਿਸ ਦਿਨ ਇਹ ਭਾਗ ਸੁਲਖਾਂ ਚੰਗੇ ਪੈਰੇ ਵਾਲੀ, ਕਦਮ ਸੁਲੱਖਣੀ ਜਨਮੀ ਓਸੇ ਦਿਨ ਤੋਂ ਇਸਦਾ ਆਪਣੇ ਪਤੀ ਕਲਿਜੁਗ ਨਾਲ ਵਿਦ੍ਰੋਹ ਹੋ ਗਿਆ।

**"ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥**
**ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾਂ ਦਾ ਸਿਕਦਾਰੁ॥੧॥"**

[ਵਾਰ ਬਿਹਾ: ਮ:੧, ਪੰ: ੫੫੬]

ਏਸੇ ਦੇ ਹੋਰ ਖਬੇ ਪਾਸੇ ਵੱਲ ਦੇਖੀਏ ਇਕ ਧੁਆਂਖਿਆ ਹੋਇਆ ਡੇਰਾ ਸਿੰਙਾਂ ਦੀਆਂ ਕਲਸੀਆਂ ਵਾਲਾ ਦਿੱਸ ਰਹਿਆ ਹੈ। ਏਹ ਰਾਜਾਧਿਰਾਜ ਮਹਾਰਾਜ 'ਕਲਜੁਗ ਦੇਵ' ਦਾ ਡੇਰਾ ਹੈ। ਇਹ ਆਪਣੀ ਫੌਜ ਅਤੇ ਮੰਤ੍ਰੀਆਂ ਸਮੇਤ ਇਸ ਵੇਲੇ ਵਿਦਮਾਨ ਹੈ। ਮੰਤ੍ਰੀਆਂ ਦੀ ਅਤੀ ਪਰਬੀਨਤਾ ਦੇ ਕਾਰਨ ਇਸਦਾ ਝੰਡਾ ਤੇ ਪ੍ਰਤਾਪ ਦਸੋ ਦਿਸ਼ਾਂ ਵਿਚ ਫੈਲ ਰਿਹਾ ਹੈ। ਇਨ੍ਹਾਂ ਵਿਚੋਂ ਪਹਿਲਾ ਮੰਤ੍ਰੀ ਸਰਬ ਗੁਣ ਸੰਪੰਨ, ਸਰਬ ਕਲਾ ਪ੍ਰਬੀਨ 'ਮਿਥਜਾ ਚਾਰ ਦੇਵ' ਨਾਮੀ ਬੜਾ ਸੂਰਬੀਰ ਹੈ। ਦੂਜਾ ਮੰਤ੍ਰੀ ਇਸਦਾ ਸਰਬ ਗੁਣ ਗੁਣਾਲੰਕ੍ਰਿਤ ਸ੍ਰੀ ਮਾਨ 'ਅਤੀਚਾਰ ਦੇਵ' (ਵਧੀਕੀਆਂ ਕਰਨ ਵਾਲਾ) ਬੜਾ ਬਿਖ੍ਯਾਤ ਬੀਰ ਹੈ। ਤੀਜਾ ਮੰਤ੍ਰੀ ਮਹਾਂ ਮਹਾਸ਼ਯ 'ਬਿਕਾਰਦੇਵ' ਬਹਾਦਰ ਹੈ। ਚੌਥਾ ਮੰਤ੍ਰੀ ਇਸਦਾ ਸੋਲਾਂ ਕਲਾਂ ਸੰਪੂਰਨ ਸ੍ਰੀ 'ਬਿਭਚਾਰ ਦੇਵ' ਹੈ, ਪੰਜਵਾਂ ਮੰਤ੍ਰੀ ਸਰਬੋਪਰੀ ਬਿਰਾਜਮਾਨ 'ਕਪਟ ਬਿਹਾਰਦੇਵ' ਕਰਕੇ ਪ੍ਰਸਿੱਧ ਹੈ। ਛੇਵਾਂ ਮੰਤ੍ਰੀ ਮਹਾਂ ਮਹਾਨ ਅਛੂਤ ਨੀਤਿ ਨਿਪੁਨ 'ਬਿਖ ਸੰਚਾਰ ਦੇਵ' ਨਾਮ ਕਰਕੇ ਸਾਰੇ ਉੱਘਾ ਹੈ। ਸੱਤਵੇਂ ਮੰਤ੍ਰੀ 'ਅਪਮਾਨ ਦੇਵ' ਜੀ ਬੜੇ ਉੱਗ੍ਰ ਉਤਕਟ (ਮਸ਼ਹੂਰ) ਮੂਰਤੀ ਵਾਲੇ ਹਨ। ਅੱਠਵੇਂ ਮੰਤ੍ਰੀ ਬੀਰ ਬਹਾਦਰ ਸਰਬ ਕਲਾ

ਸਮਰੱਥ 'ਅਨਰਥ ਦੇਵ' ਜੀ ਵਿਦਮਾਨ ਹਨ। ਨਾਵੇਂ ਮੰਤ੍ਰੀ ਸਭ ਤੋਂ ਸ੍ਰੇਸ਼ਟ ਮੂਰਤੀ 'ਵਿਸਾਹਘਾਤ' ਨਾਮੀ ਹਨ। ਦਸਵੇਂ ਮੰਤ੍ਰੀ ਜੀ ਬੜੇ ਚਤੁਰ 'ਮਿੱਤ੍ਰ ਘਾਤ' ਜੀ ਕਰਕੇ ਪ੍ਰਗਟ ਹਨ। ਯਾਰ੍ਹਵੇਂ ਮੰਤ੍ਰੀ 'ਸ੍ਵਾਮਿਘਾਤ' ਨਾਮ ਕਰਕੇ ਰਾਜ ਸ੍ਰੇਣੀ ਵਿਚ ਪ੍ਰਚੁਰ ਹਨ। ਬਾਰ੍ਹਵੇਂ ਮੰਤ੍ਰੀ ਮਹਾਨ ਸ਼ਾਂਤਿ ਮੂਰਤੀ, ਪਰਉਪਕਾਰੀ, ਧੈਰਯ ਅਤੇ ਸਾਹਸ ਦਾ ਪੁੰਜ, 'ਆਤਮਘਾਤ' ਨਾਮ ਕਰਕੇ ਪ੍ਰਤੱਖ ਹਨ। ਤੇਰ੍ਹਵੇਂ ਤਿੰਨ ਭ੍ਰਾਤਾ ਇਕ ਮੰਤ੍ਰੀ ਪਦ ਪਰ ਬਿਰਾਜਮਾਨ ਹਨ, ਯੁਕਤੀ, ਉਕਤੀ ਤੇ ਹਾਜ਼ਰ ਜਵਾਬੀ ਵਿਚ ਬੜੇ ਨਿਪੁੰਨ ਹਨ। ਤਰਕਵਾਦ ੧, ਵਿਤੰਡਾ ਵਾਦ ੨, (ਅਕਾਰਥ ਝਗੜਾਲੂ) ਤੇ ਮਿਥਜਾਵਾਦ ੩, ਨਾਮ ਕਰਕੇ ਕਹੇ ਜਾਂਦੇ ਹਨ। ਇੱਕੁਰ ਹੀ ਦੋ ਮੰਤ੍ਰੀ ਮਹਾਂ ਮਹੋਪਾਧਜਾਇ ਸ੍ਵਾਮੀ 'ਵਾਚ ਗਜਾਨ' ਅਤੇ ਸ੍ਵਾਮੀ 'ਧੋਖਾ ਗਜਾਨ' ਜੀ ਬੀ ਨਾਲ ਹੀ ਹਨ। ਇੱਕੁਰ ਹੀ ਉਪਮੰਤ੍ਰੀ ਜੀ ਮਹਾਰਾਜ ਸ੍ਰੀ 'ਕ੍ਰਿਤਘਨ ਦੇਵ' ਬਿਰਾਜਮਾਨ ਹਨ।

ਇਸ ਰਾਜਾ ਦੀ ਫੌਜ ਦਾ ਕੋਈ ਹਦ ਹਿਸਾਬ ਨਹੀਂ। ਕੋਈ ਕੋਈ ਸੂਰਮੇ ਵਿਚ ਬਡੇ ਨਾਮੀ ਗਰਾਮੀ ਹਨ। ਜੇਹਾਕੁ ਕੁੰਚੀਲ, ਛੁਧਾ (ਭੁਖ), ਦਲਿੱਦ੍ਰ, ਝੂਠ, ਬ੍ਰਹਮ ਦੋਖ, ਅੰਨ ਦੋਖ, ਨਿਹਲਾਜਾ, ਭਰਮਾ ਦੇਵ, ਆਪਦ ਦੇਵ, ਕੁਮੰਤ੍ਰ ਦੇਵ, ਅਸ਼ੁਭ ਦੇਵ, ਅਸੰਤੋਖ ਦੇਵ, ਅਪਰਾਧ ਦੇਵ, ਘਾਤ ਦੇਵ, ਉਚਾਟ ਦੇਵ, ਰਾਜਾ ਦੋਖ, ਅਨਾਸੋਚ, ਬਜੋਗ ਦੇਵ, ਕਲੇਸ਼ ਦੇਵ, ਮਿੱਤ੍ਰਦੋਖ, ਅਕਾਰਣ ਦੋਖ, ਪ੍ਰਜਾ ਦੋਖ, ਆਦਿਕ ਹਨ।

ਇਸ ਰਾਜਾਧਿਰਾਜ ਮਹਾਰਾਜ ਕਲਿਜੁਗ ਦੇਵ ਦੇ ਤੇਜ ਪ੍ਰਤਾਪ ਦੇ ਅੱਗੇ ਇਹ ਵਿਚਾਰੇ ਸਿਖੜੇ ਨੰਗਾਂ ਭੁੱਖਾਂ ਦੇ ਮਾਰੇ ਹੋਏ ਸਤ ਸਿੰਘ, ਤਪ ਸਿੰਘ, ਦਾਨ ਸਿੰਘ, ਹਠ ਸਿੰਘ, ਪ੍ਰਤਿਸ਼ਟਾ ਸਿੰਘ, ਸੰਜਮ ਸਿੰਘ, ਆਪੋ ਅਪਣੀ ਥਾਉਂ ਤੇ ਏਵੇਂ ਮਾਰੇ ਡਰ ਦੇ ਪਏ ਥਰਨ ਥਰਨ ਕੰਬਦੇ ਹਨ*

*"....ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥ ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥੨॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥੩॥ ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥ ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥੪॥ ਆਖੁ ਗੁਣਾ ਕਲਿ

ਬਾਕੀ ਸਫ਼ਾ ੭੭ ਦੇ ਹੇਠਾਂ

ਰਾਣੀ ਸਾਹਿਬ! ਚਾਰੇ ਬਰਨ, ਚਾਰੇ ਆਸ਼੍ਰਮ, ਛੀਏ ਦਰਸਨ ਅਤੇ ਬੜੇ ਤੋਂ ਬੜੇ ਸਿਆਣੇ ਚਤੁਰ ਚਲਾਕ ਸਭ ਇਸਦੇ ਰਾਜ ਦੀਆਂ ਈਨਾਂ ਮੰਨਦੇ ਹਨ। ਇਸਦੇ ਪੰਜੇ ਪੈਂਚ ਬੜੇ ਸੂਰਬੀਰ ਬਹਾਦਰ ਕਿਸੇ ਦੇ ਕਾਬੂ ਨਹੀਂ ਆਉਂਦੇ। ਏਹ ਵੱਡੀ ਭਾਰੀ ਕੌਮ ਦੇ ਸੂਰਮੇ ਹਨ, ਫੌਜ ਇਨ੍ਹਾਂ ਦੀ ਬੜੀ ਹਠੀਲੀ ਹੈ[੧] ਜਿਨ੍ਹਾਂ ਪਿੱਠ ਕਦੀ ਨਹੀਂ ਦਿਖਾਈ। ਇਨ੍ਹਾਂ ਦੇ ਹੁੰਦਿਆਂ ਕੀ ਕਿਸੇ ਗੱਲ ਦਾ ਡਰ ਖ਼ੌਫ਼ ਹੋਇਆ।

ਇਨ੍ਹਾਂ ਦੀਆਂ ਰਾਣੀਆਂ ਰੂਪ ਅਤੇ ਗੁਣਾਂ ਕਰਕੇ ਸ਼ਿੰਗਾਰੀਆਂ ਹੋਈਆਂ ਸਦਾ ਨਾਲ ਹੀ ਰਹਿੰਦੀਆਂ ਹਨ, ਜੇਹਾ ਕੁ ਚਿੰਤਾ, ਅਸੋਚਤਾ, ਕੁਕਿਰਿਆ,

---

੧ "ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ॥ ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ॥੧॥ ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥੧॥ਰਹਾਉ॥ ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ॥ ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧ ਸੰਗਤਿ ਕੈ ਝਲੀ ਰੇ"॥੨॥੩॥੧੩੨॥ [ਆਸਾ ਮ:੫, ਪੰ: ੪੦੪]

**ਤਥਾ**–"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥ ਕੂੜ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥ ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥ ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ॥੧॥ਮ:੧॥ ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥ ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥ ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥੨॥"

[ਸਾਰੰ: ਵਾਰ ਮ: ੧੪, ਪੰ: ੧੨੪੨]

---

ਸਫ਼ਾ ੭੬ ਦੀ ਬਾਕੀ

ਆਈਐ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ॥੧॥ਰਹਾਉ॥ ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ॥੫॥ ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥੬॥ ਕਲਿ ਪਰਵਾਣੁ ਕਤੇਬ ਕੁਰਾਣੁ॥ ਪੋਥੀ ਪੰਡਿਤ ਰਹੇ ਪੁਰਾਣ॥ਨਾਨਕ ਨਾਉ ਭਇਆ ਰਹਮਾਣੁ॥ ਕਰਿ ਕਰਤਾ ਤੂੰ ਏਕੋ ਜਾਣੁ॥੭॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਾਹੀ॥ ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ॥੮॥੧॥"[ਰਾਮ:ਮ:੧,ਅਸ:੧, ਪੰ: ੯੦੨]

ਕੁਚੀਲਤਾ, ਤੰਦ੍ਰਾ, ਬੇਪਰਵਾਹੀ, ਤ੍ਰੋਹ, ਨਿੰਦ੍ਰਾ, ਮਸਤੀ, ਠੱਗੀ, ਅਹੰ ਬ੍ਰਹਿਮਾਸਮਿ, ਉਪਾਧੀ ਭੇਦ, ਸ਼ੰਕਾ, ਈਰਖਾ, ਮਤਸਰਤਾ ਆਦਿਕ।

ਰਾਣੀ ਸਾਹਿਬ ਜੀ! ਏਹ ਮਹਾਰਾਜਾ ਬੜਾ ਨੀਤੀ ਨਿਪੁੰਨ ਹੈ। ਚਹੁੰ ਭਰਾਵਾਂ ਵਿੱਚੋਂ ਇਸਦੀ ਨੀਤੀ ਦਾ ਡੰਕਾ ਚਵ੍ਹੀਂ ਲਾਂਭੀਂ ਵਜ ਰਿਹਾ ਹੈ। ਹਜ਼ਾਰਾਂ ਬਰਸਾਂ ਦੇ ਜ਼ੁਲਮ ਰਸੀਦਹ ਘਰਾਂ ਬਾਰਾਂ ਦੇਸ਼ਾਂ ਤੋਂ ਬਿਦਾਵੇ ਕੀਤੇ ਹੋਏ ਜਿਨ੍ਹਾਂ ਦੇ ਪਰਛਾਵਿਆਂ ਤੋਂ ਸੰਸਾਰ ਪਰੇ ਪਰੇ ਤੇ ਦੂਰ ਦੂਰ ਕਰਦਾ ਸੀ ਇਸ ਰਾਜਾ ਦੇ ਨਜਾਯ ਸ਼ੀਲਤਾ ਦੇ ਆਸਰੇ ਉੱਚੀਆਂ ਪਦਵੀਆਂ ਪਰ ਬਿਰਾਜ ਰਹੇ ਹਨ, ਜੇਹਾਕੁ ਸ੍ਰੀ ਮਤ ਕਲਾਲ ਛੇੜੂ, ਸ੍ਰੀ ਮਤ ਬੇਸਜਾ ਛੇੜੂ, ਸ੍ਰੀ ਮਤਿ ਜੂਪ ਬਿਹਾਰ ਆਦਿਕ। ਇਸ ਰਾਜਨੰ- ਪਤਿ ਰਾਜਾ ਨੇ ਆਪਣੇ ਕੈਂਪ ਦੇ ਅੱਗੇ ਚਾਰ ਖਾਈਆਂ ਕਿ ਚਾਰ ਨਦੀਆਂ ਖੁਦਵਾ ਰੱਖੀਆਂ ਹਨ। ਪਹਿਲੀ ਖਾਈ ਵਲ ਦੇਖੀਏ ਕਿਤਨੀ ਲੰਬੀ ਹੈ ਜਿਸ ਦਾ ਆਦਿ ਅੰਤ ਕੁਝ ਨਹੀਂ ਲੱਭਦਾ। ਰਾਣੀ ਸਾਹਿਬ! ਇਸ ਖਾਈ ਵਿਚ ਪਾਣੀ ਨਹੀਂ ਹੈ। ਨਿਰੀ ਗੰਧਕ ਅਤੇ ਰਾਲ ਧੁਖ ਰਹੀ ਹੈ। ਇਸਦਾ ਚਿੱਟਾ ਧੂੰਆਂ ਪਾਣੀ ਦਾ ਭੁਲੇਖਾ ਦਿੰਦਾ ਹੈ। ਇਸ ਖਾਈ ਦਾ ਨਾਮ ਹਿੰਸਾ ਨਦੀ ਕਰਕੇ ਰੱਖਿਆ ਹੈ। ਹਤਜਾ ਦੇਵ ਨਾਮੀ ਲਫਟੈਣ ਇਸ ਖਾਈ ਪਰ ਤਈਨਾਤ ਹੈ। ਦੂਜੀ ਖਾਈ ਇਸ ਤੋਂ ਕੁਝ ਅੱਗੇ ਵਧ ਕੇ ਦੇਖੀਏ ਇਸ ਨਾਲੋਂ ਵੀ ਲੰਬਾਈ ਵਿਚ ਵੱਧ ਹੈ। ਇਸ ਦਾ ਨਾਮ ਹੇਵਵਾ (ਪਿਆਰ) ਨਦੀ ਰੱਖਿਆ ਹੈ। ਮੋਹ ਚੰਦ ਨਾਮੀ ਲਫਟੈਣ ਆਪਣੀ ਫੌਜ ਸਮੇਤ ਇਸ ਖਾਈ ਪਰ ਤੈਈਨਾਤ ਹੈ। ਇਸ ਖਾਈ ਵਿੱਚ ਨਿਰਾ ਪੱਥਰ ਦਾ ਕੋਲਾ ਬਲ ਰਿਹਾ ਹੈ, ਜਿਸ ਨੇ ਧੂੰਏਂ ਦਾ ਗੁਬਾਰ ਬੰਨ੍ਹ ਛੱਡਿਆ ਹੈ। ਤੀਜੀ ਖਾਈ ਵਲ ਦੇਖੀਏ ਜਿਹੜੀ ਇਸ ਨਾਲੋਂ ਵੀ ਵਡੇਰੀ ਜਾਪਦੀ ਹੈ। ਇਸ ਦਾ ਨਾਉਂ ਲੋਭਾ ਨਦੀ ਰੱਖਿਆ ਹੈ। ਇਸ ਖਾਈ ਪਰ ਤ੍ਰਿਸ਼ਨਾਤੁਰ ਦੇਵ ਨਾਮੀ ਲਫਟੈਣ ਮੁਕੱਰਰ ਹੈ। ਇਸ ਵਿਚ ਜੰਡ ਕਿਕੁਰ ਕਰੀਰ ਆਦਿਕ ਜਲ ਰਹੇ ਹਨ। ਇਹ ਬੜੀ ਭੜਕਵੀਂ ਅੱਗ ਦੀ ਨਦੀ ਹੈ। ਅੱਗੇ ਦੇਖੀਏ ਔਹ ਚੌਥੀ ਖਾਈ ਹੈ ਜਿਹੜੀ ਇਨ੍ਹਾਂ ਤਿੰਨਾਂ ਖਾਈਆਂ ਨਾਲੋਂ ਵੀ ਲੰਮੇਰੀ ਹੈ। ਇਸ ਖਾਈ ਦਾ ਨਾਉਂ ਕੋਪਾਗਨਿ* ਹੈ। ਇਸ ਵਿਚ ਗੰਧਕ, ਸ਼ੋਰਾ,

---

* ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥੨॥ [ਵਾਰ ਮਾਝ ਮ:੧, ਪੰ: ੧੪੭]

ਮਨਸਿਲ, ਪਟਾਸ਼, ਜਿਸਤ, ਹੜਤਾਲ, ਚਾਂਦੀ, ਕੋਲਾ, ਆਦਿਕ ਵਸਤਾਂ ਮਿਲੀਆਂ ਹੋਈਆਂ ਜਲ ਰਹੀਆਂ ਹਨ, ਜਿਨ੍ਹਾਂ ਦੇ ਰੰਗ ਨਿਕਲਦੇ ਹਨ ਅਤੇ ਅਨੇਕਾਂ ਭਾਂਤਾਂ ਦੇ ਡਰਾਉਣੇ ਪਟ ਪਟਾਹਟ ਦੇ ਅਵਾਜ਼ੇ ਹੁੰਦੇ ਹਨ। ਇਸ ਪਰ ਮਹਾਰਾਜ ਭੜਕ ਚੰਦ ਨਾਮੀ ਲਫਟੈਣ ਆਪਣੀ ਫੌਜ ਸਮੇਤ ਤਈਨਾਤ ਹੈ।

ਇਸ ਕੈਂਪ ਤੋਂ ਜ਼ਰਾ ਹੋਰ ਖੱਬੇ ਪਾਸੇ ਵਲ ਦੇਖਣਾ ਔਹ ਚਿੱਟੇ ਦੰਦਾਂ ਵਾਲੇ ਮਸਤ ਹਾਥੀ ਉਤੇ ਬਿਜਲੀ ਵਰਗੇ ਚਮਕਦੇ ਹੋਏ ਕੱਚ ਦੇ ਪੰਘੂੜੇ ਵਿੱਚ ਹੁਲਾਰੇ ਲੈਂਦੀ ਹੋਈ ਪਾਲਕੀ ਵਿਚ ਰਾਣੀ ਨੁਕਲ ਦੇਈ ਬੈਠੀ ਗੱਲਾਂ ਕਰ ਰਹੀ ਹੈ। ਇਸਦੇ ਸਿਰ ਪਰ ਝੱਗ ਵਰਗਾ ਚਿੱਟਾ ਚੌਰ ਹੁੰਦਾ ਆਉਂਦਾ ਹੈ। ਇਸ ਦੀ ਬਹਾਦਰੀ ਕੀ ਦੱਸਾਂ। ਜ਼ਰਾ ਜੰਗ ਵੇਲੇ ਇਸ ਭਾਗਵਾਨ ਦੇ ਹੱਥ-ਕੰਡੇ ਦੇਖਣੇ। ਇਹ ਆਪਣੇ ਤੇਜ ਪ੍ਰਤਾਪ ਦੇ ਅੱਗੇ ਦੁਸ਼ਮਣ ਦਾ ਕੱਖ ਨਹੀਂ ਰਹਿਣ ਦਿੰਦੀ। ਬੜੇ ਬੜੇ ਪੱਕੇ ਪਾਤਸ਼ਾਹੀ ਮਹੱਲ ਤੇ ਕਿਲ੍ਹੇ ਇਸਨੇ ਦਰਿਆ ਦੀ ਢਾਹ ਵਾਕਰ ਰੁੜ੍ਹਾ ਕੇ ਖਬਰ ਨਹੀਂ ਕਿਧਰ ਵਹਾ ਦਿੱਤੇ। ਇਹ ਬੜੀ ਹੀ ਜੰਗ ਬਹਾਦੁਰ ਰਾਣੀ ਹੈ। ਇਹ ਕੰਧਾਰੀ ਅੰਗੂਰਚੰਦ ਦੀ ਇਕਲੌਤੀ ਧੀ (ਸ਼ਰਾਬ) ਹੈ ਅਤੇ ਭੈਰਮ ਬਾਮ ਦੀ ਪਟਰਾਣੀ ਹੈ। ਕਲਾਲ ਛੇੜ੍ਹ ਇਸਦੀ ਰਾਜਧਾਨੀ ਦਾ ਅਸਥਾਨ ਹੈ, ਦੋ ਲੜਕੀਆਂ ਇਸ ਦੀਆ ਕੁਆਰੀਆਂ ਹਨ। ਵਡੀ 'ਮਸਤੀ' ਅਤੇ ਛੋਟੀ 'ਸੁਸਤੀ'। ਇਹ ਬੜੀਆਂ ਚਤੁਰ ਚਲਾਕ ਜੰਗ ਜਦਲ ਵਿਚ ਮੋਹਰੇ ਹੋਕੇ ਲੜਨ ਵਾਲੀਆਂ ਹਨ ਕਿ ਕੀ ਤਾਰੀਫ ਕੀਤੀ ਜਾਵੇ। ਔਹ ਕੈਂਪ ਇਸਦਾ ਲਗ ਰਿਹਾ ਹੈ। ਇਨ੍ਹਾਂ ਗਲਾਂ ਤੋਂ ਉਪਰੰਤ ਜਨਰਲ ਨੇ ਇਕ ਬਾਰਗੀ ਖਿੜ ਖਿੜ ਕੇ ਹੱਸਣਾ ਆਰੰਭ ਦਿਤਾ ਅਤੇ ਜ਼ੁਬਾਨੀ ਕੁਛ ਕਹਿਣ ਤੋਂ ਪਹਿਲੇ ਰਾਣੀ ਸਾਹਿਬ ਦੇ ਕਦਮਾਂ ਨੂੰ ਹੱਥ ਲਾਇਆ ਅਤੇ ਆਖਿਆ: ਹਜ਼ੂਰ! ਆਪ ਦੇ ਇਕਬਾਲ ਤੋਂ ਕੁਰਬਾਨ ਹੋ ਜਾਵਾਂ, ਜ਼ਰਾ ਐਧਰ ਕਿਲ੍ਹੇ ਦੇ ਪੱਛੋਂ ਰੁਖ ਦੇਖਣਾ। ਐਹ ਜਿਹੜਾ ਸਬਜ਼ ਬਨਾਤੀ ਕੈਂਪ ਲਗ ਰਿਹਾ ਹੈ, ਜਿਸ ਪਰ ਕਾਰਚੋਬੀ ਅਤੇ ਤਮਾਮੀ ਦਾ ਕੰਮ ਬਹੁਤ ਸਾਰਾ ਹੋਇਆ ਹੋਇਆ ਹੈ, ਇਹ ਮੇਰੇ ਇਕ ਬਾਲ ਸਖਾਈ ਦੋਸਤ ਮਿਰਜ਼ਾ 'ਖਾਨਹ ਜੰਗੀ ਬੇਗ' ਦਾ ਕੈਂਪ ਹੈ। ਇਹ ਸ਼ਖਸ ਇਲਮਦਾਰ, ਨੇਕੋਕਾਰ ਨਾਮੀ ਗਰਾਮੀ ਬਹਾਦਰ ਹੈ। ਇਸ ਨੇ ਕਈ ਪਾਤਸ਼ਾਹੀਆਂ

ਦੇ ਪੁਰਜ਼ੇ ਉਡਾ ਦਿੱਤੇ, ਬੜੇ ਬੜੇ ਚੁਸਤ ਚਲਾਕਾਂ ਦੇ ਤਬਕ ਹਿਲਾ ਦਿੱਤੇ। ਇਸ ਜੋਧੇ ਦੇ ਭਰਪੂਰ ਹੱਥਾਂ ਦੇ ਵਾਰ ਨਾਲ ਜ਼ਖਮੀ ਹੋ ਕੇ ਕਦੀ ਕੋਈ ਨਹੀਂ ਜੀਵਿਆ, ਸਗੋਂ ਦੂਹਰੀਆਂ ਤੀਹਰੀਆਂ ਲੋਥਾਂ ਹੀ ਫੜਕਦੀਆਂ ਦੇਖੀਆਂ ਹਨ। ਜਿਹੜੇ ਕੋਈ ਫਟੇ ਹੋਏ ਕਿਸਮਤ ਦੀ ਮਾਰ ਨੂੰ ਜਰਾਹ ਪਾਸ ਗਏ ਹਨ ਉਨ੍ਹਾਂ ਦੇ ਝੁੱਗੇ ਝਾਏ ਸਾਰੇ ਲਗ ਗਏ ਪਰ ਕਾਰੀ ਲਗੇ ਹੋਏ ਜ਼ਖਮਾਂ ਦੀ ਕਾਰੀ ਕੋਈ ਨਾ ਹੋ ਸਕੀ। ਇਹ ਬੜਾ ਹਥਜਾਰ ਬੰਦ ਆਦਮੀ ਹੈ। ਇਸ ਵੇਲੇ ਮੇਰੇ ਨਾਮ ਨੂੰ ਸੁਣਦਿਆਂ ਸਾਰ ਕੁਮਕ ਲੈ ਕੇ ਵੇਲੇ ਸਿਰ ਆਣ ਪੁੱਜਾ ਹੈ। ਇਸ ਇਕੱਲੇ ਦੇ ਮੁਕਾਬਲੇ ਵਿਚ ਸਾਰੀ ਸਿੱਖ ਫੌਜ ਦੀ ਕੁਝ ਗਿਣਤੀ ਨਹੀਂ। ਕਿਉਂ ਜੋ ਇਸ ਇਕੱਲੇ ਨੂੰ ਸਿੰਘਾਂ ਨੂੰ ਜਿਤ ਲੈਣ ਦੀ ਖਾਸ ਅਟਕਲ ਹੈ। ਜਦ ਹੋਰ ਸਭ ਹਾਰ ਜਾਣ ਇਹ ਤਦ ਭੀ ਜਿੱਤਕੇ ਘਰ ਆਉਂਦਾ ਹੈ। ਅਰ ਸਿੱਖਾਂ ਵਿਚ ਕਾਮਯਾਬੀ ਨਾਲ ਕੰਮ ਕਰਨ ਦੀ ਇਸਨੂੰ ਖਾਸ ਜਾਚ ਹੈ।

ਏਸੇ ਤੰਬੂ ਦੇ ਜ਼ਰਾ ਦੱਖਣ ਰੁਖ ਦੇਖੀਏ। ਇਕ ਚਮਕੀਲਾ ਸੋਨੇ ਦੀਆਂ ਕਲਸੀਆਂ ਵਾਲਾ ਸਭ ਤੋਂ ਨਿਰਾਲਾ ਤੰਬੂ ਚਮਕ ਰਿਹਾ ਹੈ।ਇਹ ਰਾਣਾ ਅਭਿਮਾਨ ਚੰਦ ਹਾਡਾ ਰਾਜਪੂਤ ਦਾ ਤੰਬੂ ਹੈ। ਫੇਰੀ ਇਸਦੀ ਰਾਜਧਾਨੀ ਹੈ। ਮੇਰਾ ਇਹ ਸ੍ਵਾਧਜਾਈ ਹੈ, ਇੱਕੋ ਮਦਰੱਸੇ ਵਿਚ ਪੜ੍ਹੇ ਸਾਂ। ਹੁਣ ਇਹ ਮੇਰੀ ਖਬਰ ਸੁਣਦੇ ਸਾਰ ਕੁਮਕ ਲੈਕੇ ਆਣ ਪੁੱਜਾ ਹੈ। ਇਸਦੇ ਸੱਜੇ ਹੱਥ ਵੱਲ ਦੇਖੀਏ, ਨਾਲ ਹੀ ਰਾਣਾਂ ਅਪਮਾਨ ਚੰਦ ਵਜ਼ੀਰ-ਏ-ਆਜ਼ਮ ਹੈ, ਇਹੋ ਇਸਦਾ ਸਿਪਹ ਸਲਾਰ ਹੈ। ਇਸ ਵਜ਼ੀਰ ਦੀ ਕੀ ਸਿਫ਼ਤ ਕਰਾਂ। ਹੋਰ ਕਿਸੇ ਦੁਨੀਆਂ ਵਿੱਚ ਪੈਦਾ ਹੋਏ ਦੀ ਕੀ ਗਿਣਤੀ ਹੋਈ, ਇਹ ਤਾਂ ਰੱਬ ਨਾਲ ਆਢਾ ਲਾਉਣੋਂ ਵੀ ਨਹੀਂ ਟਲਦਾ। ਫੌਜ ਇਸਦੀ ਬੜੀ ਹੀ ਕਟੀਲੀ ਤੇ ਫੁਰਤੀਲੀ ਹੈ।

ਰਾਣੀ ਸਾਹਿਬਾ! ਜ਼ਰਾ ਪੂਰਬੀ ਕੋਣ ਵੱਲ ਦੇਖੀਏ। ਔਹ ਰਾਣਾ ਅਗਜਾਨ ਚੰਦ ਠਾਕਰ ਦਾ ਤੰਬੂ ਹੈ, ਇਹ ਰਾਤ ਵਾਕਰ ਸੂਰਜ (ਗਜਾਨ) ਦੇ ਅੱਗੇ ਪਿੱਛੇ ਹੀ ਲੱਗਾ ਰਹਿੰਦਾ ਹੈ। ਇਹ ਅੰਧੇਰ ਨਗਰੀ ਦਾ ਰਾਜਾ ਹੈ। ਇਸਦੀ ਬਹਾਦਰੀ ਤੋਂ ਕੁਰਬਾਨ ਜਾਈਏ। ਧੂਮ੍ਰਪੋਤ* ਪਰ ਸਵਾਰ ਹੋਕੇ ਚਾਰੇ

* ਧੂੰਏਂ ਦਾ ਜਹਾਜ਼, ਅਥਵਾ ਹਨੇਰਾ।

 www.sikhbookclub.com

ਖਾਈਆਂ ਲੰਘ ਆਇਆ ਜੇ। ਔਹ ਦੇਖੋ ਇਸਦੇ ਪਾਸ ਅਵਿੱਦਿਆ ਦੀ ਤੋਪ ਦੋ ਫੁਟ ਚੌੜੇ ਮੂੰਹ ਵਾਲੀ ਹੈ, ਜਿਸਦੇ ਚਲਦਿਆਂ ਆਪ ਦੇਖੋਗੇ ਕੈਸਾ ਧੂੰਆਂ ਧਾਰ ਅੰਧਕਾਰ ਬਰਸਦਾ ਹੈ, ਜੋ ਸਾਰੇ ਸੰਸਾਰ ਨੂੰ ਹੱਥ ਪਸਾਰਿਆਂ ਵੀ ਨਜ਼ਰ ਆ ਜਾਵੇ ਤਾਂ ਮੇਰਾ ਨਾਉਂ ਗ਼ਰੂਰ ਖਾਂ ਨਹੀਂ। ਇਜੇਹੇ ਸੂਰਮੇਂ, ਰਾਣੀ ਜੀ! ਆਫ਼ਤ ਦੇ ਗੋਲੇ ਹੁੰਦੇ ਹਨ। ਜਿਸ ਪਾਸੇ ਵੱਲ ਪੈ ਜਾਣ, ਨਾਸ ਕਰ ਛੱਡਦੇ ਹਨ।

ਲਓ ਗ਼ਰੀਬ ਨਿਵਾਜ! ਜ਼ਰਾ ਕਿਲ੍ਹੇ ਦੇ ਉੱਤਰ ਕੋਣ ਵੱਲ ਦੇਖਣਾ। ਔਹ ਤੰਬੂ ਇਕ ਸਾਨੀਏਂ ਰੁਸਤਮ ਪਹਿਲਵਾਨ ਦਾ ਹੈ। ਦੇਖਣੇ ਵਿੱਚ ਪਹਿਲਵਾਨ ਐਵੇਂ ਸਵਾਹ ਮਿੱਟੀ ਦਾ ਲਿੱਬੜਿਆ ਹੋਇਆ ਲਟਬਉਰਾ ਬੇਹਥਿਆਰਾ ਹੀ ਫਿਰਦਾ ਦਿੱਸਦਾ ਹੈ। ਕੋਈ ਇਸ ਨੂੰ ਇੱਟ, ਵੱਟਾ, ਢੀਮ, ਘਸੁੰਨ ਮੁੱਕੀ ਮਾਰੇ ਤਾਂ ਪਰਵਾਹ ਕੁਝ ਨਹੀਂ ਕਰਦਾ, ਨਾ ਪਰਤਕੇ ਵੇਖਦਾ ਹੈ, ਪਰ ਜਦ ਆਪਣੇ ਕਰਤੱਬ ਕਰਨ ਤੇ ਉੱਤਰਦਾ ਹੈ ਤਾਂ ਸੰਸਾਰ ਵਿੱਚ ਕੋਈ ਐਸਾ ਪਹਿਲਵਾਨ ਨਹੀਂ ਜਿਸ ਨੂੰ ਇਸ ਬਹਾਦਰ ਨੇ ਚੁਫਾਲ ਪਿੱਠ ਪਰਨੇ ਮੈਦਾਨ ਵਿੱਚ ਨਾ ਪਟਕਿਆ ਹੋਵੇ। ਇਸ ਦੇ ਦਾਉ ਘਾਉ ਨੂੰ ਕੋਈ ਨਹੀਂ ਸੰਭਾਲ ਸਕਦਾ। ਫਿਰ ਵਾਧਾ ਇਹ ਕਿ ਅਖਾੜੇ ਵਿਚ ਇਸ ਨਾਲ ਭਾਵੇਂ ਕਿੰਨੇ ਹੀ ਜ਼ੋਰ ਆਜ਼ਮਾਈ ਕਰਨ ਪਰ ਇਹ ਇਕ ਇਕੱਲਾ ਸਥਾਰਾਂ ਦੇ ਸਥਾਰ ਲਾਹੀ ਜਾਂਦਾ ਹੈ। ਹੁਣ ਵੀ, ਆਪ ਦੇਖ ਲਓ ਕੋਈ ਜੰਗ ਦਾ ਸਾਜ਼ ਸਾਮਾਨ ਇਸ ਦੇ ਨਾਲ ਹੈ ਨਹੀਂ ਅਤੇ ਨਾ ਹੀ ਕੋਈ ਨਾਲ ਫੌਜ ਹੈ, ਇਕੱਲਾ ਰੇਤ ਦੇ ਟਿਬੇ ਤੇ ਅੱਕ ਧਤੂਰਾ ਪਾਸ ਰੱਖੀ ਬੈਠਾ ਦੁਸ਼ਮਨ ਦੀ ਫੌਜ ਦਾ ਰਾਹ ਤੱਕ ਰਿਹਾ ਹੈ। ਨਾਉਂ ਇਸ ਬਹਾਦਰ ਦਾ 'ਮੱਕਾਰਖਾਨ' ਹੈ। ਇਹ ਈਸਬਜ਼ਈ ਪਠਾਨ ਹਰ ਇਕ ਦੇਸ਼ ਅਤੇ ਭੇਸ ਵਿਚ ਵਿਚਰਦਾ ਹੈ। ਇਸ ਬਹਾਦਰ ਤੋਂ ਹੋਰ ਪੱਛਮ ਰੁਖ ਹੇਠਾੜ ਵਲ ਦੇਖੀਏ! ਹਜ਼ਰਤ ਪਾਸੇ ਖਾਨ ਅਫ਼ਗ਼ਾਨ ਦੀ ਫੌਜ ਛਿੜ੍ਹ ਮੂਧੇ ਮਾਰੀ ਡਲ ਡਲ ਉਤਰੀ ਪਈ ਹੈ। ਇਹ ਪੰਚਾਇਤੀ ਫੌਜ ਹੈ। ਜੋ ਇਨ੍ਹਾਂ ਦੇ ਦਾਉ ਚੜ੍ਹਿਆ ਤਿੰਨ ਕਾਣੇ ਕਰਕੇ ਛੱਡਿਆ, ਪਰੰਤੂ ਇਸ ਲਸ਼ਕਰ ਦੇ ਸਦਾ ਹੀ ਪੌ ਬਾਰਾਂ ਰਹੇ। ਕਦੀ ਸੂਰਤ ਦੀ ਮੂਰਤ ਦਿਖਾਕੇ ਦੁਸ਼ਮਨ ਦੀ ਸਤਜਾ

ਖਿੱਚ ਲਈ, ਕਦੀ ਆਪਣੇ ਦਾਣੇ ਸਿੱਧੇ ਕੀਤੇ, ਪੂਰੋ ਪੂਰ ਹੱਥ ਮਾਰਿਆ, ਦੁਸ਼ਮਨ ਦਾ ਜਾਨ ਮਾਲ ਰੱਬ ਦੇ ਹਵਾਲੇ ਕਰ ਦਿੱਤਾ। ਇਨ੍ਹਾਂ ਦੀਆਂ ਨੰਗ ਭੁੱਖ ਦੀਆਂ ਤਲਵਾਰਾਂ ਐਸੀਆਂ ਤੇਜ ਤੇ ਤਿੱਖੀਆਂ ਰਹਿੰਦੀਆਂ ਹਨ ਕਿ ਕਦੀ ਮਿਆਨ ਵਿਚ ਨਹੀਂ ਹੋਈਆਂ। ਕੱਖ ਅਤੇ ਲੱਖ ਇਕ ਬਰਾਬਰ ਇਸੇ ਦਰਗਾਹ ਵਿਚ ਰਹਿੰਦਾ ਹੈ। ਜਿਸ ਦੁਸ਼ਮਨ ਦਾ ਮੁਕਾਬਲਾ ਇਸ ਫੌਜ ਨਾਲ ਪਿਆ ਉਸਦੀ ਕਉਡੀ ਹਡੀ ਇਸ ਦੁਨੀਆਂ ਦੇ ਤਖ਼ਤੇ ਪਰ ਫਿਰ ਕਦੀ ਨ ਦੇਖੀ ਗਈ। ਇਸ ਫੌਜ ਦੀਆਂ ਛੱਲੇਬਾਜ਼ੀਆਂ ਅਤੇ ਰੰਗਸਾਜ਼ੀਆਂ ਦੇ ਦਾਉ ਤੋਂ ਸਿਆਣੇ ਤੋਂ ਸਿਆਣਾਂ ਕੰਨਾਂ ਤੇ ਹੱਥ ਧਰਦਾ ਹੈ।

ਇੰਨੀ ਗਲ ਕਰਦਾ ਹੀ ਪਿਆ ਸੀ ਕਿ ਅਚਾਨਕ ਜਨਰਲ ਦੀ ਨਜ਼ਰ ਇਕ ਦੁਰਾਡੀ ਜੇਹੀ ਵਾਟ ਤੇ ਜਾ ਪਈ। ਇਸ ਚਮਕਾਰੇ ਨੂੰ ਦੇਖਕੇ ਜਨਰਲ ਗ਼ਰੂਰ ਖਾਂ ਇਕ ਭਾਰੇ ਗ਼ਰੂਰ ਵਿਚ ਆਕੇ ਖਿੱਦੋ ਵਾਂਗ ਬੁੜ੍ਹਕ ਉਠਿਆ ਤੇ ਇਉਂ ਬੋਲਿਆ: ਔਹ ਲਓ ਰਾਣੀ ਸਾਹਿਬ! ਮੁਬਾਰਕ, ਹੁਣ ਸਾਰੇ ਕੰਮ ਸੂਤ ਹੋ ਗਏ। ਹੁਣ ਸਾਡੀ ਫ਼ਤਹ ਹੋ ਗਈ ਜਾਣੋ, ਦੁਸ਼ਮਨ ਦਾ ਕੋਈ ਖ਼ੌਫ ਖ਼ਤਰਾ ਨਹੀਂ ਰਿਹਾ। ਬਿਨਾ ਆਈ ਅਜਾਂਈਂ ਮੌਤੇ ਮਾਰੇ ਜਾਣਗੇ, ਬਿਨਾ ਹੀ ਲੜੇ ਭਿੜੇ ਲਹੂ ਡੋਹਲੇ ਤੋਂ ਇਸ ਲੜਾਈ ਦੀ ਫ਼ਤੇ ਦਾ ਮੈਦਾਨ ਸਾਡੇ ਹੱਥ ਰਹੇਗਾ।

**ਰਾਣੀ**: ਪਰ ਕੁਝ ਗਲ ਵੀ ਕਰੋ।

**ਜਨਰਲ**: (ਨੀਵਾਂ ਹੋਕੇ ਸਲਾਮ ਕਰਕੇ)–ਔਹ ਦੇਖੀਏ ਰਾਣੀ ਸਾਹਿਬ! ਔਹ ਇਕ ਸਾਂਈਂ ਲੋਕ ਸੜਕ ਦੇ ਕੰਢੇ ਕੰਢੇ ਮਸਤੀ ਵਿਚ ਝੂਮਦਾ ਹੋਇਆ ਚਮਕੀਲੇ ਕੱਪੜਿਆਂ ਵਾਲਾ ਟੁਰਿਆ ਆਉਂਦਾ ਹੈ। ਕਾਲੇ ਕਾਲੇ ਵਲਾਂ ਵਾਲੇ ਵਾਲ ਪਿੱਛੇ ਪਾਈ ਅਤੇ ਪੈਰਾਂ ਵਿਚ ਘੂੰਘਰੂ ਠੁਮਕਾਈ ਹੱਥਾਂ ਵਿਚ ਏਵੇਂ ਕੁਝ ਫੁੱਲ ਜੇਹਾ ਲਮਕਾਈ ਠੁਮਕਦਾ ਆਉਂਦਾ ਹੈ। ਇਸ ਨਾਲ ਪਿੱਛੇ ਪਿੱਛੇ ਦੋ ਚਾਰ ਹੋਰ ਵੀ ਹਨ। ਔਹ ਸੱਜੇ ਪਾਸੇ ਵਲ ਇਕ ਦੇ ਹੱਥ ਵਿੱਚ ਸਾਰੰਗੀ ਹੈ ਅਤੇ ਖੱਬੇ ਪਾਸੇ ਵਲ ਤਬਲੇ ਵਾਲਾ ਮਲੂਮ ਹੁੰਦਾ ਹੈ।

**ਰਾਣੀ**: ਠੀਕ ਹੈ, ਜਿਸ ਦੇ ਕਪੜਿਆਂ ਨਾਲ ਕੁਝ ਜ਼ਰੀ ਜੇਹੀ ਚਮਕਦੀ ਜਾਪਦੀ ਹੈ, ਅਤੇ ਤੁਰਦਾ ਹੋਇਆ ਕਦੀ ਅੱਗੇ ਪਿੱਛੇ ਸੱਜੇ ਖੱਬੇ ਲਾਂਭੀਂ ਵੀ

ਠੁਮਕਦਾ ਹੈ। ਕਦੀ ਠਹਿਰ ਵੀ ਜਾਂਦਾ ਹੈ। ਔਹ ਵੇਖੋ ਭੁਆਟਣੀ ਖਾ ਕੇ ਬੈਠ ਗਿਆ। ਏਹੋ ਹੀ ਹੈ ਨਾ? ਜਨਰਲ! ਇਸਦਾ ਨਾਉਂ ਕੀਹ ਹੈ? ਅਤੇ ਇਹ ਕੌਣ ਹੈ?

**ਜਨਰਲ**: (ਹੱਥ ਜੋੜਕੇ)-ਹਜ਼ੂਰ! ਇਹ ਸਾਂਈਂ ਲੋਕ ਬੜੇ ਕਰਾਮਾਤੀ ਹਨ। ਜਿੱਧਰ ਇਕ ਕਹਿਰ ਭਰੀ ਨਿਗਾਹ ਭਰਕੇ ਦੇਖਣ ਓਹ ਪਾਸਾ ਆਪ ਤੋਂ ਆਪ ਕਤਲ ਹੋ ਜਾਂਦਾ ਹੈ। ਕੋਈ ਬਹਾਦਰ ਸਾਹਮਣੇ ਨਹੀਂ ਠਹਿਰ ਸਕਦਾ। ਬੱਸ ਮੱਛੀ ਵਾਂਗ ਲੁਛਦੇ ਤੇ ਤੜਫਦੇ ਹੀ ਰਹਿ ਜਾਂਦੇ ਹਨ। ਇਹ ਸਾਂਈਂ ਲੋਕ ਭਾਵੇਂ ਕੈਸੇ ਚੰਦ੍ਰੇ ਭੈੜੇ ਸੂਮ ਸੋਫੀ ਕੰਜੂਸ ਦੇ ਵੀ ਮੱਥੇ ਲੱਗ ਜਾਣ ਪਰ ਓਹ ਅਗੋਂ ਆਪਣਾ ਕਲੇਜਾ ਹੀ ਕੱਢਕੇ ਨਜ਼ਰ ਕਰ ਦੇਂਦਾ ਹੈ। ਜਿਸ ਕਿਸੇ ਦੇ ਸਿਰ ਤੇ ਇਹ ਅੱਲਾ ਵਾਲੇ ਮਿਹਰ ਦਾ ਹਥ ਫੇਰ ਦੇਣ, ਓਹ ਕਦੀ ਮੁੜ ਕੇ ਘਰ ਨਹੀਂ ਗਿਆ। ਬੱਸ ਸਿਰ ਸੁਆਹ ਪਾਈ ਇਨ੍ਹਾਂ ਦੇ ਹੀ ਦਰ ਤੇ ਧੂਣੀ ਲਾਈ, ਅੱਗਾਂ ਢੋਂਦਿਆਂ ਉਮਰ ਲੰਘਾ ਲਈ। ਇਹ ਬਜ਼ੁਰਗ ਅੱਲਾ ਵਾਲੇ ਐਸੀ ਕਰਾਮਾਤ ਰੱਖਦੇ ਹਨ ਕਿ ਜਿਸ ਨਸੀਬ ਵਾਲੇ ਦੇ ਸਿਰ ਇਨ੍ਹਾਂ ਦੀ ਧੂੜ ਪੈ ਗਈ, ਬੱਸ ਓਹ ਯਕੀਨ ਨਾਲ ਸਮਝ ਲਓ ਕਿ ਦੀਨ ਦੁਨੀਆਂ ਵਲੋਂ ਖ਼ਾਕ ਹੋਕੇ ਇਨ੍ਹਾਂ ਦੇ ਪੈਰਾਂ ਦੀ ਖ਼ਾਕ ਵਿਚ ਸਮਾ ਗਿਆ।

**ਰਾਣੀ**: ਇਹ ਵਡਿਆਈ ਵਾਲੇ ਐਸੇ ਬਜ਼ੁਰਗ ਕਰਾਮਾਤੀ ਕੌਣ ਸਾਂਈਂ ਲੋਕ ਹਨ ਅਤੇ ਏਹ ਰਹਿੰਦੇ ਕਿੱਥੇ ਹਨ?

**ਜਨਰਲ**: (ਬੜੇ ਅਦਬ ਨਾਲ)-ਏਹ ਬੇ-ਪ੍ਰਵਾਹ ਲੋਕ ਮਸਤ ਹਨ। ਕਿਸੇ ਦੀਨ ਮਜ਼ਹਬ ਦੀ ਹਦ ਵਿਚ ਨਹੀਂ ਟਿਕਦੇ। ਪਰ ਲੋਕੀਂ ਇਨ੍ਹਾਂ ਦੇ ਮਤ ਦਾ ਨਾਉਂ 'ਜ਼ਰਨਿਸਾਰ' ਕਰਕੇ ਕਹਿੰਦੇ ਹਨ ਅਤੇ ਦੌਲਤਾਬਾਦ ਦੀਆਂ ਝੌਂਪੜੀਆਂ ਵਿਚ ਬਹੁਤ ਵਾਰ ਠਹਿਰਿਆ ਕਰਦੇ ਹਨ। ਆਪਣਿਆਂ ਮੁਰੀਦਾਂ ਦੇ ਖਿੱਚੇ ਹੋਏ ਹਰ ਇਕ ਜਗ੍ਹਾ ਪਾਰੇ ਵਾਂਗ ਉੱਛਲਕੇ ਅੱਪੜ ਪੈਂਦੇ ਹਨ। ਜਿੱਥੇ ਕੋਈ ਯਾਦ ਕਰੇ ਉਥੇ ਹਾਜ਼ਰ ਦਿੱਸਦੇ ਹਨ।

**ਰਾਣੀ**: ਇਨ੍ਹਾਂ ਦਾ ਭਾਗੀ ਭਰਿਆ ਨਾਉਂ ਕੀਹ ਹੈ?

**ਜਨਰਲ**: ਹਜ਼ੂਰ! ਇਨ੍ਹਾਂ ਬਜ਼ੁਰਗਾਂ ਦੇ ਅਨੇਕਾਂ ਨਾਉਂ ਹਨ। ਆਪੋ ਭਾਉਣੀਆਂ ਨਾਲ ਲੋਕਾਂ ਬਹੁਤ ਹੀ ਨਾਉਂ ਰੱਖੇ ਹੋਏ ਹਨ। ਪਰ ਮਸ਼ਹੂਰ,

 www.sikhbookclub.com

ਸਦਕੇ ਜਾਈਏ, ਇੱਕੋ ਨਾਉਂ ਹੈ, ਜੋ ਹਰ ਕੋਈ ਸਿਮਰਦਾ ਹੈ, ਸੋ 'ਕੰਜਰ ਹੁਸਨ ਸ਼ਾਹ' ਕਰਕੇ ਕਹਿੰਦੇ ਹਨ। ਇਨ੍ਹਾਂ ਦੇ ਹੁੰਦਿਆਂ ਜੰਗ ਦੇ ਕਿਸੇ ਸਾਮਾਨ ਦੀ ਕੋਈ ਲੋੜ ਨਹੀਂ। ਨਾ ਗੋਲੀ ਨਾ ਬਰੂਦ, ਨਾ ਸਿਪਾਹੀ ਨਾ ਕੋਈ ਹਥਿਆਰ, ਨਾ ਕੋਈ ਕਿਲ੍ਹਾ ਚਾਹੀਦਾ ਹੈ। ਨਿਰਾ ਇਕ ਵਾਰਾਂ ਕਹਿਰ ਵਿਚ ਆਕੇ ਸਿੱਖਾਂ ਦੀ ਫੌਜ ਵਲ ਦੇਖ ਲੈਣ ਬਸ ਮੈਦਾਨ ਸਾਫ਼ ਹੋ ਜਾਏਗਾ, ਸਭ ਮਾਰੇ ਜਾਣਗੇ ਕੋਈ ਪਾਣੀ ਦੇਵਾ ਬਾਕੀ ਨਹੀਂ ਬਚੇਗਾ।

**ਰਾਣੀ**: (ਬੜੀ ਖੁਸ਼ੀ ਹੋਕੇ)–ਜੇਕਰ ਇਹ ਸਾਈਂ ਲੋਕ ਇਜੇਹੇ ਕਰਾਮਾਤ ਵਾਲੇ ਹਨ ਤਾਂ ਇਨ੍ਹਾਂ ਦਾ ਕੁਝ ਸਨਮਾਨ ਆਦਰ ਵੀ ਕਰਨਾ ਚਾਹੀਏ।

**ਜਨਰਲ**: ਜੀ ਹਜ਼ੂਰ ਦੀ ਇਹ ਕਦਰਦਾਨੀ ਹੈ। ਜੇ ਆਪ ਜੈਸੇ ਅਮੀਰ ਖਾਤਰ ਨਾ ਕਰਨ ਤਾਂ ਹੋਰ ਕੌਣ ਕਰੇ, ਪਰ ਇਸ ਵੇਲੇ ਆਓ ਭਗਤ ਵਾਸਤੇ ਆਪ ਦਾ ਜਾਣਾ ਠੀਕ ਨਹੀਂ। ਇਹ ਜੰਗ ਦਾ ਮੌਕਿਆ ਬਹੁਤ ਨਾਜ਼ਕ ਜੇਹਾ ਹੈ। ਇਸ ਲਈ ਜੇ ਕਦੀ ਆਪ ਦੀ ਸਹੇਲੀ ਸਾਹਿਬਾ ਸ੍ਰੀਮਤੀ ਬੀਬੀ ਸ਼ਰਾਬ ਕੌਰ ਸਾਹਿਬਾ ਅਗਲਵਾਂਢੀ ਜਾਕੇ ਖਾਤ੍ਰ ਨਾਲ ਲਿਆਕੇ ਆਪਣੇ ਹੀ ਤੰਬੂ ਵਿਚ ਸਤਿਕਾਰ ਨਾਲ ਰੱਖ ਲਵੇ ਤਾਂ ਬਹੁਤ ਠੀਕ ਹੋਵੇ। ਬੀਬੀ ਸਾਹਿਬ ਇਨ੍ਹਾਂ ਦੇ ਮੇਲੀ ਭੀ ਹਨ, ਸਭਾਉ ਦੇ ਜਾਣੂ ਪਛਾਣੂ ਭੀ ਹਨ, ਇਸ ਲਈ ਚੰਗੀ ਮਾਨ ਪ੍ਰਿਤਸ਼ਟਾ ਤੇ ਅਦਬ ਨਾਲ ਪੇਸ਼ ਆਉਣਗੇ।

**ਰਾਣੀ**: ਇਹ ਸਲਾਹ ਬਹੁਤ ਠੀਕ ਹੈ।

ਇਹ ਕਹਿਕੇ ਝਟਪਟ ਇਕ ਖਤ ਲਿਖਿਆ ਜਿਸ ਵਿਚ ਇਹ ਮਤਲਬ ਸੀ:–

"ਮੇਰੀ ਸਹੇਲੀ ਪਰਮ ਪਿਆਰੀ ਭੈਣ ਜੀ! ਜ਼ਰਾ ਕੁ ਖੇਚਲ ਕਰਕੇ ਮੀਆਂ ਕੰਜਰ ਹੁਸੈਨ ਸ਼ਾਹ ਮਸਤ ਹੋਰਾਂ ਨੂੰ ਅਗਲਵਾਂਢੀ ਹੋਕੇ ਨਾਲ ਲੈ ਆਉਣਾ ਅਤੇ ਡੇਰਾ ਵੀ ਸਾਂਈਂ ਲੋਕਾਂ ਦਾ ਆਪਣੇ ਪਾਸ ਹੀ ਖ਼ਾਤਰ ਨਾਲ ਕਰਾਉਣਾ। ਮੈਂ ਸਿੱਖਾਂ ਦੇ ਜੰਗ ਤੋਂ ਵਿਹਲੀ ਹੋਕੇ ਸਾਂਈਂ ਲੋਕਾਂ ਦੇ ਦਰਸ਼ਨ ਕਰਾਂਗੀ।"

ਲੇਖਕ: ਤੇਰੀ ਸੱਚੀ ਮੁਚੀ ਦੀ ਪਿਆਰੀ ਭੈਣ ਰੂਪ ਕੌਰਾਂ।

ਇਹ ਚਿੱਠੀ ਲਾਡੋ ਗੋਲੀ ਦੇ ਹੱਥ ਦੇ ਕੇ ਝੱਟ ਪੱਟ ਦੌੜਾ ਦਿੱਤਾ।

ਜਨਰਲ ਨੇ ਦੂਰਬੀਨ ਰਾਣੀ ਸਾਹਿਬਾ ਦੇ ਹੱਥ ਵਿੱਚ ਦੇਕੇ ਅਦਬ ਨਾਲ ਬੇਨਤੀ ਕੀਤੀ-ਦੇਖੀਏ ਸਾਰਿਆਂ ਕੈਂਪਾਂ ਦੇ ਮੁਹਰੇ ਇਕ ਝੰਡਾ ਖੜਾ ਕੀਤਾ ਗਿਆ ਹੈ। ਉਸਦੇ ਫਰਰੇ ਤੇ ਲਿਖਿਆ ਹੈ।

**"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥"**[੧]

ਇਹ ਦੀਨ ਦੀ ਲੜਾਈ ਹੈ, ਅਸੀਂ ਸਾਰੇ ਆਪਣੇ ਧਰਮ ਖਾਤਰ ਲੜਨ ਮਰਨ ਲਈ ਤਿਆਰ ਹਾਂ। ਸਾਡਾ ਧਰਮ ਹੈ ਸੁਾਰਥ ਅਤੇ ਪਰਮਾਤਮ ਰੂਪ ਸਿੰਘ ਨੂੰ ਦੁਖ ਦੇਣਾ ਸਾਡਾ ਦੀਨ, ਅਮਾਨ ਤੇ ਧਰਮ ਹੈ। ਇਸ ਦੀਨ ਦੀ ਲੜਾਈ ਵਿੱਚ ਅਜੇ ਹੋਰ ਸੈਂਕੜੇ ਹਜ਼ਾਰਾਂ ਬਹਾਦਰ ਜੋ ਸਿੱਖਾਂ ਦੇ ਹਥੋਂ ਕਲਪੇ ਹੋਏ ਹਨ ਆ ਰਲਣਗੇ। ਆਪ ਏਥੇ ਚਬੂਤਰੇ ਪਰ ਬੈਠਕੇ ਜੰਗ ਦਾ ਤਮਾਸ਼ਾ ਦੇਖੋ ਕਿ ਕੀਹ ਕੁਝ ਬਣਦਾ ਹੈ।

ਇਹ ਕਹਿਕੇ ਜਨਰੈਲ ਰਾਣੀ ਸਾਹਿਬ ਪਾਸੋਂ ਹੁਕਮ ਲੈਕੇ ਕੈਂਪ ਦੇ ਬੰਦੋਬਸਤ ਦੀ ਮਜ਼ਬੂਤੀ ਵਾਸਤੇ ਰੌਂਦ ਕਰਨ ਲਈ ਚਲਾ ਗਿਆ।

॥੬॥

ਇਧਰ ਮੰਤ੍ਰੀ ਦ੍ਰਿੜ੍ਹ ਨਿਸਚਾ ਸਿੰਘ ਜੀ ਨੇ ਅਵਸਰ ਪਾਕੇ ਮਹਾਰਾਜ ਪਾਸ ਬੇਨਤੀ ਕੀਤੀ ਕਿ ਗਰੀਬ ਨਿਵਾਜ ਜੀ! ਸੂੰਹੀਏਂ ਲੋਗ ਮੜੌਲੀ ਦੀਆਂ ਖਬਰਾਂ ਕੁਝ ਬਿਖੜੀਆਂ ਜੇਹੀਆਂ ਸੁਣਾਂਦੇ ਹਨ:-

**"ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ॥**
**ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਂਹ॥"**

[ਵਾਰ ਮਲਾ: ਮ:੨੧, ਪੰ: ੧੨੮੭]

ਪੁਨਾ:- **"ਸੂਰਬੀਰ ਵਰੀਆਮ ਕਿੰਨੈ ਨ ਹੋੜੀਐ॥ ਫਉਜ ਸਤਾਣੀ ਹਾਠ ਪੰਚਾ ਜੋੜੀਐ॥ ਦਸ ਨਾਰੀ ਅਉਧੂਤ ਦੇਨਿ ਚਮੋੜੀਐ॥ ਜਿਣਿ ਜਿਣਿ ਲੈਨਿ੍ ਰਲਾਇ ਏਹੋ ਏਨਾ ਲੋੜੀਐ॥ ਤ੍ਰੈ ਗੁਣ**

੧. ਮਾਰੂ ਕਬੀਰ ਜੀ, ਪੰ: ੧੧੦੫


www.sikhbookclub.com

**ਇਨਕੈ ਵਸਿ ਕਿਨੈ ਨ ਮੋੜੀਐ॥ ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ॥"** [ਵਾ:ਗੁ:੧੫, ਪੰ: ੫੨੨]

ਇਹ ਸੁਣਕੇ ਮਹਾਰਾਜ ਨੇ ਬਚਨ ਕੀਤਾ-ਸਿੰਘ ਜੀ! ਅੱਗੇ ਇਹ ਬੀ ਪੜ੍ਹੋ:-

**"ਗੁਰੂ ਪੂਰਾ ਆਰਾਧਿ ਬਿਖਮ ਦਲੁ ਫੋੜੀਐ॥**
**ਹਉ ਤਿਸੁ ਆਗੈ ਦਿਨ ਰਾਤਿ ਰਹਾ ਕਰ ਜੋੜੀਐ"॥੧੫॥**

[ਗੂਜਰੀ ਵਾਰ ਮ:੫, ਪੰ:੫੨੨]

ਪਰ ਸੂੰਹੀਏ ਪੇਸ਼ ਕਰੋ ਜੋ ਪਤਾ ਲਗੇ।

ਇਸ ਹੁਕਮ ਦੀ ਤਾਮੀਲ ਪੂਰੀ ਕਰਨ ਲਈ ਮੰਤ੍ਰੀ ਨੇ ਜਗਜਾਸਾ ਸਿੰਘ ਅਤੇ ਮਮੋਖਾ ਸਿੰਘ ਆਦਿਕ ਸੂਹੀਆਂ ਨੂੰ ਹਜ਼ੂਰੀ ਵਿਚ ਪੇਸ਼ ਕਰਕੇ ਬੇਨਤੀ ਕੀਤੀ ਕਿ ਇਹ ਜਾਸੂਸ ਸੇਵਾ ਵਿਚ ਹਾਜ਼ਰ ਹਨ। ਸਿੰਘਾਂ ਨੇ ਅਦਬ ਨਾਲ ਹੱਥ ਜੋੜਕੇ ਫਤਹ ਗਜਾਈ। ਮਹਾਰਾਜ ਨੇ ਭਰੀ ਨਿਗਾਹ ਨਾਲ ਦੇਖਕੇ ਬਚਨ ਕੀਤਾ- ਕਹੋ ਮੜੌਲੀ ਦਾ ਕੀ ਰੰਗ ਢੰਗ ਦੇਖਿਆ?

ਅਗੋਂ ਜਗਜਾਸਾ ਸਿੰਘ ਨੇ ਹਥ ਜੋੜ ਕੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ: ਮਹਾਰਾਜ ਜੀ! ਮੜੌਲੀ ਦੇ ਕਿਲ੍ਹੇ ਵਿਚ ਜੰਗ ਦੀਆਂ ਖ਼ੂਬ ਤਿਆਰੀਆਂ ਹਨ। ਬੜੇ ਬੜੇ ਬਹਾਦਰ ਚੁਤਰਫੀਓਂ ਕੱਠੇ ਹੋ ਰਹੇ ਹਨ, ਇਨ੍ਹਾਂ ਨੂੰ ਵੇਖਕੇ ਭੈ ਭੀਤ ਹੋਕੇ ਅਵਸੋਂ ਇਹ ਮੂੰਹੋਂ ਨਿਕਲਦਾ ਹੈ:-

**"ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥**
**ਗਣ ਗੰਧਰਬ ਦੇਵ ਮਾਨੁਖ੍ੰ ਪਸੁ ਪੰਖੀ ਬਿਮੋਹਨਹ॥**
**ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕੁ ਜਗਦੀਸ੍ਵਰਹ"॥੪੫॥**

[ਸਲੋਕ ਸਹ: ਮ: ੫, ਪੰ: ੧੩੫੮]

ਅਰਥਾਤ- ਹੇ ਨਾ ਜਿੱਤੇ ਜਾਣ ਵਾਲੇ ਵਿਸ਼ੇ (ਵਿਕਾਰ) ਜੁੱਧ ਦੇ ਸੂਰਮੇਂ, ਬੜੇ ਬਲੀ, ਬਹੁਤਿਆਂ ਨੂੰ ਮਲਨ ਦਲਨ ਵਾਲੇ, ਅਨੇਕਾਂ ਗੰਧਰਬ ਦੇਵਤੇ ਮਨੁੱਖ, ਪਸ਼ੂ ਪੰਛੀ ਆਦਿਕਾਂ ਨੂੰ ਮੋਹਤ ਕਰਕੇ ਕਾਬੂ ਕਰ ਲੈਣ ਵਾਲੇ ਤੈਥੋਂ

ਕਰਣਹਾਰ ਜਗਦੀਸ਼੍ਵਰ ਹੀ ਬਚਾਵੇ, ਜਿਸ ਜਗਦੀਸ਼੍ਵਰ ਦੀ ਨਮਸਕਾਰ ਕਰਕੇ ਸ਼ਰਨ ਪੈਨੇ ਹਾਂ।

ਇਸ ਪਰ ਮਮੋਖਾ ਸਿੰਘ ਨੇ ਬੇਨਤੀ ਕੀਤੀ ਅਜਿਹੇ ਬਲੀ ਬਹੁਤ ਸਾਰੇ ਹਨ, ਪਰ ਪੰਜ ਤਾਂ ਬੜੇ ਉੱਘੇ ਸੂਰਮੇ ਹਨ, ਜਿਨ੍ਹਾਂ ਨੂੰ ਦੇਖ ਕੇ ਭਾਰੀ ਭੈ ਪ੍ਰਤੀਤ ਹੁੰਦਾ ਹੈ ਤੇ ਇਹ ਮੂੰਹੋਂ ਨਿਕਲਦਾ ਹੈ:-

**"ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥ ਚਿਤ ਹਰਣੰ ਤ੍ਰੈ ਲੋਕ ਗੰਮ੍ਹ੍ ਜਪ ਤਪ ਸੀਲ ਬਿਦਾਰਣਹ॥ ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥ ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ"॥੪੬॥** [ਸਲੋ: ਸਹਸ:ਮ:੫, ਪੰ: ੧੩੫੮]

ਅਰਥਾਤ- ਹੇ ਕਾਮ ਨਰਕਾਂ ਵਿਚ ਬ੍ਰਿਸਾਮ ਕਰਾਉਣ ਵਾਲੇ, ਬਹੁਤੀਆਂ ਜੂਨਾਂ ਵਿੱਚ ਫਿਰਾਉਣ ਵਾਲੇ, ਚਿੱਤਾਂ ਨੂੰ ਮੋਹ ਲੈਣ ਵਾਲੇ, ਤਿੰਨਾਂ ਲੋਕਾਂ ਵਿੱਚ ਨਿਰਭੈ ਫਿਰਨ ਵਾਲੇ, ਜਪ ਤਪ ਸੀਲ ਦੇ ਨਾਸ਼ ਕਰਨ ਵਾਲੇ, ਊਚਾਂ ਨੀਚਾਂ ਵਿਚ ਇਕਸਾਰ ਸਮਾਉਣ ਵਾਲੇ! ਤੇਰੇ ਭੈ ਤੋਂ ਸਾਧਾਂ ਦੇ ਸੰਗ ਕਰਕੇ ਹੀ ਛੁਟੀਦਾ ਹੈ, ਜਿਨ੍ਹਾਂ ਸਾਧਾਂ ਨੂੰ ਪਰਮੇਸਰ ਦੀ ਓਟ ਹੈ।

**"ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥ ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ॥ ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ॥ ਦੀਨ ਦੁਖ ਭੰਜਨ ਦਯਾਲ ਪ੍ਰਭੂ ਨਾਨਕ ਸਰਬ ਜੀਅ ਰਖ੍ਯਾ ਕਰੋਤਿ"॥੪੭॥** [ਪੰ: ੧੩੫੮]

ਅਰਥਾਤ- ਹੇ ਕਲਿਜੁਗ ਦੇ ਮੂਲ ਕ੍ਰੋਧ! ਕਦੀ ਜਿਸ ਦੇ ਹਿਰਦੇ ਦਯਾ ਨਹੀਂ ਉਪਜੀ, ਤੂੰ ਵਿਸ਼ਜਾਂ ਦੇ ਅਧੀਨ ਜੀਵਾਂ ਨੂੰ ਵੱਸ ਕਰ ਲੈਂਦਾ ਹੈਂ ਤੇ ਉਹ ਬਾਂਦਰ ਵਾਂਗ ਨੱਚਦੇ ਹਨ ਅਤੇ (ਉਨ੍ਹਾਂ ਨੂੰ) ਅਨੇਕ ਤਰ੍ਹਾਂ ਦੀਆਂ ਤਾੜਨਾ ਕਰਦੇ ਹਨ ਜਮਦੂਤ, (ਤਵ) ਤੇਰੀ ਸੰਗਤ ਕਰਕੇ ਜੀਵ ਨੀਚ ਹੋ ਜਾਂਦੇ ਹਨ। ਹੇ ਕ੍ਰਿਪਾ ਨਾਥ ਅਜਿਹਿਆਂ ਪਾਸੋਂ ਸਰਬੱਤ ਜੀਵਾਂ ਦੀ ਰੱਖਜਾ ਕਰੋ।

**"ਹੇ ਲੋਭ ਲੰਪਟ ਸਿਰਮੋਰਹ ਅਨਿਕ ਲਹਰੀ ਕਲੋਲਤੇ॥ ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥ ਨਚ ਮਿਤ੍ਰੰ ਨਚ ਇਸਟੰ ਨਚ**

**ਬਾਧਵ ਨਚ ਮਾਤ ਪਿਤਾ ਤਵ ਲਜਯਾ॥ ਅਕਰਣੰ ਕਰੋਤਿ ਅਖਾਦਿ੍ ਖਾਦੰ੍ ਅਸਾਜੰ੍ ਸਾਜਿ ਸਮਜਯਾ॥ ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪਿਤ ਨਾਨਕ ਹਰਿ ਨਰਹਰਹ"॥੪੮॥** [ਪੰ: ੧੩੫੮]

ਅਰਥਾਤ- ਹੇ ਲੋਭਦੇਵ! ਤੂੰ ਸ਼ਿਰੋਮਣੀ ਪੁਰਖਾਂ ਨੂੰ ਲਿਪਟ ਰਹਿਆ ਹੈਂ, ਜਿਸ ਤੇ ਉਹ ਅਨੇਕ ਲਹਿਰਾਂ ਦੇ ਕਲੋਲ ਕਰਦੇ ਹਨ। ਤੇਰੇ ਕਾਰਣ ਅਨੇਕ ਤਰ੍ਹਾਂ ਜੀਵ ਦੌੜਦੇ ਭਰਮਦੇ ਭਟਕਦੇ ਹਨ। ਕਿਸੇ ਮ੍ਰਿਤ, ਇਸਟ, ਸਨਬੰਧੀ, ਮਾਤਾ, ਪਿਤਾ ਦੀ ਲੱਜਾ ਤੂੰ ਨਹੀਂ ਕਰਦਾ, ਨਾ ਕਰਨ ਵਾਲੇ ਕੰਮ ਤੂੰ ਕਰਾਉਂਦਾ ਹੈਂ। ਨਾ ਖਾਣ ਦੇ ਪਦਾਰਥ ਖੁਆਉਂਦਾ ਹੈ। ਅਣ ਬਣ ਨੂੰ ਤੂੰ ਬਣਾਉਂਦਾ ਹੈ, ਮਹਾਰਾਜ! ਆਪਦੀ ਸ਼ਰਣ ਹੋਕੇ ਬੇਨਤੀ ਕਰਦੇ ਹਾਂ ਇਸ ਕੋਲੋਂ ਰਖ ਲੌ-

**"ਮਿਰਤ ਮੋਹੰ ਅਲਪ ਬੁਧੰ੍ ਰਚੰਤਿ ਬਨਿਤਾ ਬਿਨੋਦ ਸਾਹੰ॥ ਜੌਬਨ ਬਹਿਕ੍ਰਮ ਕਨਿਕ ਕੁੰਡਲਹ॥ ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤੵੰਤ ਮਾਇਆ ਬ੍ਯਾਪਿਤੰ॥ ਹੇ ਅਚੁਤ ਸਰਣਿ ਸੰਤ ਨਾਨਕ ਭੋ ਭਗਵਾਨਏ ਨਮਹ"॥੧੧॥** [ਸ:ਸਹਸ:ਮ:੫, ਪੰ: ੧੩੫੪]

ਅਰਥਾਤ- ਮਰ ਰਿਹਾ ਹੈ ਮੋਹ ਵਿਚ ਤੁੱਛ ਬੁੱਧੀ ਵਾਲਾ ਜੀਵ, ਰਚ ਰਿਹਾ ਹੈ ਇਸਤ੍ਰੀ ਆਦਿਕਾਂ ਦੇ ਤਮਾਸ਼ਿਆਂ ਵਿਚ, ਫਸ ਰਿਹਾ ਹੈ ਜਵਾਨੀ, ਸੋਨੇ ਦੇ ਗਹਿਣੇ, ਮੰਦਰ ਤੇ ਸੁਹਣੇ ਬਸਤ੍ਰ ਆਦਿਕਾਂ ਦੀ ਮਾਇਆ ਵਿਚ, ਇਸ ਲਈ ਹੇ ਮਹਾਰਾਜ! ਤੇਰੇ ਸੰਤਾਂ ਦੀ ਸ਼ਰਣ ਲੈਨੇ ਹਾਂ, ਇਨ੍ਹਾਂ ਤੋਂ ਬਚਾਓ (ਅਤੀ ਨਿੰਮ੍ਰ ਹੋ ਕੇ) ਬਚਾਓ-

**"ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥ ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿ੍ਸੀਰਨਹ॥ ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥ ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥ ਬੈਦੰ੍ ਪਾਰਬ੍ਰਹਮ ਪ੍ਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ"॥੪੯॥** [ਸ:ਸਹਸ:ਮ:੫, ਪੰ: ੧੩੫੮]

ਅਰਥਾਤ- ਹੇ ਹੰਕਾਰਦੇਵ! ਜਨਮਾ ਮਰਣਾਂ ਦੇ ਮੂਲ ਕਾਰਣ, ਤੂੰ

ਪਾਪਾਤਮਾ ਹੈ, ਤੂੰ ਮਿਤ੍ਰਾਂ ਨੂੰ ਛੁਡਾ ਦੇਣ ਵਾਲਾ, ਸ਼ਤ੍ਰੂਆਂ ਨੂੰ ਦੁਸ਼ਮਨਾਈ ਵਿੱਚ ਪੱਕਿਆਂ ਕਰਾਉਣ ਵਾਲਾ, ਅਨੇਕ ਭਾਤਾਂ ਦੇ ਦੁਖ ਭੁਗਾਉਣ ਵਾਲਾ ਹੈਂ। ਤੂੰ ਆਵਾਗੌਣ ਵਿਚ ਪਾਕੇ ਜੀਵਾਂ ਨੂੰ ਥਕਾਉਣ ਵਾਲਾ, ਭਯਾਨਕ ਜੰਗਲਾਂ ਦੇ ਦੁੱਖਾਂ ਵਿੱਚ ਭਟਕਾਉਣ ਵਾਲਾ, ਬੜੇ ਬੜੇ ਅਸਾਧ ਰੋਗਾਂ ਵਿੱਚ ਫਸਾਉਣ ਵਾਲਾ ਹੈਂ। ਇਸ ਤੋਂ ਬਚਾਉਣ ਵਾਲਾ ਵੈਦ ਸਰੂਪ ਪਾਰਬ੍ਰਹਮ ਪਰਮੇਸਰ ਹੈ। ਤਿਸ ਦਾ ਨਾਮ ਜਪਣਾ ਹੀ ਸੱਚਾ ਦਾਰੂ ਹੈ।

ਇਸ ਤਰ੍ਹਾਂ ਦੇ ਦੁਖੀ ਬਚਨ ਜਗਜਾਸਾ ਸਿੰਘ ਦੇ ਸੁਣਕੇ ਮਹਾਰਾਜ ਨੇ ਮੰਤ੍ਰੀ ਦ੍ਰਿੜ ਨਿਸਚਾ ਸਿੰਘ ਵਲ ਰੁਖ਼ ਕਰਕੇ ਬਚਨ ਕੀਤਾ:-

**"ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥ ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥ ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥ ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੁੋਪਾਲ ਕੀਰਤਨਹ॥ ਜਿਤ ਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ"॥੨੯॥** [ਪੰ: ੧੩੫੬]

ਅਰਥਾਤ- ਸਾਧ ਐਸੇ ਸੂਰਮਿਆਂ ਦੀ ਸੈਨਾ ਹੈ ਜੋ ਅਜੀਤ ਹੈ। ਜਿਨ੍ਹਾਂ ਨੇ ਨਿੰਮ੍ਰਤਾ ਦੀ ਸੰਜੋਅ ਪਹਿਨੀ ਹੈ। ਅਕਾਲ ਪੁਰਖ ਦੇ ਗੁਣ ਰਮਣ ਦੇ ਹਥਜਾਰ ਰੱਖਦੇ ਹਨ ਅਤੇ ਗੁਰ ਸ਼ਬਦ ਦੀ ਢਾਲ ਦਾ ਆਸਰਾ ਰੱਖਦੇ ਹਨ। ਸ੍ਰਵਣ ਮੰਨਣ ਨਿਦਧਜਾਸਨ ਆਦਿਕ ਘੋੜੇ, ਰਥ, ਹਾਥੀਆਂ ਪਰ ਚੜ੍ਹਦੇ ਹਨ ਤੇ ਲੱਭ ਲੈਂਦੇ ਹਨ ਪ੍ਰਭੂ ਦੇ ਰਸਤੇ ਨੂੰ, ਅਤੇ ਧਾਵਾ ਕਰਦੇ ਹਨ ਅਕਾਲ ਪੁਰਖ ਦੇ ਕੀਰਤਨ ਦਾ, ਜਿਸ ਨਾਲ ਜਿੱਤ ਲੈਂਦੇ ਹਨ ਸਾਰੇ ਸੰਸਾਰ ਨੂੰ ਅਤੇ ਵੱਸ ਕਰ ਲੈਂਦੇ ਹਨ ਪੰਜਾਂ ਚੋਰਾਂ ਨੂੰ।

ਤੁਸੀਂ ਕਿਉਂ ਕਿਸੇ ਗੱਲ ਦਾ ਭੈ ਕਰਦੇ ਹੋ।

**"ਪਾਰਬ੍ਰਹਮੁ ਜਪਿ ਪਹਿਰਿ ਸਨਾਹ[1]॥**
**ਕੋਟਿ ਆਵਧ[2] ਤਿਸੁ ਬੇਧਤ ਨਾਹਿ॥੨॥**

---

੧. ਜ਼ਰਹ-ਬਕਤਰ ਯਾ ਸੰਜੋਅ। ੨. ਹਥਿਆਰ।

**ਹਰਿ ਚਰਨ ਸਰਣ ਗੜ ਕੋਟ ਹਮਾਰੈ॥**

**ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ" ॥੩॥**

[ਸੂਹੀ ਮ:੫, ਪੰ: ੭੪੨]

ਜਿਨ੍ਹਾਂ ਦੇ ਹਿਰਦੇ ਵਿੱਚ ਅਕਾਲ ਪੁਰਖ ਦਾ ਨਾਮ ਵੱਸਦਾ ਹੈ ਉਨ੍ਹਾਂ ਦੀਆਂ ਕਈ ਕਰੋੜ ਫ਼ੌਜਾਂ ਹਨ।

**"ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ॥**
**ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ॥"**

[ਭੈਰਉ ਅਸਟ: ਮ:੫, ਪੰ: ੧੧੫੫]

ਇਨ੍ਹਾਂ ਬਹਾਦਰਾਂ ਦੇ ਬਲਿਹਾਰ ਜਾਈਏ, ਜਿਨ੍ਹਾਂ ਇਜੇਹੇ ਜੰਗ ਦੇ ਦਾਉ ਘਾਉ ਨੂੰ ਚੰਗੀ ਤਰ੍ਹਾਂ ਜਾਣਿਆ ਹੈ, ਇਸ ਜੁੱਧ ਰੂਪੀ ਸਮੁੰਦਰ ਤੋਂ ਪਾਰ ਉਤਰ ਗਏ ਹਨ:-

**"ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ॥**
**ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ॥੨॥"**

[ਰਾਮ:ਮ: ੫, ਰੁਤੀ, ਪੰ:੯੨੯]

ਇਸ ਸਤਿਸੰਗਤ ਦੀ ਫੌਜ ਵਿਚੋਂ ਉਹ ਗਿਣਤੀ ਦਾ ਚੋਣਵਾਂ ਸੁਰਮਾ ਹੈ।

**"ਨਾਨਕ ਸੋ ਸੂਰਾ ਵਰੀਆਮੁ ਜਿਨਿ**
**ਵਿਚਹੁ ਦੁਸਟੁ ਅਹੰਕਰਣੁ ਮਾਰਿਆ॥**
**ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥"**

[ਵਾਰ ਸਿਰੀ:੧੧, ਪੰ: ੮੬]

ਇਹ ਧੀਰਜ ਤੇ ਭਰੋਸੇ ਦਾ ਕਮਰਕਸਾ ਕਰਾਉਣ ਵਾਲੇ ਮਹਾਰਾਜ ਦੇ ਬਚਨ ਸੁਣਕੇ ਮਖੋਖਾ ਸਿੰਘ ਨੇ ਅਦਬ ਨਾਲ ਹੱਥ ਜੋੜਕੇ ਬੇਨਤੀ ਕੀਤੀ:-

**"ਕਿਉ ਲੀਜੈ ਗਢ ਬੰਕਾ ਭਾਈ॥**
**ਦੋਵਰ ਕੋਟ ਅਰ ਅਰ ਤੇਵਰ ਖਾਈ॥੧॥ਰਹਾਉ॥**

**ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥**
**ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥੧॥**
**ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨ ਦਰਵਾਜਾ॥**
**ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥੨॥**
**ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥**
**ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ॥੩॥"**

[ਭੈਰਉ ਕਬੀਰ ਜੀ, ਪੰ: ੧੧੬੧]

ਹੋਰ ਓਥੇ ਅਨੇਕ ਸੂਰਮੇ ਬੜੇ ਡਰਾਉਣੇ ਹਨ ਜਿਨ੍ਹਾਂ ਦੀਆਂ ਸੁਰਤਾਂ ਦੇਖਕੇ ਕਲੇਜਾ ਕੰਬ ਉਠਦਾ ਹੈ:-

**"ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥**
**ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥**
**ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿਨਾਮੁ ਚੁਰਾਇਆ॥**
**ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ॥"**

[ਵਾਰ ਸਾਰੰਗ ਮ: ੪ ਪਉ: ੧੭, ਪੰ: ੧੨੪੪]

ਇਜੇਹੇ ਬਚਨ ਮਮੋਖਾ ਸਿੰਘ ਹੋਰਾਂ ਦੇ ਸੁਣਕੇ ਮਹਾਰਾਜ ਨੇ ਬੜੇ ਧੀਰਜ ਅਤੇ ਉਤਸ਼ਾਹ ਦੇ ਭਰੇ ਹੋਏ ਬਚਨਾਂ ਦੀ ਰਚਨਾਂ ਵਿਚ ਉਚਾਰਣ ਕੀਤਾ-

**"ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥**
**ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥੧੧੫॥"**

[ਸਲੋਕ ਫਰੀਦ ਜੀ, ਪੰ: ੧੩੮੪]

**"ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ॥**
**ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ॥"**

[ਸਵ:ਮ:੫ ਕੇ, ਪੰ: ੧੪੦੮]

ਆਪ ਧੀਰਜ ਕਰੋ, ਗੁਰੂ ਪਰਮੇਸਰ ਦਾ ਭਰੋਸਾ ਰੱਖੋ ਤੇ ਉੱਦਮ ਨੂੰ ਮੋਹਰੇ ਕਰਕੇ ਪਰਮੇਸਰ ਦੇ ਭਾਣੇ ਵਿਚ ਰਹੋ। ਸਰਦਾਰ ਨੇਮ ਸਿੰਘ ਕਮਾਨੀਅਰ ਦੀ

ਕਮਾਨ ਹੇਠ ਚਲੇ ਚੱਲੋ, ਫਿਰ ਦੇਖੋ ਕਰਤਾਰ ਦੇ ਰੰਗ। ਇੱਕ ਮੜੌਲੀ ਦਾ ਕਿਲ੍ਹਾ ਕੀ ਚੀਜ਼ ਹੈ, ਅਨੇਕਾਂ ਏਹੋ ਜੇਹੇ ਕਿਲ੍ਹੇ ਫ਼ਤੇ ਹੋ ਜਾਣਗੇ।

ਇਸ ਤੋਂ ਉਪਰੰਤ ਮੰਤ੍ਰੀ ਨੂੰ ਹੁਕਮ ਹੋਇਆ, ਹੁਣ ਤਜਾਰੀ ਵਿੱਚ ਦੇਰੀ ਨਹੀਂ ਕਰੋ। ਧੌਂਸਿਆਂ ਪਰ ਦੂਹਰੀ ਚੋਬ ਦਿਓ। ਨਿਸ਼ਾਨਚੀਆਂ ਨੂੰ ਹੁਕਮ ਦਿਓ ਜੋ ਮੈਦਾਨ ਵਿੱਚ ਵਧਕੇ ਝੰਡਾ ਗੱਡ ਦੇਣ। ਢਾਡੀਆਂ ਨੂੰ ਕਹਿ ਦਿਓ ਵਾਰਾਂ ਲਾਉਣ, ਜਿਸ ਤੇ ਫੌਜ ਨੂੰ ਉਤਸ਼ਾਹ ਭਰੇ ਤੇ ਵ੍ਹਧਕੇ ਲੜੇ। ਫੌਜ ਦੀ ਪ੍ਰੇਟ ਕਰੋ, ਗੋਲੀ ਬਾਰੂਦ ਹਥਜਾਰ ਸਭ ਦੀ ਜਾਂਚ ਪੜਤਾਲ ਲਓ ਤੇ ਅਰਦਾਸਾ ਸੋਧ ਕੇ ਪ੍ਰਾਤੇਕਾਲ ਚੜ੍ਹਾਈ ਕਰ ਦਿਓ।

ਮੰਤ੍ਰੀ ਨੇ ਬੜੇ ਅਦਬ ਨਾਲ ਸਿਰ ਝੁਕਾਕੇ 'ਸਤਿ ਬਚਨ' ਆਖਿਆ ਅਤੇ ਹੁਕਮ ਦੀ ਤਾਮੀਲ ਇਸ ਤਰ੍ਹਾਂ ਕੀਤੀ। ਪਹਿਲੇ ਧੌਂਸਿਆਂ ਵਾਲਿਆਂ ਨੂੰ ਸਮਝਾਇਆ ਕਿ ਮਾਰੂ ਅਥਵਾ ਵਡਹੰਸ ਰਾਗ ਦੀ ਗਤਿ ਵਿੱਚ ਇਹ ਬੋਲ ਵਜਾਓ ਜਿਸਤੇ ਸੂਰਮਿਆਂ ਨੂੰ ਬੀਰ ਰਸ ਵਧੇ।

**"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥**
**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥"**

[ਮਾਰੂ ਕਬੀਰ, ਪੰ: ੧੧੦੫]

**"ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ॥ ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ॥ ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ॥ ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰ ਭੇਟੈ ਸੋਇ॥"** [ਮਾਰੂ ਵਾਰ ੧੦, ਪੰ: ੧੦੮੯]

ਇੱਕੁਰ ਹੀ ਨਿਸ਼ਾਨਚੀਆਂ ਨੂੰ ਹੁਕਮ ਦਿੱਤਾ ਕਿ ਇਹ ਸਲੋਕ ਝੰਡੇ ਦੇ ਪਰਦੇ ਪਰ ਲਿਖ ਦਿਓ।

**"ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥**
**ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥"**

[ਗੂਜ:ਵਾ:ਮ:੫, ਪੰ: ੫੨੨]

ਇਸ ਤੇ ਉਪਰੰਤ ਢਾਡੀਆਂ ਨੂੰ ਹੁਕਮ ਹੋਇਆ ਕਿ ਵਾਰ ਲਾਓ, ਪਰ ਐਸੀ ਜੋ ਉਸਦੇ ਸੁਣਦਿਆਂ ਸੂਰਮਿਆਂ ਨੂੰ ਉਹ ਬੀਰ ਰਸ ਚੜ੍ਹੇ ਕਿ ਵਧ ਵਧ ਕੇ ਲੜਨ, ਕਟ ਕਟ ਕੇ ਮਰਨ; ਪਰ ਬਿਨਾ ਆਪਣੀ ਜਿੱਤ ਕੀਤੇ ਪਿਛੇ ਪੈਰ ਨਾ ਧਰਨ। ਪਿਛਲੇ ਨਾਮੀ ਗਰਾਮੀ ਸੂਰਮਿਆਂ ਦੇ ਜਸ ਤੇ ਉਨ੍ਹਾਂ ਦੇ ਕਾਰਨਾਮੇ ਵਾਰ ਵਿਚ ਭਰੇ ਹੋਏ ਹੋਣੇ ਚਾਹੀਏ। ਇਹ ਹੁਕਮ ਸੁਣਕੇ ਢਾਡੀਆਂ ਨੇ ਅਦਬ ਨਾਲ ਫਤਹ ਗਜਾਈ। ਸਤਿਬਚਨ ਦਾ ਪੌੜਾ ਪੜ੍ਹਕੇ ਆਪਣੇ ਸਾਜ਼ ਸੰਭਾਲਕੇ ਸੁਰ ਕਰਨੇ ਅਰੰਭੇ।

ਇਧਰ ਮੰਤ੍ਰੀ ਜੀ ਨੇ ਫੌਜ ਦੀ ਪ੍ਰੇਟ ਦੇਖਣੀ ਆਰੰਭੀ, ਜਿਸ ਵਿਚ ਪਹਿਲੀ ਗਿਣਤੀ ਨਾਲੋਂ ਵਧੀਕ ਹੋਰ ਵੀ ਸ: ਆਣ ਰਲੇ ਸਨ, ਪਹਿਲੇ ਹੀ ਆਪਣੇ ਤਿੰਨਾਂ ਬੀਰ ਬਹਾਦਰ ਪੁੱਤ੍ਰਾਂ ਪਰ ਨਜ਼ਰ ਪਈ। ਨਿਰਵਿਕਲਪ ਭਰੋਸਾ ਸਿੰਘ, ਨਿਰਵਿਕਲਪ ਵਿਸਾਹ ਸਿੰਘ ਤੇ ਸਿਖੀ ਸਿੱਦਕ ਸਿੰਘ। ਇਨ੍ਹਾਂ ਦੇ ਸਿਪਾਹੀ ਵੀ ਤਯਾਰ-ਬਰ-ਤਯਾਰ ਦੇਖੇ। ਗੁਰ ਭਗਤ ਸਿੰਘ, ਗੁਰਕੀਰਤ ਸਿੰਘ, ਗੁਰਕ੍ਰਿਪਾ ਸਿੰਘ, ਗੁਰਬਚਨ ਸਿੰਘ, ਗੁਰਦਿਆਲ ਸਿੰਘ, ਗੁਰਕ੍ਰਿਪਾਲ ਸਿੰਘ, ਗੁਰਦਾਨ ਸਿੰਘ, ਕਥਾ ਕੀਰਤਨ ਸਿੰਘ, ਹਰ ਕੀਰਤ ਸਿੰਘ, ਹਰ ਭਗਤ ਸਿੰਘ, ਹਰਭਜਨ ਸਿੰਘ, ਤਪਾਵਸ ਸਿੰਘ, ਨਿਰਣੀਤ ਸਿੰਘ, ਨਿਰਜਾਸ ਸਿੰਘ, ਨਿਰਪੱਖ ਸਿੰਘ, ਨਿਰਸੰਕਲਪ ਸਿੰਘ, ਬ੍ਰਹਮ ਸਿੰਘ, ਹੁਕਮ ਸਿੰਘ, ਭਾਣਾ ਸਿੰਘ, ਤੇਰੀ ਰਜ਼ਾ ਸਿੰਘ, ਮਰਜ਼ੀ ਸਿੰਘ, ਆਗਿਆ ਸਿੰਘ, ਲੇਖ ਸਿੰਘ, ਕਰਮ ਸਿੰਘ, ਪ੍ਰਾਰਬਧ ਸਿੰਘ, ਲਿਖਤ ਸਿੰਘ, ਨਸੀਬ ਸਿੰਘ, ਤਕਦੀਰ ਸਿੰਘ ਆਦਿਕ ਹੋਰ ਵੀ ਬਹੁਤ ਜਥੇ ਕੱਠੇ ਹੋਏ ਦੇਖੇ।

ਸਾਰੀ ਫੌਜ ਦੇ ਸੱਜੇ ਪਾਸੇ ਕਮਾਨੀਅਰ ਸਰਦਾਰ ਨੇਮ ਸਿੰਘ ਤਿਆਰ ਬਰਤਿਆਰ ਖੜਾ ਕਵਾਇਦ ਕਰਵਾ ਰਿਹਾ ਨਜ਼ਰੀ ਪਿਆ।

ਮੰਤ੍ਰੀ ਨੇ ਸਾਹਮਣੇ ਖੜੇ ਹੋਕੇ ਸਾਰੀ ਫੌਜ ਦਾ ਰੁਖ਼ ਆਪਣੀ ਵੱਲ ਕਰਕੇ ਬਚਨ ਕੀਤਾ:- ਖਾਲਸਾ ਜੀ! ਇਸ ਵੇਲੇ ਮੜੌਲੀ ਦੇ ਕਿਲ੍ਹੇ ਦੀ ਇਕ ਦੁਬਿਧਾ ਜੇਹੀ ਆ ਬਣੀ ਹੈ। ਕਿਸੇ ਵੇਲੇ ਤਾਂ ਰਾਣੀ ਰੂਪ ਕੌਰ ਦੀ ਸੁਲਹ ਨਾਮੇ ਦੀ ਚਿੱਠੀ ਆਉਂਦੀ ਹੈ, ਕਿਸੇ ਵੇਲੇ ਜੰਗ ਦੀਆਂ ਤਜਾਰੀਆਂ ਦੀ ਖਬਰ ਆਉਂਦੀ

ਹੈ, ਹੁਣ ਮਹਾਰਾਜ ਦਾ ਹੁਕਮ ਹੈ ਕਿ ਇਸ ਦੁਬਿਧਾ ਦੀ ਨਿਵਿਰਤੀ ਕੀਤੀ ਜਾਵੇ। ਸਵੇਰੇ ਅੰਮ੍ਰਿਤ ਵੇਲੇ ਮੜੌਲੀ ਪਰ ਧਾਵਾ ਕਰਨਾ ਹੈ, ਇਸ ਦੁਬਿਧਾ ਦਾ ਮੂਲ ਉਖੇੜ ਦੇਣਾ ਹੈ। ਸੋ ਤੁਸਾਂ ਬੀਰ ਬਹਾਦਰਾਂ ਦੀ ਸੂਰਮਤਾਈ ਦੇ ਸਫ਼ਲ ਕਰਨ ਦਾ ਵੇਲਾ ਆ ਬਣਿਆ ਹੈ, ਜਿਸ ਨੇ ਇਸ ਦੁਬਿਧਾ ਨੂੰ ਮਾਰਿਆ ਉਸਦੀ ਵਡਿਆਈ ਗੁਰੂ ਸਾਹਿਬ ਇਉਂ ਲਿਖਦੇ ਹਨ–

**"ਜੋ ਇਸੁ ਮਾਰੇ ਸੋਈ ਸੂਰਾ॥ ਜੋ ਇਸੁ ਮਾਰੈ ਸੋਈ ਪੂਰਾ॥ ਜੋ ਇਸੁ ਮਾਰੇ ਤਿਸਹਿ ਵਡਿਆਈ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜਜੋਗੁ ਕਮਾਵੈ॥੧॥ਰਹਾਉ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ॥ ਜੋ ਇਸੁ ਤਿਸਕੀ ਤ੍ਰਿਸਨਾ ਬੁਝੈ॥ ਜੋ ਇਸ ਮਾਰੇ ਸੁ ਦਰਗਹਿ ਸਿਝੈ॥੨॥ ਜੋ ਇਸੁ ਮਾਰੇ ਸੋ ਧਨਵੰਤਾ॥ ਜੋ ਇਸੁ ਮਾਰੇ ਸੋ ਪਤਿਵੰਤਾ॥ ਜੋ ਇਸੁ ਮਾਰੇ ਸੋਈ ਜਤੀ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ॥੩॥ ਜੋ ਇਸੁ ਮਾਰੇ ਤਿਸਕਾ ਆਇਆ ਗਨੀ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ॥ ਜੋ ਇਸੁ ਮਾਰੇ ਸੋ ਵਡਭਾਗਾ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ॥੪॥ ਜੋ ਇਸੁ ਮਾਰੇ ਸੁ ਜੀਵਨ ਮੁਕਤਾ॥ ਜੋ ਇਸੁ ਮਾਰੇ ਸਿਤਕੀ ਨਿਰਮਲ ਜੁਗਤਾ॥ ਜੋ ਇਸੁ ਮਾਰੇ ਸੋਈ ਸੁਗਿਆਨੀ॥ ਜੋ ਇਸੁ ਮਾਰੇ ਸੁ ਸਹਜ ਧਿਆਨੀ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ॥ ਕੋਟਿ ਕਰਮ ਜਾਪ ਤਪ ਕਰੈ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ॥੬॥ ਇਸੁ ਮਾਰੀ ਬਿਨੁ ਗਿਆਨੁ ਨ ਹੋਈ॥ ਇਸੁ ਮਾਰੀ ਬਿਨੁ ਜੂਠਿ ਨ ਧੋਈ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ॥੭॥ ਜਾਕਉ ਭਏ ਕ੍ਰਿਪਾਲ ਕ੍ਰਿਪਾਨਿਧਿ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ॥ ਗੁਰਿ ਦੁਬਿਧਾ ਜਾਕੀ ਹੈ ਮਾਰੀ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ॥੮॥੫॥"**

[ਗਉੜੀ ਮ:੫, ਅਸਟਪਦੀਆ, ਪੰ:੨੩੭]

 www.sikhbookclub.com

॥੭॥

ਓਧਰ ਓਹਨਾਂ ਭਗੌੜਿਆਂ (ਬਿਕਾਰ ਦੇਵ ਤੇ ਬਿਭਚਾਰ ਦੇਵ) ਨੇ ਅਪਣੇ ਮਾਲਕ ਨੂੰ ਹਉਂਕਦਿਆਂ ਹਉਂਕਦਿਆਂ ਘਬਰਾਈ ਹੋਈ ਸੂਰਤ ਵਿਚ ਖ਼ਬਰ ਪੁਚਾਈ, ਕਿ ਮਹਾਰਾਜ ਓਥੇ ਹਦ ਪਰ ਸਿਖਾਂ ਦੀ ਹਠੀਲੀ ਫੌਜ ਆ ਪਈ ਹੈ। ਅਸੀਂ ਓਨਹਾਂ ਦੇ ਢਹੇ ਤਾਂ ਚੜ ਗਏ ਸਾਂ। ਪਰ ਮਸੇ ਕਿਵੇਂ ਜਾਨ ਬਚਾਕੇ ਨਿਕਲੇ ਅਤੇ ਪੈਰਾਂ ਨੂੰ ਸਿਰ ਤੇ ਰਖਕੇ ਦੌੜ ਆਏ ਹਾਂ। ਹੁਣ ਕੁਝ ਬੰਦੋਬਸਤ ਕਰਨਾ ਚਾਹੀਏ ਨਹੀਂ ਤਾਂ ਸੋਚ ਲਓ ਭਈ ਜੇਹੜੇ ਹਉਮੈ ਦੀ ਕੰਧ ਢਾਹ ਆਏ ਹਨ, ਕੂੜ ਦੀ ਪਾਲ ਲਿਤਾੜ ਆਏ ਹਨ, ਓਹ ਅਗੇ ਆਉਣੋ ਕਦ ਰੁਕਦੇ ਹਨ।

ਇਹ ਦੁਸ਼ਮਨ ਦੀ ਫੌਜ ਪਹੁੰਚਨ ਦੀ ਖ਼ਬਰ ਸੁਣ ਕੇ ਮਹਾਰਾਜਧਿਰਾਜ ਕਲਿਜੁਗ ਨੇ ਅਪਣੀ ਇਸਤ੍ਰੀ ਕਲਹ ਨੂੰ ਆਖਿਆ ਇਸ ਵੇਲੇ ਤੂੰ ਜਲਦੀ ਪਹੁੰਚ ਅਤੇ ਮੈਂ ਮਿਰਜਾ ਖਾਨਹ-ਜੰਗੀ ਬੇਗ ਨਾਲ ਇਕ ਦਸਤਹ ਫੌਜ ਦਾ ਦੇਕੇ ਮੁਹਰੇ ਭੇਜਦਾ ਹਾਂ। ਇਹ ਮੁਗਲ ਅਗੇ ਕੇਈ ਵੇਰੀ ਸਿੰਘਾਂ ਨੂੰ ਸ਼ਿਕਸਤ ਦੇ ਚੁਕਾ ਹੈ, ਇਸਤੋਂ ਬਿਨਾਂ ਹੋਰ ਕੋਈ ਇਨਹਾਂ ਤੇ ਜੋਰਾਵਰ ਨਹੀਂ ਪੈਣਾਂ।

ਕਲਹ ਆਪਣੇ ਟਬਰ ਟੋਰ ਨੂੰ ਨਾਲ ਲੈ ਕੇ ਤੁਰੀ। ਇਧਰੋਂ ਜਦ ਕਲਿਜੁਗ ਦੀ ਚਿਠੀ ਜਨਰਲ ਗ਼ਰੂਰ ਖ਼ਾਨ ਪਾਸ ਪੁਜੀ ਤਾਂ ਸਰਦਾਰ ਮਿਰਜਾ ਖਾਨਹ-ਜੰਗੀ, ਸਮੇਤ ਉਸਦੀ ਫੌਜ ਦੇ, ਰਵਾਨਹ ਕਰ ਦਿਤਾ ਗਿਯਾ। ਇਹ ਫੌਜ ਸਰਦਾਰ ਨਿਰਦ੍ਵੰਦ ਸਿੰਘ, ਮਿਲਾਪ ਸਿੰਘ ਅਤੇ ਸ਼ਾਂਤਿ ਹਥਜਾਰ ਸਿੰਘ ਦੇ ਜਥੇ ਦੀ ਨਜਰੀਂ ਪੈ ਗਈ। ਇਜੇਹੀ ਵਾੜ ਛਿੜੀ ਕੇ ਕਈ ਥਾਂ ਰਹੇ (ਮਰ ਗਏ) ਤੇ ਬਾਕੀ ਉਠ ਨਸੇ। ਮਿਰਜਾ ਜੀ ਤੇ ਰਾਣੀ ਕਲਹਕਾਰ ਕੈਦ ਹੋ ਗਏ। ਮੰਤ੍ਰੀ ਜੀ ਪਾਸ ਪਹੁੰਚਾਏ ਗਏ। ਏਥੇ ਹੁਕਮ ਹੋਇਆ ਕਿ ਇਨਹਾਂ ਨੂੰ ਦਰਖਤਾਂ ਨਾਲ ਜਕੜ ਕੇ ਬੰਨ ਦਿਤਾ ਜਾਵੇ ਅਤੇ ਸਰਦਾਰ ਬਿਬੇਕਾ ਸਿੰਘ ਅਗੇ ਵਧੇ।

ਇਸ ਹੁਕਮ ਦੇ ਪੂਰਾ ਕਰਨ ਲਈ ਸਰਦਾਰ ਬਿਬੇਕਾ ਸਿੰਘ ਹੋਰੀ ਵਧੇ। ਪਰ ਅਗੇ ਜੁ ਅਗ ਦੀ ਖਾਈ ਭੜ ਭੜ ਕਰਦੀ ਬਲਦੀ ਦਿਸੀ। ਬੜੇ ਬੜੇ ਡਰਾਉਣੇ ਅਵਾਜੇ ਵੀ ਕੰਨੀ ਪਏ। ਪਾਰਲੇ ਪਾਸੇ ਵਲ ਕੁਝ ਫੌਜ ਵੀ ਦਿਸੀ।

ਇਸ ਅਗ ਵਿਚੋਂ ਲੰਘਣਾ ਭਾਰੀ ਤੋਂ ਭਾਰੀ ਕਠਨ ਜਾਪਿਆ। ਕੰਢੇ ਤੇ ਖੜੇ ਹੋਕੇ ਅਰਦਾਸਾ ਸੋਧਿਆ ਅਤੇ ਆਪਣੇ ਸਾਥੀ ਸੂਰਮਿਆਂ ਨੂੰ ਆਖਿਆ ਕਿ –

**"ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥ ਸੰਧਉਰਾ॥"**

[ਗਉ: ਕਬੀਰ, ਪੰ: ੩੩੮]

**"ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥**
**ਚਿਕੜਿ ਲਾਇਐ ਕਿਆ ਥੀਐ ਜੇ ਤੁਟੈ ਪਥਰ ਬੰਧੁ॥**
**ਬੰਧੁ ਤੁਟਾ ਬੇੜੀ ਨਹੀਂ ਨਾ ਤੁਲਹਾ ਨਾ ਹਾਥ॥**
**ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ॥੩॥"**

[ਮਲਾਰ ਦੀ ਵਾਰ, ਪੰ: ੧੨੮੭]

ਤਾਂਤੇ ਖਾਲਸਾ ਜੀ ਜਰਾ ਇਕਲਵਾਂਜੇ ਫਿਰੇ। ਆਪਣੀ ਹਦ ਦੇ ਵਿਚੋਂ ਸਤਿਸੰਗਤਿ ਦੇ ਦਰੀਆ ਦੀ ਨਹਰ ਲਿਆਓ ਤਾਂ ਇਹ ਅਗ ਠੰਡੀ ਹੋਵੇ। ਇਸ ਹੁਕਮ ਦੀ ਦੇਰ ਸੀ, ਤਾਮੀਲ ਇਸ ਫੁਰਤੀ ਨਾਲ ਹੋਈ ਕੇ ਸਮਾਂ ਬਤੀਤ ਹੁੰਦੇ ਦਾ ਪਤਾ ਹੀ ਨਾ ਲਗਾ। ਸਤਿਸੰਗ ਸਰੋਵਰ ਦਾ ਸਾਂਤਿ ਰੂਪ ਪਾਣੀ ਖਾਈ ਵਲ ਧਾਈ ਕਰਕੇ ਆਇਆ ਜਿਸ ਦੇ ਪੈਂਦੇ ਸਾਰ ਹੀ ਖਾਈ ਠੰਡੀ ਹੋ ਗਈ। ਭੜਕ ਚੰਦ ਹੋਰੀ ਨਸ ਗਏ। ਸਿਖਾਂ ਨੇ ਪਿਛਾ ਕੀਤਾ। ਇਸਨੂੰ ਰਾਹ ਵਿਚ ਹੀ ਮਾਰਿਆ। ਸਤਸੰਗ ਦਾ ਸਾਂਤ ਰਸ ਪੈਹਲੀ ਖਾਈ ਠੰਡੀ ਕਰਕੇ ਦੂਜੀ ਵਿਚ ਆਇਆ। ਇਹ ਬੀ ਠੰਡੀ ਹੋਈ। ਇਥੇ ਤ੍ਰਿਸ਼ਨਾਤੁਰ ਦੇਵ ਮਾਰਿਆ ਗਿਆ। ਇਕੁਰ ਹੀ ਹਲਾ ਕਰੀ ਜਾਂਦਿਆਂ ਖਾਲਸਾ ਜੀ ਨੇ ਤੀਜੀ ਖਾਈ ਨੂੰ ਠੰਡਾ ਕਰਕੇ ਮੋਹ ਚੰਦ੍ਰ ਲਫਟੈਣ ਨੇ ਕਤਲ ਕੀਤਾ। ਤੇ ਚੌਥੀ ਖਾਈ ਦੇ ਆਹਰ ਵਿਚ ਲਗੇ। ਇਥੇ ਇਕ ਲੜਾਈ ਬੜੀ ਭਾਰੀ ਜਾਨ ਤੋੜਵੀਂ ਹੋਈ ਜਿਸ ਲੜਾਈ ਵਿਚ ਸਿਖ ਬਹੁਤ ਕੰਮ ਆਏ। (ਯਾਨੀ ਮਾਰੇ ਗਏ।) ਪਰ ਪਿਛੋਂ ਸਰਦਾਰ ਸਤਿ ਸੰਗਤ ਸਿੰਘ ਆਪਣੇ ਸੂਰਮੇ ਦਯਾ ਸਿੰਘ, ਉਪਕਾਰ ਸਿੰਘ, ਸੰਤੋਖ ਸਿੰਘ, ਭਉ ਸਿੰਘ, ਵਿਸਾਹ ਸਿੰਘ ਆਦਕਾਂ ਦੀ ਕੁਮਕ ਲੈਕੇ ਅਪੜ ਪਿਆ। ਇਧਰੋਂ ਨਹਰ ਨੇ ਜਲ ਥਲ ਕਰ ਦਿਤਾ ਉਪਰੋਂ ਸਿੰਘਾਂ ਨੇ ਦੁਸ਼ਮਨ ਤਲਵਾਰ ਦੇ ਘਾਟ ਉਤਾਰਨੇ ਅਰੰਭੇ। ਹਤਿਆ ਦੇਵ ਹੋਰੀਂ ਭਾਂਜ ਖਾਕੇ ਨਸ

ਗਏ, ਸਿਪਾਹ ਕਤਲ ਹੋ ਗਈ, ਅਗ ਦੀ ਖਾਈ ਪਾਣੀ ਨਾਲ ਭਰ ਗਈ। ਸਿੰਘਾਂ ਨੇ ਪਹਿਲੀ ਲੜਾਈ ਵਿਚ ਅਗ ਦੀਆਂ ਖਾਈਆਂ ਤੋਂ ਪਾਰ ਹੋਕੇ ਤਿਗੁਣੀ ਖਾਈ ਦੇ ਉਰਾਰ ਆਪਣੀ ਫਤੇ ਦਾ ਝੰਡਾ ਗਡ ਦਿਤਾ ਅਤੇ ਮੋਰਚੇ ਬੰਦੀ ਕਰਕੇ ਤਯਾਰ ਬਰ ਤਯਾਰ ਹੋ ਕੇ ਜੈਕਾਰੇ ਗਜਾਉਂਦੇ ਡਟ ਗਏ।

ਇਧਰ ਰਾਣਾ ਅਗਜਾਨ ਚੰਦ ਅਤੇ ਰਾਣਾ ਅਭਮਾਨ ਚੰਦ ਨੇ ਸਲਾਹ ਕੀਤੀ, ਕਿ ਸਾਡੇ ਜੀਉਂਦਿਆਂ ਸਿਖਾਂ ਨੇ ਜੇ ਮੜੌਲੀ ਪਰ ਫਤੇ ਪਾਈ ਤਾਂ ਸਾਡੇ ਹੋਣੇ ਨੂੰ ਧਿਕਾਰ ਹੈ। ਅਸੀਂ ਬੈਠੇ ਤਮਾਸ਼ਾ ਦੇਖਦੇ ਹਾਂ, ਤੇ ਸਾਡੀ ਫੌਜ ਤਬਾਹ ਹੋ ਰਹੀ ਹੈ। ਇਕ ਦੋ ਨਿਕਾਰੇ ਜੇਹੇ ਸਿਖ ਸਰਦਾਰਾਂ ਨੇ ਕਹਰ ਕਰ ਦਿਖਾਇਆ ਹੈ। ਹੁਣ ਇਜੇਹਾ ਹਥ ਕਰੀਏ ਜੋ ਇਹ ਭੀ ਇਕ ਵੇਰ ਯਾਦ ਤਾਂ ਕਰਨ, ਕਿ ਮੜੌਲੀ ਦੇ ਜੰਗ ਵਿਚ ਕਿਸੇ ਨੇ ਹਥ ਦਿਖਾਏ ਸਨ। ਤਾਂਤੇ ਅਜ ਰਾਤ ਨੂੰ ਛਾਪਾ ਮਾਰੋ। ਐਸੀ ਵਾੜ ਝਾੜੋ, ਜੋ ਸਿਖ ਆਪਸ ਵਿਚ ਕਟਕੇ ਮਰ ਜਾਣ। ਮੈਦਾਨ ਖਾਲੀ ਸਾਡੇ ਵਾਸਤੇ ਰਹ ਜਾਵੇ। ਇਧਰੋਂ ਸਰਦਾਰ ਸਾਧੂ ਸਿੰਘ ਜੀ ਅਤੇ ਸਰਦਾਰ ਸੰਤ ਸਿੰਘ ਜੀ ਆਪੋ ਆਪਣੀ ਫੌਜ ਲੈਕੇ ਖਾਈਆਂ ਉਤਰ ਕੇ ਸਰਦਾਰ ਬਿਬੇਕਾ ਸਿੰਘ ਅਤੇ ਸਰਦਾਰ ਸਤਸੰਗਤ ਸਿੰਘ ਹੋਰਾਂ ਪਾਸ ਪੁਜ ਗਏ। ਇਕ ਸੂੰਹੀਏ ਨੇ ਖ਼ਬਰ ਲਿਆ ਦਿਤੀ ਕਿ ਅਜ ਰਾਤ ਨੂੰ ਰਾਣਾ ਅਗਜਾਨ ਚੰਦ ਅਤੇ ਰਾਣਾ ਅਭਿਮਾਨ ਚੰਦ ਚੁਪ ਕੀਤੇ ਹਨੇਰੇ ਵਿਚ ਪੈਣਗੇ ਅਤੇ ਆਪਣਾ ਵਾਰ ਕਰਕੇ ਲਾਂਭੇ ਹੋ ਜਾਣਗੇ। ਇਸ ਬਾਤ ਪਰ ਸਰਦਾਰਾਂ ਨੇ ਗੁਰ ਮਤਾ ਕੀਤਾ ਕਿ ਓਸ ਵੇਲੇ ਪ੍ਰਕਾਸ (ਗਜਾਨ) ਦੀ ਬੜੀ ਲੋੜ ਹੈ। ਐਸਾ ਨ ਹੋਵੇ ਕਿਤੇ ਦੁਸ਼ਮਨ ਵਾਰ ਕਰ ਜਾਵੇ। ਇਸ ਲਈ ਬਾਣੀ ਗੁਰੂ ਦਾ ਚਾਨਨਾ ਕਰਨਾ ਜ਼ਰੂਰੀ ਹੈ।

**"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆਂ ਗੁਰ* ਬਿਨੁ ਘੋਰ ਅੰਧਾਰ॥੨॥"**

[ਆਸਾ ਵਾਰ ੧, ਮ:੨, ਪੰ: ੪੬੩]

* ਗੁਰੂ ਨਾਨਕ ਦੇਵ।


www.sikhbookclub.com

ਇਹ ਗੁਰਮਤਾ ਸੋਧਕੇ ਸੋਦਰ, ਸੰਧਿਆ ਆਰਤੀ ਦਾ ਅਰਦਾਸਾ ਸੋਧਕੇ ਸਰਦਾਰ ਆਪੋ ਆਪਣੇ ਮੋਰਚਿਆਂ ਪਰ ਤਜਾਰ ਬਰ ਤਜਾਰ ਸਾਵਧਾਨ ਹੋ ਗਏ। ਜਦ ਅਧੀ ਕੁ ਰਾਤ ਦਾ ਵੇਲਾ ਹੋਇਆ ਤਾਂ ਗਾਹੜੇ ਹਨੇਰੇ ਦੇ ਵੇਲੇ ਇਕ ਅੰਨੀ ਹਨੇਰੀ ਉਠੀ। ਉਸ ਵੇਲੇ ਰਾਣਾ ਅਗਜਾਨ ਚੰਦ ਨੇ ਰਾਣਾ ਅਭਮਾਨ ਚੰਦ ਨੂੰ ਸੁਚੇਤ ਕੀਤਾ ਅਤੇ ਆਖਿਆ ਕਿ ਇਹ ਵੇਲਾ ਘੋਰ ਅੰਧਕਾਰ ਦਾ ਹੈ। ਇਹ ਸਮਾਂ ਹਥੋਂ ਨਾ ਨਿਕਲ ਜਾਵੇ। ਦੁਸ਼ਮਨ ਇਸ ਵੇਲੇ ਗਾਫ਼ਲ ਪਏ ਹੋਣਗੇ। ਜੇ ਚੁਪ ਕੀਤੇ ਛਾਪਾ ਚਲ ਮਾਰੀਏ, ਤਾਂ ਬਸ ਕਾਰਜ ਹੀ ਰਾਸ ਹੈ। ਦੁਸ਼ਮਨ ਆਪਨੀ ਮੌਤੇ ਆਪ ਹੀ ਮਰ ਗਏ ਸਮਝੋ।

ਇਹ ਸਲਾਹ ਪਕੀ ਕਰਕੇ ਫੌਜ ਦਾ ਬਿਲੀ-ਕੂਚ (ਚੁਪਚੁਪਾਤਾ ਕੂਚ) ਕਰਕੇ ਦੋਵੇਂ ਰਾਜੇ ਝਟ ਪਟ ਹਨੇਰੀ ਦੇ ਬੁਲੇ ਵਾਂਗ ਸਿਖਾਂ ਦੇ ਸਿਰ ਪੋਹੁੰਚੇ ਤੇ ਇਜੇਹੇ ਚੁਪ ਕੀਤੇ ਪਏ, ਕਿ ਇਨਹਾਂ ਦੇ ਪੈਰਾਂ ਦੀ ਬਿੜਕ ਤਕ ਵੀ ਕਿਸੇ ਨਾ ਸੁਣੀ। ਪਰ ਦੈਵ ਨੇਤ, "**ਜਿਸੁ ਰਾਖੈ ਤਿਸੁ ਕੋਇ ਨ ਮਾਰੈ। ਸੋ ਮੂਆ ਜਿਸੁ ਮਨਹੁ ਬਿਸਾਰੇ।**"[ਗਉ:ਮ:੫, ਪੰ: ੨੯੨] ਵਾਲੀ ਗਲ ਠੀਕ ਆ ਬਣੀ। ਹਨੇਰ ਦੀ ਹਨੇਰੀ ਵਿਚ ਕਾਲੇ ਕਾਲੇ ਬੱਦਲ ਵੀ ਉਮਡ ਆਏ ਸਨ, ਓਨਾਂ ਬਦਲਾਂ ਵਿਚੋਂ ਬਿਜਲੀ ਅਚਾਨਕ ਚਮਕੀ, ਸੂਹੀਏ ਤੋਂ ਖ਼ਬਰ ਪਹੁੰਚ ਚੁਕੀ ਸੀ। ਬਿਜਲੀ ਦੇ ਲਿਸ਼ਕਣ ਨੇ ਸਿਖਾਂ ਨੂੰ ਦਿਖਾ ਦਿਤਾ ਕਿ ਦੁਸ਼ਮਨ ਤੇ ਸਿਰ ਤੇ ਆਣ ਵਜਿਆ ਹੈ ਅਤੇ ਹਨੇਰਾ ਦੁਸ਼ਮਨ ਦਾ ਅਗੂਆ ਹੈ। ਇਸ ਇਸ਼ਾਰੇ ਦੇ ਹੁੰਦਿਆਂ ਸਾਰ ਹੀ ਸਿਖਾਂ ਨੇ ਬੜੀ ਫੁਰਤੀ ਨਾਲ ਗੁਰਬਾਣੀ ਦੀਆਂ ਮਿਸਾਲਾਂ ਜਗਾ ਦਿਤੀਆਂ ਅਤੇ ਮੁਕਾਬਲੇ ਵਿਚ ਵਿਚਾਰ ਦੀਆਂ ਤਲਵਾਰਾਂ ਧੂਹ ਕੇ ਹਥੋਂ ਹਥੀ ਨਿਤਰ ਪਏ। ਓਹ ਭੁਰਭੁਰੇ ਹਥ ਦਿਖਾਏ ਕਿ ਰਾਜਪੂਤਾਂ ਦੀ ਫੌਜ ਦੇ ਪੁਰਜੇ ਪੁਰਜੇ ਉਡਾ ਦਿਤੇ। ਰਾਣਾ ਅਗਜਾਨ ਚੰਦ ਤਾਂ ਇਸ ਕਤਲਾਮ ਵਿਚ ਮਾਰਿਆ ਗਿਆ ਅਤੇ ਰਾਣਾ ਅਭਿਮਾਨ ਚੰਦ ਜ਼ਖਮੀ ਹੋਕੇ ਅਪਨੇ ਡੇਰੇ ਨਸ ਗਿਆ। *

* ਅਗਜਾਨ ਪੂਰੀ ਤਰ੍ਹਾਂ ਖਤਮ ਹੋ ਜਾਏ, ਤਾਂ ਹੰਕਾਰ ਬੁਰੀ ਤਰ੍ਹਾਂ ਜ਼ਖ਼ਮੀ ਤਾਂ ਹੋ ਜਾਂਦਾ ਹੈ ਪਰ ਲੇਸ਼ ਮਾਤ੍ਰ ਫਿਰ ਵੀ ਰਹਿੰਦਾ ਹੈ ਕਿਉਂਕਿ ਇਹ ਜੇ ਬਿਲਕੁਲ ਖ਼ਤਮ ਹੋ ਜਾਏ ਤਾਂ ਜੀਵ ਆਪਨੀ ਸ਼੍ਰੀਰਕ ਕਿਰਿਆ ਵੀ ਨਹੀਂ ਕਰ ਸਕਦਾ। **ਸੰਪਾਦਕ**

ਫੌਜ ਇਨਹਾਂ ਦੀ ਬਹੁਤ ਹੀ ਮਾਰੀ ਗਈ। ਲੋਥਾਂ ਪਰ ਲੋਥਾਂ ਚੜ ਗਈਆਂ। ਲਹੂ ਦੇ ਦਰੀਆ ਵਹ ਤੁਰੇ। ਆਹ ਕਰਾਹ ਘਾਇਲਾਂ ਦੀਆਂ ਚੀਕਾਂ ਨੇ ਆਸਮਾਨ ਵਿਚ ਗੂੰਜ ਭਰ ਦਿਤੀ। ਬਹਾਦਰਾਂ ਦੀ ਫੁਰਤੀ ਨੇ ਬਿਜਲੀ ਵਾਲੇ ਫੁਰਤੀਲੇ ਹਥ ਮੈਦਾਨ ਵਿਚ ਇਜੇਹੇ ਚਮਕਾਏ ਕਿ ਕਾਇਰਾਂ ਦੀ ਮੁਕਾਲਕ ਤਲਵਾਰਾਂ ਦੇ ਘਾਟਾਂ ਪਰ ਧੋ ਧੋਕੇ ਸਾਫ਼ ਕਰ ਦਿਤੀ।

ਇਸ ਕਟੀ ਵਢੀ ਪਈ ਨਿਖਸਮੀ ਫੌਜ ਦੇ ਅਫਸੋਸ ਵਿਚ ਕਾਲਾ ਬੋਲਾ ਬਦਲ ਹਨੇਰੇ ਦੇ ਰੰਜ ਨਾਲ ਗੜੇ ਗੜੇ ਦੀ ਹੰਝ ਰੋਣ ਲਗ ਪਿਆ। ਲੋਥਾਂ ਦੇ ਮੂੰਹ ਉਤੋਂ ਘਟਾ ਮਲ ਮਲ ਕੇ ਧੋਣ ਲਗ ਪਿਆ। ਸਿਖਾਂ ਨੇ ਤਲਵਾਰਾਂ ਮਿਆਨ ਕੀਤੀਆਂ। ਆਪਣੇ ਮੋਰਚਿਆਂ ਵਿਚ ਓਕਰ ਹੀ ਮਿਸ਼ਾਲਾਂ ਜਗਦੀਆਂ ਰਖਕੇ ਸਾਵਧਾਨ ਹੋ ਰਹੇ।

ਓਧਰ ਦਿਨ ਚੜੇ ਰਾਣਾ ਅਗਜਾਨ ਚੰਦ ਦੇ ਤੰਬੂ ਵਿਚ ਰੋਣ ਪਿਟਣ ਦਾ ਸ਼ੋਰ ਪੈ ਗਿਆ। ਫੱਟ ਬਨ੍ਹੇ ਰਾਣਾ ਅਭਮਾਨ ਚੰਦ ਦੇ ਗਿਰਦ ਹੋ ਗਏ। ਪਟੀਆਂ ਬੰਨ ਕੇ ਮੰਜੇ ਪਾ ਦਿਤਾ। ਜਦ ਜਨਰਲ ਗ਼ਰੂਰ ਖ਼ਾਨ ਨੂੰ ਖ਼ਬਰ ਪਹੁੰਚੀ ਕਿ ਮਿਰਜਾ ਅਤੇ ਕਲਹ ਕੈਦ ਹੋ ਗਏ, ਅਗ ਦੀਆਂ ਖਾਈਆਂ ਵਿਚ ਨਹਰ ਪੈ ਗਈ, ਤਿੰਨ ਸਰਦਾਰ ਮਾਰੇ ਗਏ, ਚੌਥਾ ਜ਼ਖਮੀ ਹੋਕੇ ਨਠ ਗਿਆ, ਰਾਣਾ ਅਗਜਾਨ ਚੰਦ ਮਾਰਿਆ ਗਿਆ, ਰਾਣਾ ਅਭਮਾਨ ਚੰਦ ਘਾਇਲ ਹੋ ਗਿਆ, ਸਿਪਾਹ ਅਣਗਿਣਤ ਮਾਰੀ ਗਈ, ਛੇੜ ਦੀ ਫੌਜ ਰੰਗੜਾਂ ਗੁਜਰਾਂ ਵਿਚ ਥਲਕਾ ਮਚ ਗਿਆ, ਤਿੰਨੋਂ ਲੜਾਈਆਂ ਵਿਚ ਸਿਖ ਫਤੇ ਮੰਦ ਰਹੇ, ਆਪਣੇ ਪਾਸੇ ਭਾਰੀ ਨੁਕਸਾਨ ਪੁਜਾ ਤਾਂ ਜਨਰਲ ਅਤਿ ਚਿੰਤਾਤੁਰ ਹੋਇਆ ਵਿਚਾਰਨ ਲਗਾ ਕਿ ਇਹ ਸਿਖ ਕਿਸ ਕਾਇਆ ਦੇ ਆਦਮੀ ਹਨ, ਏਡੇ ਏਡੇ ਬਹਾਦਰਾਂ ਦੇ ਇਨਹਾਂ ਦੰਦ ਖਟੇ ਕਰ ਦਿਤੇ ਹਨ ਜਿਹੜੇ ਕਦੀ ਕਿਸੇ ਪਾਸੋਂ ਜਿਤੇ ਨਹੀਂ ਗਏ ਸਨ। ਪਰ ਹਛਾ ਜੋ ਹੋਇਆ ਸੋ ਹੋਇਆ। ਅਗੇ ਲਈ ਕੁਝ ਬਾਨਣੂ ਬੰਨਣਾ ਚਾਹੀਏ।

ਇਹੋ ਜੇਹੀਆਂ ਬਹੁਤ ਸਾਰੀਆਂ ਗਲਾਂ ਜੀ ਵਿਚ ਗਿਣਦਾ ਹੋਇਆ ਉਠਕੇ ਤੁਰ ਪਿਆ ਆਗ਼ਾ ਮਕਾਰ ਖ਼ਾਨ ਦੇ ਡੇਰੇ ਪੁਜਕੇ ਸਲਾਮ ਕੀਤਾ। ਅਗੋਂ

ਓਨ੍ਹ ਵੀਂ ਉਠਕੇ ਖਾਤ੍ਰ ਨਾਲ ਬਿਠਾਇਆ, ਸੁਖ ਪੁਛੀ। ਜਨਰਲ ਨੇ ਆਖਿਆ ਸੁਖ ਕਾਹਦੀ ਕਲ ਹੀ ਜੰਗ ਛਿੜਿਆ, ਸੋਈ ਦੁਸ਼ਮਨ ਦਾ ਹਥ ਉਚਾ ਰਹਿਆ। ਅਪਣੇ ਪਾਸੇ ਦੇ ਕਈ ਜਵਾਨ ਕੰਮ ਆਏ (ਮਾਰੇ ਗਏ)। ਫੌਜ ਵੀ ਬਹੁਤ ਕੰਮ ਆਈ। ਕਲਿਜੁਗ ਦੀਆਂ ਚਵਾਂ ਖਾਈਆਂ ਵਿਚ ਪਾਣੀ ਫਿਰ ਗਿਆ। ਵਡਾ ਅਰਮਾਨ ਇਹੋ ਹੈ, ਕਿ ਤੁਸੀਂ ਇਸ ਜੰਗ ਵਿਚ ਸਾਡੀ ਧਿਰ ਹੋਵੋ ਅਤੇ ਫਿਰ ਭੀ ਸਾਡੀ ਹੇਠੀ ਹੋਵੇ। ਇਹ ਸ਼ਰਮ ਅੰਦਰੋਂ ਅੰਦਰ ਖਾਈ ਜਾਂਦੀ ਹੈ।

**ਮਕਾਰ ਖਾਨ**– ਖਾਨ ਸਾਹਿਬ ਜੀ ਮੈਂ ਕਲ ਤੋਂ ਹੀ ਆਪਣੇ ਦਾਉ ਘਾਉ ਲਈ ਬਹੁਤ ਅਕਲ ਦੇ ਘੋੜੇ ਦੌੜਾ ਰਹਿਆ ਹਾਂ ਪਰ ਇਹ ਸਿਖ ਲੋਕ ਖ਼ਬਰ ਨਹੀਂ ਕਿਸ ਫੌਲਾਦੀ ਸੰਚੇ ਵਿਚ ਢਲੇ ਹਨ ਕਿਸੇ ਦਾਉ ਦੇ ਹੇਠ ਨਹੀਂ ਆਉਂਦੇ। ਮੈਂ ਭੀ ਬੇਫ਼ਿਕਰ ਨਹੀਂ ਬੈਠਾ ਹਾਂ ਇਕ ਤਦਬੀਰ ਚੁਣਵੀਂ ਸੋਚ ਕੇ ਕਢੀ ਹੈ। ਅਜ ਮੈਂ ਰਾਣੀ ਸ਼ਰਾਬ ਕੌਰ ਨੂੰ ਨਾਲ ਲੈਕੇ ਕਿਤੇ ਲਾਂਭੇ ਛਿਪ ਰਹਾਂਗਾ ਜਿਸ ਵੇਲੇ ਜੰਗ ਜ਼ੋਰਾਂ ਵਿਚ ਛਿੜ ਪਏਗਾ, ਸਿਖ ਸਾਮਣੇ ਪਾਸੇ ਰੁਝੇ ਹੋਏ ਹੋਣਗੇ ਅਸੀਂ ਲਾਂਭਿਓਂ ਚੁਪ ਕੀਤੇ ਅਪਨੀ ਫੌਜ ਨੂੰ ਲਲਕਾਰ ਕੇ ਪਿਛਲਵਾਂਡੀਓਂ ਜਾਂ ਸਜਿਓਂ ਖਬਿਓਂ ਪੈਕੇ ਆਹੂ ਲਾਹ ਦਿਆਂਗੇ। ਇਕ ਵੀ ਜੀਉਂਦਾ ਸਿਖ ਪਿਛੇ ਨਹੀਂ ਜਾਣ ਦਿਆਂਗੇ। ਇਹ ਸਲਾਹ ਸੁਣਕੇ ਜਨਰਲ ਬਹੁਤ ਖੁਸ਼ ਹੋਇਆ, ਤੇ ਤਾਕੀਦ ਕਰਕੇ ਅਪਨੇ ਡੇਰੇ ਆਕੇ ਸਰਦਾਰ ਸੈਯਦ ਫਰੇਬ ਸ਼ਾਹ ਜ਼ੁਲਮਤ, ਸਰਦਾਰ ਸਯਦ ਬਦਨੀਯਤ ਅਲੀਦਿਗਾ, ਸਰਦਾਰ ਦੁਜਦਖਾਨ ਪਠਾਨ, ਸ਼ੇਖ ਅਯਾਸ਼ ਦੀਨ ਕਜ਼ਾਕ, ਅਤੇ ਰੰਗੜਾਂ ਦਾ ਸਰਦਾਰ ਬੇਹਯਾਖਾਨ ਸਿਫਲੇ ਨੂੰ ਹੁਕਮ ਦਿਤਾ ਕਿ ਤੁਸੀਂ ਪੰਜੇ ਸਰਦਾਰ ਆਪੋ ਆਪਣੀ ਕੁਮਕ ਲੈਕੇ ਇਕਠੇ ਸਿਖਾਂ ਨਾਲ ਲੜੋ ਉਪਰੋ ਅਸੀ ਵੀ ਤੋਪ ਰਵਾਂ ਕਰ ਦਿਆਂਗੇ। ਇਸ ਹੁਕਮ ਦੀ ਤਾਮੀਲ ਕਰਨ ਲਈ ਪੰਜਾਂ ਸਰਦਾਰਾਂ ਨੇ ਫੌਜਾਂ ਦੀ ਤਜਾਰੀ ਕੀਤੀ। ਪਲੋ ਪਲੀ ਵਿਚ ਮੋਰਚਿਆਂ ਪਰ ਅਪੜ ਪਏ। ਜਦ ਗੋਲੀ ਦੀ ਮਾਰ ਹੇਠ ਅਪੜੇ ਤਾਂ ਅਗੋਂ ਇਕ ਵਾੜ ਝੜੀ। ਦਿੜ ਦਿੜ ਕਰਦੇ ਮੁਨਾਰਿਆਂ ਵਾਕਰ ਕਈ ਡਿਗ ਪਏ। ਪਰ ਧੁਨ ਦੇ ਪਕਿਆਂ ਨੇ ਇਸ ਗਲ ਦੀ ਕੁਝ ਪਰਵਾਹ ਨਾ ਕੀਤੀ। ਅਪਣੀ ਦਸਤ ਰਵਾਂ ਕਰਦੇ ਗੜਿਆਂ ਵਾਂਗ

ਗੋਲੀਆਂ ਬਰਸਾਉਂਦੇ ਅਗੇ ਵਧੀ ਚਲੀ ਆਏ। ਇਸ ਵੇਲੇ ਲੜਾਈ ਦਾ ਜੁਟ ਬੜੇ ਰੰਗ ਵਾਲਾ ਬਝਿਆ, ਧੌਂਸਿਆਂ ਦੀ ਧੁੰਕਾਰ, ਮਾਰ ਮਾਰ ਦੀ ਪੁਕਾਰ, ਬਹਾਦਰਾਂ ਦੀ ਵੰਗਾਰ, ਲੜਾਈ ਦਾ ਜੋਸ਼ ਤਲਵਾਰਾਂ ਦੀ ਖਚਾਖਚ, ਬੰਦੂਕਾਂ ਦੀ ਠਹਾ ਠਹੀ, ਆਪੋ ਆਪਣੀ ਜੀਤ ਦੀ ਉਮੰਗ ਵਿਚ ਜਵਾਨਾਂ ਨੇ ਅਪਣੇ ਲਹੂ ਡੋਲੇ। ਬਹਾਦਰੀ ਦੇ ਨਾਮ ਨੂੰ ਆਸਮਾਨ ਤਕ ਪੁਚਾਇਆ। ਪਲੋਪਲੀ ਵਿਚ ਲੋਥਾਂ ਪਰ ਲੋਥਾਂ ਚੜਹਾ ਦਿਤੀਆਂ। ਲਹੂ, ਮਿਝ, ਮਾਸ ਨਾਲ ਜਮੀਨ ਲਾਲ ਗੁਲਾਲ ਕਰ ਦਿਤੀ ਤਿਸ ਪਰ ਭੀ ਜਾਨ ਤੋੜਵੇਂ ਬਹਾਦਰ ਇਸ ਕਹਰ ਦੀ ਲੜਾਈ ਲੜਕੇ ਵੀ ਨਾ ਰਜੇ। ਇਧਰੋਂ ਪਿਛੋਂ ਕੋਈ ਕੁਮਕ ਨਾ ਪਹੁੰਚਣ ਦੇ ਕਾਰਣ ਕੁਝ ਖਾਲਸਾ ਜੀ ਦੇ ਪੈਰ ਹਿਲ ਗਏ। ਜਦ ਪਿਛੇ ਪਰਤੇ ਤਾਂ ਬਲਦੀ ਸੂਰਤ ਮੀਆਂ ਮਕਾਰ ਖਾਨ ਦੀ ਫੌਜ ਅਤੇ ਰਾਣੀ ਸ਼ਰਾਬ ਕੌਰ ਦੀ ਫੌਜ ਨਾਗਹਾਨੀ ਅਫਿਤ ਵਾਕਨ ਮਥੇ ਲਗੀ,। ਇਸ ਅਨੌਖੇ ਘੇਰੇ ਵਿਚ ਆਕੇ ਖਾਲਸਾ ਜੀ ਨੇ ਆਪਣੀਆਂ ਜਾਨਾਂ ਅਜਾਈ ਬਹੁਤ ਗਵਾਈਆਂ। ਅਗੇ ਪਿਛੇ ਦੋਹੀਂ ਲਾਂਭੀ ਦੁਸ਼ਮਨ ਜ਼ੋਰਾਵਰ ਪੈਣ ਤੇ ਆਪ ਬੇਮਦਦ ਅਤੇ ਬੇਯਾਰ ਹੋਣ ਦੇ ਕਾਰਣ ਖਾਲਸਾ ਜੀ ਰਾਣੀ ਸ਼ਰਾਬ ਕੌਰ ਦੇ ਹੱਥੇ ਚੜਕੇ ਮੈਦਾਨ ਜੰਗ ਵਿਚ ਸ਼ਹੀਦ ਹੋ ਗਏ। ਮੈਦਾਨ ਦੁਸ਼ਮਨ ਦੇ ਹਥ ਰਿਹਾ ਅਤੇ ਸਿਖਾਂ ਦੀ ਫੌਜ ਵਿਚੋਂ ਕੋਈ ਕੋਈ ਭਜ ਨਸਕੇ ਅਪਣੇ ਕੈਂਪ ਤਕ ਅਪੜਿਆ। ਅਪਣੀ ਤਬਾਹੀ ਦੀ ਸਾਰੀ ਖ਼ਬਰ ਤੇ ਰਾਣੀ ਸ਼ਰਾਬ ਕੌਰ ਦੀ ਬਹਾਦਰੀ ਕਹਿ ਸੁਣਾਈ। ਮੰਤ੍ਰੀ ਜੀ ਨੇ ਮਹਾਰਾਜ ਪਾਸ ਅਰਜ ਕੀਤੀ ਕਿ ਪਹਿਲੀ ਫਤੇ ਹੋਣ ਦੇ ਬਦਲੇ ਅਜ ਸਿਖਾਂ ਭਾਰੀ ਭਾਂਜ ਖਾਧੀ ਹੈ। ਸ਼ਰਾਬ ਕੌਰ ਨੇ ਆਹੂ ਲਾਹ ਦਿਤੇ ਹਨ। ਮਹਾਰਾਜ ਨੇ ਹੁਕਮ ਦਿਤਾ: ਕੁਝ ਪਰਵਾਹ ਨਹੀਂ। ਧੀਰਜ ਰਖੋ, ਕਰਤਾਰ ਭਲਾ ਕਰੇਗਾ, ਅਪਣੀ ਫੌਜ ਤਜਾਰ ਰਹੇ ਕਿਉਂਕਿ ਦੁਸ਼ਮਨ ਦੀ ਫੌਜ ਅਪਨੀ ਜਿਤ ਵੇਖਕੇ ਸਮਾ ਨਹੀਂ ਸਕੇਗੀ। ਪਿਛਾ ਕਰਦੀ ਹੋਈ ਪਿਛੇ ਹੀ ਆਵੇਗੀ। ਜੇ ਤੁਸੀਂ ਅਗੋਂ ਟਾਕਰੇ ਨੂੰ ਤਯਾਰ ਹੋਕੇ ਮਿਲੋ ਤਾਂ ਓਹ, ਥੱਕੀ ਹੋਣ ਕਰਕੇ, ਤੁਹਾਡੇ ਵਾਰ ਅਗੇ ਸੁਸਰੀ ਵਾਂਗ ਸੌਂ ਜਾਏਗੀ। ਇਸ ਲਈ ਜਲਦੀ ਕਰੋ। ਸਰਦਾਰ ਸੁਬੁਧ ਸਿੰਘ ਅਤੇ ਸਰਦਾਰ ਗੁਰਬਾਣੀ ਵਿਚਾਰ ਸਿੰਘ ਹੋਰੀਂ ਆਪੋ ਆਪਣਿਆਂ ਜਥਿਆਂ ਸਮੇਤ ਅਗੇ ਵਧ ਜਾਣ ਅਤੇ ਦੁਸ਼ਮਨ ਪਰ ਬਾਜ ਦੀ ਤਰ੍ਹਾਂ ਪੈਣ ਇਜੇਹੀ ਮਾਰ

ਕਰਨ ਕਿ ਆਉਂਦਿਆਂ ਦਾ ਮੂੰਹ ਮੋੜ ਦੇਣ। ਅਤੇ ਪਿਛੇ ਕੁਮਕ ਲਈ ਸਰਦਾਰ ਉਪਦੇਸ਼ ਸਿੰਘ ਮੰਤ੍ਰੀ ਦੇ ਜਥੇ ਵਿਚੋਂ, ਅਪਣੀ ਫੌਜ ਸਮੇਤ ਅਪੜ ਪਏ। ਫਿਰ ਸਾਰੇ ਕਾਰਜ ਰਾਸ ਹਨ, ਵਾਹਿਗੁਰੂ ਤੁਹਾਡੇ ਅੰਗ ਸੰਗ ਹੈ।

ਇਸ ਹੁਕਮ ਦੀ ਤਾਮੀਲ ਅਖ ਦੇ ਪਲਕਾਰੇ ਵਿਚ ਹੋ ਗਈ। ਸਰਦਾਰ ਸੁਬੁਧ ਸਿੰਘ ਨੇ ਮੋਹਰੇ ਹੋਕੇ ਵਧੇ ਆਉਂਦੇ ਦੁਸ਼ਮਨ ਨੂੰ ਰੋਕਿਆ। ਚੰਗੇ ਕਰਾਰੇ ਹਥ ਦਿਖਾਏ। ਸਰਦਾਰ ਵੀ ਓਨਹਾਂ ਦੇ ਥਾਂ ਰਖੇ। ਇਤਨੇ ਤਕ ਗੁਰਬਾਣੀ ਵਿਚਾਰ ਸਿੰਘ ਨੇ ਮਾਰਕੇ ਲਿਥੇੜ ਪਥੇੜ ਕਰਾ ਦਿਤੀ। ਦੁਸਮਨ ਦੇ ਪੈਰ ਉਖੜ ਗਏ। ਏਸੇ ਹਲਾਂਚਲੀ ਵਿਚ ਬਾਕੀ ਤਿੰਨੇ ਸਰਦਾਰ ਮਾਰੇ ਗਏ। ਮਕਾਰ ਖਾਨ ਕਾਬੂ ਆਇਆ। ਸ਼ਰਾਬ ਕੌਰ ਦਾ ਹਾਥੀ ਫੜਿਆ ਗਿਆ। ਆਪ ਭੀ ਕੁਝ ਗੋਲੀਆਂ ਖਾ ਕੇ ਘਾਇਲ ਹੋ ਗਈ। ਪਰ ਫੌਜ ਉਸਦੀ ਚਾਲਾਕ ਹੋਣ ਦੇ ਕਾਰਣ ਨਸ ਭਜ ਕੇ ਖਾਲਸੇ ਜੀ ਦੀ ਮਾਰ ਹੇਠੋਂ ਨਿਕਲ ਗਈ ਤੇ ਘਾਇਲ ਰਾਣੀ ਨੂੰ ਭੀ ਨਾਲ ਲੈ ਗਈ।

ਇਧਰ ਖਾਲਸਾ ਜੀ ਧੰਨਵਾਦ ਦੇ ਜੈਕਾਰੇ ਗਜਾਉਂਦੇ, ਸ਼ਬਦ ਪੜਦੇ ਆਪਣੇ ਕੈਂਪ ਵਲ ਆਏ। ਓਧਰ (ਦੁਸ਼ਮਨ ਵਾਲੇ ਪਾਸੇ) ਸਾਰੀ ਰੀਪੋਰਟ ਜਨਰਲ ਪਾਸ ਪੁਜੀ। ਪਹਿਲੀ ਜਿਤ ਅਤੇ ਪਿਛਲੀ ਤਬਾਹੀ ਸੁਣਕੇ ਜਨਰਲ ਨੇ ਸਿਪਾਹੀਆਂ ਨੂੰ ਬਹੁਤ ਝਾੜ ਝਪਾੜ ਕੀਤੀ ਤੇ ਕਿਹਾ: ਓਇ ਖੁਦਾ ਦੇ ਮਾਰਿਓ, ਜਦ ਅਲ੍ਹਾ ਨੇ ਤੁਹਾਨੂੰ ਫਤੇ ਦਿਤੀ ਸੀ ਤਾਂ ਓਥੋਂ ਹੀ ਮੁੜ ਆਉਣਾ ਸੀ, ਪਰ ਤੁਸੀਂ ਸ਼ੈਤਾਨ ਦੇ ਜੁਆਈ ਆਪਣੀ ਜਿਤ ਨੂੰ ਪਚਾ ਨਾ ਸਕੇ। ਸਿਧੇ ਮੌਤ ਦੇ ਮੂੰਹ ਵਿਚ ਹੀ ਜਾ ਪਏ। ਚਲੋ ਹਟੋ ਅਖਾਂ ਅਗੋਂ ਦਫਾ ਹੋ ਜਾਓ।

ਇਹ ਕਹਿੰਦਾ ਹੋਇਆ ਉਠਕੇ ਰਾਣੀ ਸ਼ਰਾਬ ਕੌਰ ਦੇ ਕੈਂਪ ਵਿਚ ਆਇਆ ਅਤੇ ਫਟ ਬਾਨੇਆਂ (ਪਟੀਆਂ ਬੰਨ੍ਹਣ ਵਾਲਿਆਂ) ਪਾਸੋਂ ਰਾਣੀ ਨੂੰ ਪਟੀਆਂ ਬਨਵਾਈਆਂ। ਖਿਦਮਤ ਲਈ ਦੋ ਚਾਰ ਗੋਲੀਆਂ ਸਪੁਰਦ ਕਰਕੇ ਰਾਜਾ ਕਲਿਜੁਗ ਦੇ ਤੰਬੂ ਵਿਚ ਪੁਜਾ। ਬੈਠਕੇ ਦੋਹਾਂ ਸਲਾਹ ਕੀਤੀ, ਕਿ ਫੁਟਕਲ ਲੜਾਈ ਵਿਚ ਸਾਡਾ ਕੁਝ ਨਹੀਂ ਬਣਦਾ। ਇਸ ਲਈ ਬਿਹਤ੍ਰ ਹੋਵੇ ਸਾਰੀ ਫੌਜ ਇਕੱਠੀ ਹੋਕੇ ਇਕ ਵਾਰ ਹੀ ਟੁਟ ਕੇ ਪੈ ਜਾਈਏ ਤਾਂ ਯਕੀਨ ਹੈ ਅਸੀਂ ਕਾਮਯਾਬ ਹੋ ਜਾਵਾਂਗੇ।

ਕਲਜੁਗ ਨੇ ਆਖਿਆ, ਸਾਨੂੰ ਜਿਤ ਦੀ ਉਮੈਦ ਔਖੀ ਹੈ। ਸਿਖਾਂ ਦੀ ਫੌਜ ਬੜੀ ਕਟੀਲੀ ਹੈ। ਇਨਹਾਂ ਦੇ ਮਾਰਨ ਭਾਵੇਂ ਕਾਬੂ ਕਰਨ ਲਈ ਕਲਹਾ ਹੀ ਸੀ ਸੋ ਵਿਚਾਰੀ ਪਹਿਲੇ ਹੱਥ ਕੈਦ ਹੋ ਗਈ। ਉਸ ਤੋਂ ਉਤਰ ਕੇ ਖਾਨਹ-ਜੰਗੀ ਬੇਗ ਮਿਰਜਾ ਸੀ ਜਿਸਨੇ ਕੇਈ ਵਾਰੀ ਸਿਖਾਂ ਦੇ ਘਾਣ ਲਾਹੇ ਤੇ ਕਈ ਵੇਰੀ ਇਨਹਾਂ ਨੂੰ ਸ਼ਿਕਸਤ ਦਿਤੀ ਸੀ। ਅਜ ਤਕ ਕਦੀ ਵੀ ਮਿਰਜਾ ਨੇ ਇਨਹਾਂ ਹਥੋਂ ਸਟ ਨਹੀਂ ਖਾਧੀ ਸੀ। ਕੋਈ ਸਾਡੀ ਉਲਟੀ ਕਿਸਮਤ ਦੀ ਮਾਰ ਨੇ ਲੋਹਾ ਅਪੁਠਾ ਕੀਤਾ ਹੈ, ਕਿ ਪਹਿਲੇ ਹਥ ਹੀ ਮਿਰਜਾ ਕਾਬੂ ਆ ਗਿਆ। ਇਸੇ ਕਾਰਣ ਇਨਹਾਂ ਦਾ ਲੋਹਾ ਸਿਧਾ ਪੈ ਗਿਆ ਪਰ ਲੜਾਈ ਵਿਚ ਸਾਂਈਂ ਕੰਜਰ ਹੁਸਨ ਸ਼ਾਹ ਮੇਰੇ ਨਾਲ ਹੋਕੇ ਮੈਦਾਨ ਜੰਗ ਵਿਚ ਨਿਤਰਨ ਤਾਂ ਸ਼ਾਇਦ ਅਸੀਂ ਕਾਮਯਾਬ ਹੋ ਜਾਈਏ। ਜਨਰਲ ਨੇ ਇਹ ਸਲਾਹ ਪਸੰਦ ਕੀਤੀ ਅਤੇ ਆਪ ਉਠਕੇ ਸਾਂਈਂ ਲੋਕਾਂ ਪਾਸ ਪੁਜੇ। ਬੜੀ ਮਿੰਨਤ ਅਤੇ ਅਧੀਨਗੀ ਨਾਲ ਅਰਜ ਕੀਤੀ ਕਿ ਸਾਂਈਂ ਜੀ ਆਪ ਬੇਪਰਵਾਹ ਲੋਕ ਹੋ। ਅਲਾ ਵਾਲੇ ਹੋ। ਕਿਸੇ ਦੇ ਦੁਖ ਦਰਦ ਨਾਲ ਆਪਨੂੰ ਕੀ? ਪਰ ਇਸ ਵੇਲੇ ਅਸਾਡੇ ਤੇ ਕਹਰ ਨਾਜ਼ਲ ਹੋ ਰਹਿਆ ਹੈ। ਹਾਰ ਗਲੇ ਪੈ ਰਹੀ ਹੈ। ਸਿਖਾਂ ਦਾ ਲੋਹਾ ਇਸ ਵੇਲੇ ਸਿਧਾ ਪੈਂਦਾ ਜਾਂਦਾ ਹੈ। ਸਾਨੂੰ ਸ਼ਰਮ ਦਾ ਕੋਈ ਖੂਹ ਨਹੀਂ ਲਭਦਾ ਜਿਥੇ ਡੁਬ ਮਰੀਏ। ਆਪ ਜੈਸੇ ਵਲੀ ਸਾਡੀ ਪੁਸਤ ਪਨਾਹ ਹੋਣ ਅਤੇ ਅਸੀਂ ਰੜੇ ਵਿਚ ਡੁਬ ਜਾਈਏ? ਇਸ ਲਈ ਬੜੇ ਅਦਬ ਨਾਲ ਅਰਜ਼ ਕੀਤੀ ਜਾਂਦੀ ਹੈ ਕਿ ਖ਼ੁਦਾ ਦੇ ਵਾਸਤੇ ਇਸ ਵੇਲੇ ਕੁਝ ਮਦਦ ਕਰੋ।

ਸਾਂਈਂ ਲੋਕ ਖਿੜ ਖਿੜ ਕਰਕੇ ਹਸ ਪਏ ਤੇ ਬੋਲੇ, ਭੋਲਿਆ ਮੌਜ ਲਗੀ ਹੋਈ ਹੈ। ਗਿਦੜ, ਕੁਤੇ, ਕਾਂ, ਇੱਲਾਂ ਦੀ ਬਕਰੀਦ ਹੋਈ ਹੋਈ ਹੈ। ਖਾਂਦੇ ਹਨ, ਪੀਂਦੇ ਹਨ, ਮੌਜਾਂ ਕਰਦੇ ਹਨ। ਜੇ ਸਿਖ ਜਿਤ ਗਏ ਤਾਂ ਕੀ ਹੋਇਆ; ਜੇ ਤੁਸੀਂ ਜਿਤ ਗਏ ਤਾਂ ਕੀ ਹੋਇਆ। ਅਸਾਂ ਤਾਂ ਮੌਜ ਮੇਲਾ ਹੀ ਕਰਨਾ ਹੈ।

**ਜਨਰਲ:** (ਬੜੇ ਅਦਬ ਨਾਲ) ਹਜ਼ਰਤ ਮਿਹਰ ਕਰੋ। ਕੁਝ ਤਰਸ ਕਰੋ। ਨਹੀਂ ਤਾਂ ਅਸਾਡਾ ਕੁਝ ਨਹੀਂ ਰਹੇਗਾ।

ਸਾਂਈਂ ਜੀ ਇਸ ਬਚਨ ਪਰ ਹੋਰ ਹੱਸੇ ਤੇ ਕਹਿਣ ਲਗੇ ਜਿਕੁੱਰ ਤੁਹਾਡਾ ਕੁਝ ਰਹਿ ਜਾਵੇ ਅਸੀਂ ਓਦਾਂ ਕਰ ਦਿੰਦੇ ਹਾਂ। ਦਸੋ ਓਹ ਕਿਦਾਂ ਰਹੂ ?

**ਜਨਰਲ**: ਹਜ਼ੂਰ ਕਲ ਰਾਜਾ ਕਲਜੁਗ ਦੇਵ ਮੈਦਾਨ ਜੰਗ ਵਿਚ ਲੜੇਗਾ ਉਸਦੀ ਸਵਾਰੀ ਨਾਲ ਆਪ ਭੀ ਹੋਵੋ ਅਤੇ ਜੰਗ ਦੇ ਰੰਗ ਢੰਗ ਦੇਖੋ ਕਿ ਦੁਸ਼ਮਨ ਕੀ ਬਿਪਤਾ ਪਾਉਂਦੇ ਹਨ।

**ਸਾਂਈਂ ਲੋਕ**: ਬਹੁਤ ਅਛਾ! ਅਸੀਂ ਕਲ ਨਾਲ ਚਲਾਂਗੇ ਤੇ ਦੇਖਾਂਗੇ ਦੁਸ਼ਮਨ ਕੀਕੁਰ ਵਾਰ ਕਰਦੇ ਹਨ।

ਇਸ ਬਾਤ ਪਰ ਜਨਰਲ ਖੁਸ਼ ਹੋ ਗਿਆ। ਕਦਮ ਚੁੰਮ ਕੇ ਸਲਾਮ ਕੀਤੀ। ਰੁਖ਼ਸਤ ਹੋਕੇ ਜਦ ਰਾਣੀ ਰੂਪ ਕੌਰ ਪਾਸ ਪੁਜਾ ਤਾਂ ਓਥੇ ਹੋਰ ਹੀ ਨਕਸ਼ਾ ਨਜ਼ਰ ਆਇਆ। ਰਾਣੀ ਸਾਹਿਬ ਨੂੰ ਸਰਦਾਰ ਸ਼ਊਰ ਖਾਂ ਜਾਸੂਸ ਨੇ ਸਾਰੀ ਖਬਰ ਸ਼ਿਕਸਤ ਵਾਲੀ ਸੁਣਾ ਦਿਤੀ ਸੀ। ਇਸ ਲਈ ਰਾਣੀ ਇਕ ਭਾਰੇ ਸੋਚਾਂ ਦੇ ਖਾਤੇ ਵਿਚ ਪਈ ਬੈਠੀ ਤਿਣਕੇ ਚੁਣ ਰਹੀ ਸੀ। ਗ਼ਰੂਰ ਖਾਨ ਨੂੰ ਦੇਖਕੇ ਝਿੜਕ ਕੇ ਬੋਲੀ, ਚੰਗਾ ਜੰਗ ਵਿਢਿਆ। ਚੰਗੇ ਚੰਗੇ ਜਵਾਨਾਂ ਦੀਆਂ ਜਾਨਾਂ ਗਵਾਈਆਂ। ਰਾਣੀ ਸ਼ਰਾਬ ਕੌਰ ਜ਼ਖਮੀ ਹੋ ਗਈ! ਪਤਾ ਨਹੀਂ ਜੀਵੇਗੀ ਬੀ ਕਿ ਨਹੀਂ ?

**ਜਨਰਲ**: (ਬੜੇ ਅਦਬ ਨਾਲ)-ਰਾਣੀ ਸਾਹਿਬ ਜੰਗ ਦੇ ਦੋ ਸਿਰੇ ਹੁੰਦੇ ਹਨ, ਇਕ ਜਿਤ ਦਾ ਇਕ ਹਾਰ ਦਾ। ਦੋਹਾਂ ਵਿਚੋਂ ਇਕ ਜ਼ਰੂਰ ਹਾਸਲ ਹੁੰਦਾ ਹੈ। ਇਸ ਜੰਗ ਵਿਚ ਖ਼ੁਦਾ ਦੇ ਹੁਕਮ ਨਾਲ ਜਿਤ ਸਾਡੀ ਹੋਵੇਗੀ। ਕਲ ਵਾਲੀ ਸ਼ਿਕਸਤ ਸਰਦਾਰਾਂ ਦੀ ਸ਼ੇਖੀ ਅਤੇ ਗਲਤੀ ਨਾਲ ਹੋਈ। ਪਹਿਲੇ ਦੁਸ਼ਮਨਾਂ ਨੂੰ ਫਤੇ ਕਰਕੇ ਜਿਤ ਨੂੰ ਪਚਾ ਨ ਸਕੇ। ਆਪਣੇ ਪੈਰਾਂ ਤੇ ਨਾ ਠਹਰ ਸਕੇ। ਓਨਹਾਂ ਦੇ ਘਰਾਂ ਤਕ ਮਾਰ ਕਰਦੇ ਚਲੇ ਗਏ। ਇਹ ਓਥੇ ਪਹੁੰਚ ਕੇ ਥਕ ਗਏ, ਓਹ ਜੋਰਾਵਰ ਪੈ ਗਏ ਤੇ ਇਹ ਮਾਰੇ ਗਏ। ਇਸ ਲਈ ਸ਼ਿਕਸਤ ਹੋਈ ਸਾਡੀ ਸ਼ਿਕਸਤ ਨਹੀਂ। ਆਪ ਕਲ ਦੇਖੋਗੇ ਕਿ ਖ਼ੁਦਾ ਕੀ ਕਰਦਾ ਹੈ।

ਦੂਜੇ ਦਿਨ ਰਾਜਨਪਤਿ ਰਾਜਾ ਕਲਿਜੁਗ ਦੇਵ ਆਪਣੇ ਲਸ਼ਕਰ ਨੂੰ ਲੈਕੇ ਧੌਂਸਯਾਂ ਪਰ ਦੂਹਰੀ ਚੋਬ ਠੋਕਦਾ ਹੋਇਆ ਮੈਦਾਨ-ਏ-ਜੰਗ ਵਿਚ ਆਕੇ

ਬਹੁਤ ਉਚੀ ਉਚੀ ਪੁਕਾਰ ਕੇ ਕਹਿਣ ਲਗਾ, ਕਿ ਕੋਈ ਬਹਾਦਰ ਇਸ ਸੰਸਾਰ ਵਿਚ ਹੈ ਜੋ ਮੇਰੇ ਸਾਮਣੇ ਆਵੇ? ਜਿਹੜੇ ਕੋਈ ਆਪਣੇ ਆਪ ਵਿਚ ਖੰਨੀ ਖਾਂ ਕਹਾਉਂਦੇ ਸਨ, ਓਹ ਸਾਰੇ ਮੇਰੇ ਟਕੇ ਭਰਦੇ ਹਨ। ਓਨਹਾਂ ਵਿਚੋਂ ਕੋਈ ਨਹੀਂ ਸਾਹਮਣੇ ਆ ਸਕਦਾ। ਅਜ ਜੰਗ ਦਾ ਮੈਦਾਨ ਮੇਰਾ ਹੈ। ਬਿਨਾ ਲੜੇ ਭਿੜੇ ਮੈਂ ਜਿਤ ਦਾ ਨਗਾਰਾ ਵਜਾ ਰਿਹਾ ਹਾਂ। ਇੰਨੇ ਤਕ ਸੈਯਦ ਕੰਜਰ ਹੁਸੈਨ ਸ਼ਾਹ ਮਸਤ ਵੀ ਹਥਾਂ ਦੀਆਂ ਕੜੀਆਂ ਛਣਕਾਉਂਦੇ, ਗਲ ਵਿਚ ਲਿਟਾਂ ਲਮਕਾਈ, ਆਪਣੀ ਮਸਤੀ ਵਿਚ ਝੂਮਦੇ ਮੈਦਾਨ ਵਿਚ ਆ ਗਏ।

ਇਧਰ ਮੰਤ੍ਰੀ ਦ੍ਰਿੜ ਨਿਸਚਾ ਸਿੰਘ ਜੀ ਨੇ ਕਮਾਨੀਅਰ ਨੂੰ ਬੁਲਾਕੇ ਸਮਝਾਇਆ, ਕਿ ਅਜ ਦਾ ਮੈਦਾਨ, ਜੰਗ ਦਾ ਫੈਸਲਾ ਕਰ ਦੇਵੇਗਾ। ਅਜ ਦੇ ਮੋਰਚੇ ਪਰ ਸਰਦਾਰ ਪ੍ਰੇਮ ਸਿੰਘ ਅਤੇ ਸ੍ਰਦਾਰ ਵੈਰਾਗਾ ਸਿੰਘ ਨੂੰ ਫੌਜ ਸਮੇਤ ਤਈਨਾਤ ਕਰ ਦਿਓ। ਥੋੜਾ ਕੁ ਪਿਛੇ ਹਟਵਾਂ ਸ੍ਰਦਾਰ ਸੇਵਾ ਸਿੰਘ ਕੁਮਕ ਲਈ ਦਾਉ ਘਾਉ ਵਿਚ ਲਗਾ ਰਹੇ। ਜੇਹਾ ਸਮਾ ਆ ਬਣੇ ਤੇਹਾ ਵਰਤਾਉ ਕਰ ਲਵੇ ਅਤੇ ਇਕ ਜਥੇਦਾਰ ਫੌਜ ਸਮੇਤ ਤੋਪਖਾਨੇ ਪਾਸ ਸਰਦਾਰ ਗਿਆਨ ਸਿੰਘ ਦੀ ਮਦਦ ਲਈ ਠਹਰੇ। ਬਾਕੀ ਫੌਜ ਚੌਹਵੀਂ ਲਾਂਭੀਂ ਖਿਲਰੇ। ਇੰਨੇ ਤੱਕ ਪੈਹਰੇਦਾਰ ਨੇ ਖਬਰ ਦਿਤੀ ਕਿ ਮੈਦਾਨ ਜੰਗ ਵਿਚ ਕਲਿਜੁਗ ਉਤਰ ਆਇਆ ਹੈ ਤੇ ਆਉਂਦਾ ਹੀ ਜਿਤ ਦੇ ਜੈਕਾਰੇ ਗਜਾ ਰਹਿਆ ਹੈ। ਇਹ ਖ਼ਬਰ ਸੁਣਦਿਆਂ ਸਾਰ ਕਮਾਨੀਅਰ ਨੇ ਸ੍ਰਦਾਰ ਪ੍ਰੇਮ ਸਿੰਘ ਅਤੇ ਸਰਦਾਰ ਵਿਰਾਗਾ ਸਿੰਘ ਨੂੰ ਵੰਗਾਰਿਆ ਕਿ ਜਲਦੀ ਕਰੋ। ਦੁਸ਼ਮਨ ਵਧਿਆ ਚਲਿਆ ਆਉਂਦਾ ਹੈ। ਉਸਦਾ ਅਗਾ ਰੋਕੋ। ਇਨਹਾਂ ਸਰਦਾਰਾਂ ਨੂੰ ਅਗੇ ਭੇਜਕੇ ਕਮਾਨੀਅਰ ਸਾਹਿਬ ਆਪ ਸ੍ਰਦਾਰ ਸੇਵਾ ਸਿੰਘ ਹੋਰਾਂ ਨੂੰ ਨਾਲ ਲੈਕੇ ਮੈਦਾਨ-ਏ-ਜੰਗ ਵਲ ਟੁਰ ਪਏ। ਜਦ ਸਰਦਾਰ ਪ੍ਰੇਮ ਸਿੰਘ ਹੋਰੀਂ ਪੁਜੇ ਤਾਂ ਅਗੇ ਕਲਿਜੁਗ ਦਾ ਪ੍ਰਭਾਵ ਇਨਾਂ ਖਿਲਰਿਆ ਹੋਯਾ ਦਿਸਿਆ ਕਿ ਜਿਸਦਾ ਕੋਈ ਹਦ ਹਿਸਾਬ ਨਹੀਂ, ਆਪਣੇ ਮੂੰਹੋਂ ਆਪਣੀ ਵਡਿਆਈ ਅਤੇ ਹੋਰ ਸਭ ਦੀ ਨਿੰਦਯਾ ਹੁੰਦੀ ਕੰਨੀ ਪਈ। ਇਧਰੋਂ ਕੀਰਤਨ ਸਿੰਘ ਨੇ ਦਸਤਾ ਰਵਾਂ ਕਰਕੇ ਬੰਦੂਕ ਝੋਕ ਦਿਤੀ। ਗੋਲੀ ਗਈ ਤਾਂ ਸ਼ੂਕਦੀ ਪਰ ਕਲਜੁਗ ਦੇ ਕੰਨਾਂ ਪਾਸੋਂ ਲੰਘ ਗਈ। ਇਸ ਗੋਲੀ ਦੇ ਲੰਘਦਿਆਂ ਕਲਜੁਗ ਚੁਕੰਨਾ ਹੋ ਗਯਾ। ਆਪ ਮੋਰਚੇ ਦੇ ਓਹਲੇ ਹੋਕੇ

ਸਿਪਾਹੀਆਂ ਨੂੰ ਲਲਕਾਰ ਕੇ ਅਗੇ ਕਰ ਦਿਤਾ। ਦੁਵੱਲੀ ਗੋਲੀ ਦੀ ਠਹਾ ਠਹੀ ਅਰੰਭ ਹੋ ਗਈ। ਓਧਰੋਂ ਜਨਰਲ ਨੇ ਦੂਰਬੀਨ ਲਾਕੇ ਦੇਖਿਆ ਕਿ ਲੜਾਈ ਸ਼ੁਰੂ ਹੋ ਗਈ ਤਾਂ ਝਟ ਗੋਲਅੰਦਾਜ਼ਾਂ ਨੂੰ ਹੁਕਮ ਹੋਯਾ ਕਿ ਗੋਲਾ ਬਾਰੀ ਕਰੋ। ਬਸ ਓਥੇ ਤਾਂ ਹੁਕਮ ਦੀ ਹੀ ਦੇਰ ਸੀ, ਮਮਤਾ ਦੀ ਤੋਪ ਪਰ ਲਾਲਚ ਦਾ ਪਲੀਤਾ ਪਇਆ। ਧਨ-ਨਨਾ ਧੰਨ ਕਰਦਾ ਕੂੜ ਦਾ ਗੋਲਾ ਫੌਜ ਵਿਚ ਆਣ ਪਿਆ। ਇਸ ਗੋਲੇ ਬਾਰੀ ਨੇ ਬਹੁਤ ਹੀ ਨੁਕਸਾਨ ਪਹੁੰਚਾਇਆ। ਇਧਰੋਂ ਕਲਜੁਗ ਦੀ ਫੌਜ ਇਕੋ ਵਾਰੀ ਪੈ ਗਈ। ਇਧਰੋਂ ਮੀਆਂ ਕੰਜਰ ਹੁਸਨ ਸ਼ਾਹ ਨੇ ਕੋਈ ਕਲਮਾ ਪੜ ਪੜ ਕੇ ਹਥਾਂ ਦੀਆਂ ਚੂੜੀਆਂ ਚਕ੍ਰਾਂ ਵਾਂਗ ਚਲਾਉਣੀਆਂ ਅਰੰਭੀਆਂ। ਉਪਰੋਂ ਗੋਲਿਆਂ ਨੇ ਧੂਆਂਧਾਰ ਅੰਧਕਾਰ ਕਰ ਦਿਤਾ। ਇਸ ਲੜਾਈ ਵਿਚ ਸਿੰਘਾਂ ਦੀ ਫੌਜ ਬਹੁਤ ਕੰਮ ਆਈ। ਪਰ ਆਪਣੀ ਵਲੋਂ ਜਾਨਾਂ ਤੋੜ ਤੋੜ ਕੇ ਇਜੇਹੇ ਲੜੇ ਕਿ ਲਹੂ ਦੀਆਂ ਨਦੀਆਂ ਵਹਾ ਦਿਤੀਆਂ। ਲੋਥਾਂ ਨਾਲ ਮੈਦਾਨ ਭਰਪੂਰ ਕਰ ਦਿਤਾ। ਓੜਕ ਨੂੰ ਖ਼ਾਲਸਾ ਜੀ ਦੇ ਪੈਰ ਹਿਲ ਗਏ। ਇਸ ਵੇਲੇ ਸਰਦਾਰ ਸੇਵਾ ਸਿੰਘ ਨੇ ਬਾਜ਼ ਦੀ ਤਰਹ ਇਕ ਝਪਟਾ ਮਾਰਿਆ। ਫੌਜ ਨੂੰ ਫਿਰ ਲੜਨ ਦੀ ਤਾਕਤ ਹੋ ਗਈ ਤੇ ਸਰਦਾਰ ਬੇਨਤੀ ਸਿੰਘ ਤੇ ਬਾਣੀ ਸਿੰਘ ਦੀ ਕੁਮਕ ਪੌਹਚਣ ਕਰਕੇ ਅਤੇ ਦੁਸ਼ਮਨ ਦੀ ਫੌਜ ਉਤੇ ਐਸਾ ਜੋਰ ਪਿਆ ਕਿ ਪਿਛੇ ਹਟ ਗਈ। ਇਧਰੋਂ ਤਿੰਨਾਂ ਹੀ ਸ੍ਰਦਾਰਾਂ ਨੇ ਮਿਲ ਕੇ ਓਹ ਤਲਵਾਰ ਵਾਹੀ ਕਿ ਕਲਜੁਗ ਦੀ ਫੌਜ ਲੋਥਾਂ ਦੀ ਸੂਰਤ ਵਿਚ ਦਿਸਣ ਲਗ ਪਈ। ਜਦ ਫੌਜ ਨੇ ਭਾਂਜ ਖਾਧੀ ਤਾਂ ਕਲਜੁਗ ਨੇ ਆਪਣਿਆਂ ਬਹਾਦਰਾਂ ਨੂੰ ਲਲਕਾਰਿਆ। ਇੰਨੇ ਤਾਂਈ ਵਾਹਿਗੁਰੂ ਸਿੰਘ ਨੇ ਕਲਜੁਗ ਨੂੰ ਕਾਬੂ ਕੀਤਾ। ਮੁਸ਼ਕਾਂ ਬੰਨ ਕੇ ਕੈਦ ਕਰ ਲਿਆ। ਜ਼ਿਸ ਵੇਲੇ ਕੁਬੁਧਿ ਚਾਰ ਕਮਾਨ ਦੇ ਚਬੂਤ੍ਰੇ ਤੋਂ ਮਮਤਾ ਦੀ ਤੋਪ ਚਲਨ ਲਗੀ ਸੀ ਓਸੇ ਵੇਲੇ ਸਰਦਾਰ ਗਿਆਨ ਸਿੰਘ ਨੇ ਗੋਲਅੰਦਾਜ਼ ਬ੍ਰਹਮ ਸਿੰਘ ਨੂੰ ਸਮਝਾਇਆ ਕਿ ਸੇਧ ਠੀਕ ਕਰੋ। ਸੁਰਤਿ ਦੀ ਤੋਪ ਵਿਚ ਗੁਰ ਬਾਣੀ ਦੀ ਥੈਲੀ ਪਾਕੇ ਸ਼ਬਦ ਦਾ ਸੁੰਬਾ ਫੇਰ ਦਿਓ। ਹੁਣ ਠੀਕ ਵੇਲਾ ਦੇਖਕੇ ਸਹਜ ਜੋਗ ਦੀ ਅਗ ਨਾਲ ਪ੍ਰੇਮ ਦਾ ਪਲੀਤਾ ਬ੍ਰਹਮ ਸਿੰਘ ਨੇ ਦਾਗ ਦਿਤਾ। ਇਹ ਤੋਪ ਧਨ-ਨਨ ਧੰਨ ਸ਼ਬਦ ਕਰਦੀ ਹੋਈ ਚੱਲੀ। ਇਕ ਅਖ ਦੇ ਫੋਰ ਵਿਚ

ਗੋਲਾ ਗਰੂਰ ਖਾਂ, ਜਨਰਲ ਦੀ ਛਾਤੀ ਵਿਚ ਲਗਾ। ਲਗਦਿਆਂ ਹੀ ਕੁਬੁਧ ਚਾਰ ਕਮਾਨ ਦੇ ਚਬੂਤ੍ਰੇ ਤੋਂ ਦੜ ਕਰਦਾ ਹੇਠ ਆ ਪਇਆ। ਰਾਣੀ ਰੂਪ ਕੌਰ ਕਲਜੁਗ ਦਾ ਕੈਦ ਹੋਣਾ ਦੇਖ ਰਹੀ ਸੀ, ਉਪਰੋਂ ਕਿਸੇ ਨੇ ਖਬਰ ਦਿਤੀ ਕਿ ਰਾਣਾ ਅਭਿਮਾਨ ਚੰਦ, ਜੋ ਕਲ ਪਰਸੋਂ ਤੋਂ ਜ਼ਖਮੀ ਹੋਇਆ ਸਾ, ਮਰ ਗਿਆ ਹੈ। ਜਨਰਲ ਦਾ ਇਕੋ ਵਾਰ ਨਾਲ ਉਛਲ ਕੇ ਡਿਗਣਾ ਰਾਣੀ ਨਾ ਸਹਾਰ ਸਕੀ। ਅਖਾਂ ਅਗੇ ਹਨੇਰਾ ਆ ਗਿਆ। ਪੈਰਾਂ ਹੇਠੋਂ ਮਹਲ ਨਿਕਲ ਗਿਆ। ਘੇਰਨੀ ਖਾਕੇ ਓਹ ਭੀ ਹੇਠ ਡਿਗ ਪਈ। ਦੈਵ ਨੇਤ ਨਾਲ ਹੇਠ ਨਿਮਾਣੋਂ ਗੋਲੀ ਖਲੋਤੀ ਸੀ ਉਸਨੇ ਬੋਚ ਲਿਆ। ਅਪਣੀ ਗੋਦੀ ਵਿਚ ਪਾਕੇ ਅੰਦਰ ਮਹਲ ਵਿਚ ਪਲੰਘ ਤੇ ਲਿਜਾਕੇ ਲਿਟਾ ਦਿਤਾ।

**"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ" ॥੧੯੪॥**

[ਪੰ: ੧੩੭੪]

ਓਧਰ ਸਤ ਸਿੰਘ, ਸੰਤੋਖ ਸਿੰਘ ਅਤੇ ਸਿਮਰਨ ਸਿੰਘ ਜੇਹੇ ਬਹਾਦਰਾਂ ਨੇ ਤ੍ਰਿਗੁਣੀ ਖਾਈ ਲੰਘਕੇ ਦਰਵਾਜੇ ਤੋੜ ਦਿਤੇ। ਬਾਹਰਲੀ ਛੇੜਾਂ ਦੀ ਫੌਜ ਕੁਝ ਮਾਰੀ ਗਈ, ਕੁਝ ਆਪਣੇ ਪ੍ਰਾਨ ਬਚਾਕੇ ਨਸ ਭਜ ਕੇ ਕਵਾਂ ਕੁਤਾਂ ਹੋ ਗਈ। ਮੜੌਲੀ ਦਾ ਕਿਲ੍ਹਾ ਫ਼ਤੇ ਹੋ ਗਿਆ। ਸਰਦਾਰਾਂ ਨੇ ਦਰਵਾਜੇ ਤੋਂ ਬੁਰਜ ਚਬੂਤ੍ਰੇ ਸਭ ਹਥੋ ਹਥੀ ਢਾਹ ਸਿਟੇ।

**"ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥**
**ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥੪॥**
**ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥**
**ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥੫॥**
**ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥**
**ਦਾਸ ਕਬੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ" ॥੬॥**

[ਭੈ:ਕਬੀ: ਪੰ: ੧੧੬੧]

ਰਾਣੀ ਰੂਪ ਕੌਰ ਦੀ ਢੂੰਢ ਭਾਲ ਹੋਣ ਲਗੀ, ਤਾਂ ਬੜੀ ਮੁਸ਼ਕਲ ਨਾਲ ਮਹਲਾਂ ਦੇ ਅੰਦਰ ਬੇਹੋਸ਼ ਪਈ ਹੋਈ ਲਭੀ, ਨਿਮਾਣੋ ਗੋਲੀ ਸਿਰਹਾਣੇ ਬੈਠੀ ਹੋਸ਼ ਦੀ ਦਵਾ ਸੁੰਘਾ ਰਹੀ ਸੀ। ਉਪਰਾਮ ਕੌਰ ਪਖਾ ਝਲ ਰਹੀ ਸੀ। ਮੀਆਂ ਸ਼ਊਰ ਖਾਂ ਅਤੇ ਅਦਲੋ ਗੋਲੀ ਲਕ ਬਧੀ ਸੇਵਾ ਵਿਚ ਹਾਜ਼ਰ ਸਨ। ਇਜੇਹੇ ਵੇਲੇ ਇਸੇ ਹਾਲਤ ਵਿਚ ਰਾਣੀ ਪਹਰੇ ਅੰਦਰ ਕੀਤੀ ਗਈ। ਸਰਦਾਰ ਸੰਤ ਸਿੰਘ ਅਤੇ ਸਿਮਰਨ ਸਿੰਘ ਨੇ ਰਾਣੀ ਨੂੰ ਡੋਲੀ ਵਿਚ ਪਵਾਇਕੇ ਮਹਾਰਾਜ ਪਾਸ ਲੈ ਚਲਣ ਲਈ ਤਿਯਾਰੀ ਕੀਤੀ।

**"ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ॥**
**ਵੰਨ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ॥**
**ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁਸੀ॥**
**ਮਨਿ ਮੁਖਿ ਗਲਾਂ ਗੋਈਆਂ ਕੀਤਾ ਚਾਉ ਰਲੀ॥**
**ਨਾਨਕ ਸਚੇ ਨਾਮ ਬਿਨੁ ਸਿਰਖੁਰ ਪਤਿ ਪਾਟੀ" ॥੨॥**

[ਵਾਰ ਮਾ:ਮ:੧ ਪਉੜੀ ੨੦ਵੀਂ, ਪੰ: ੧੨੮੭]

ਰਾਜਕੁਮਾਰ ਮੰਨਾ ਸਿੰਘ ਦੀ ਢੂੰਢ ਭਾਲ ਹੋਈ। ਪਤਾ ਕੁਝ ਨ ਲਗਾ। ਰਾਣੀ ਬੇਹੋਸ਼ ਹੈ, ਗੋਲੀਆਂ ਭੇਸ ਬਦਲਾ ਕੇ ਨਸ ਗਈਆਂ। ਇਕ ਅਦਲੋ ਅਤੇ ਦੂਜਾ ਸ਼ਊਰ ਖਾਂ ਸੋ ਭੀ ਪਥਰ ਦੀ ਮੂਰਤਿ ਵਾਕਰ ਅਚਲ ਦੀਵਾਰ ਨਾਲ ਲਗੇ ਖਲੋਤੇ ਹਨ। ਸਰਦਾਰਾਂ ਨੇ ਖਿਝ ਕੇ ਹੁਕਮ ਦਿਤਾ ਕਿ ਮੜੌਲੀ ਦਾ ਘਰ ਘਰ ਢੂੰਢੋ ਤੇ ਲੁਕਵੀਆਂ ਜਗਾ ਢਾਹਿਕੇ ਸਾਫ਼ ਕਰ ਦਿਓ। ਹੁਕਮ ਹੁੰਦੇ ਹੀ ਤਾਮੀਲ ਲਗੀ ਹੋਣ, ਮਹਾਰਾਜ ਦਾ ਵਾਕ ਸਚਾ ਹੋ ਗਿਆ।

**"ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ॥**
**ਇਕਨੀ ਲਦਿਆ ਇਕ ਲਦਿ ਚਲੇ ਇਕਨੀ ਬਧੇ ਭਾਰ॥**
**ਇਕਨਾ ਹੋਈ ਸਾਖਤੀ ਇਕਨਾ ਹੋਈ ਸਾਰ॥**
**ਲਸਕਰ ਸਣੇ ਦਮਾਮਿਆ ਛੁਟੇ ਬੰਕ ਦੁਆਰ॥**
**ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ॥੧॥**

**ਮ:੧ ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥**
**ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ" ॥੨॥**

[ਸਾਰੰਗ ਦੀ ਵਾਰ ਸਲੋਕ ਮ:੧, ਪੰ: ੧੨੪੪]

ਇਨੇ ਤਕ ਫਤੇ ਦੀਆਂ ਖਬਰਾਂ ਮਹਾਰਾਜ ਤਕ ਸਰਦਾਰ ਜਗਜਾਸਾ ਸਿੰਘ ਨੇ ਬੜੇ ਅਦਬ ਨਾਲ ਪੁਚਾਈਆਂ ਤੇ ਧੰਨਵਾਦ ਸਹਿਤ ਬੇਨਤੀ ਕੀਤੀ ਜੋ:-

**ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ॥**
**ਮਾਰਗ ਪਾਏ ਉਦਿਆਨ ਮਹਿ ਗੁਰ ਦਸੇ ਭੇਤ॥੧॥**
**ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥**
**ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥**
**ਪੰਚ ਚੋਰ ਆਗੇ ਭਗੇ ਜਬ ਸਾਧ ਸੰਗੇਤ॥**
**ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥**
**ਨਿਹਚਲ ਆਸਣੁ ਮਿਟੀ ਚਿੰਤ ਨਾਹੀਂ ਡੋਲੇਤ॥**
**ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥੩॥**
**ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ॥**
**ਨਾਨਕ ਪਾਇਆ ਸਾਧ ਸੰਗਿ ਹਰਿ ਹਰਿ ਅੰਮ੍ਰਿਤ॥੪॥੯॥੩੯॥**

[ਬਿਲਾ: ਮ:੫, ਪੰ: ੮੧੦]

ਮਹਾਰਾਜ ਨੇ ਆਪੋ ਆਪਣੇ ਸਰਦਾਰਾਂ ਪਰ ਖੁਸ਼ੀ ਪਰਗਟ ਕੀਤੀ ਅਤੇ ਹੁਕਮ ਕੀਤਾ ਕਿ ਜੋ ਜੋ ਦੁਸ਼ਮਨ ਕੈਦ ਕੀਤੇ ਹਨ ਓਹ ਹਾਜ਼ਰ ਕਰੋ ਅਤੇ ਟਿਕਾ ਸਾਹਿਬ ਨੂੰ ਜਲਦੀ ਲਿਆਓ। ਇਸ ਹੁਕਮ ਦੀ ਤਾਮੀਲ ਕਰਨ ਲਈ ਸਿੰਘਾਂ ਦੀ ਕੁਝ ਹੋਰ ਫੌਜ ਹੁੰਮ ਹੁੰਮਾ ਕੇ ਮੜੌਲੀ ਪਰ ਪਹੁੰਚੀ। ਅਗੋ ਮੜੌਲੀ ਨੂੰ ਢਾਹ ਲਗੀ ਹੋਈ ਹੈ। ਰਾਣੀ ਬੇਹੋਸ਼ ਪਈ ਹੈ, ਰਾਜਕੁਮਾਰ ਦਾ ਪਤਾ ਨਹੀਂ ਲਗਦਾ। ਪਤ ਪਤ ਢੂੰਡ ਹੋ ਰਹੀ ਹੈ, ਉਪਰੋਂ ਜਲਦੀ ਰਾਜਕੁਮਾਰ ਨੂੰ ਲਿਆਓ ਵਾਲੇ ਹੁਕਮ ਨੇ ਗ਼ਜ਼ਬ ਕਰ ਦਿਤਾ। ਸਰਦਾਰਾਂ ਦੇ ਪੈਰਾਂ ਹੇਠੋਂ ਮਿਟੀ ਨਿਕਲ ਗਈ। ਜਿਸ ਰਾਜਕੁਮਾਰ ਵਾਸਤੇ ਇਡਾ ਭਾਰਾ ਜੁਧ ਜੰਗ ਹੋਇਆ, ਇਡੇ ਖੂਨ

ਖਰਾਬੇ ਹੋਏ ਉਸਦਾ ਕੋਈ ਪਤਾ ਨਹੀਂ ਲਗਦਾ। ਇੰਨੇ ਤਕ ਇਕ ਸਰਦਾਰ ਨੇ ਆਖਿਆ, ਭਈ ਏਥੇ ਵਸਣ ਵਾਲਿਆਂ ਤੋਂ ਪੁਛ ਦਸ ਕਰੋ ਤਾਂ ਪਤਾ ਲਗੇਗਾ, ਸਾਨੂੰ ਲਭਨਾ ਕਠਨ ਹੈ।

ਇੰਨੇ ਤਕ ਰਾਣੀ ਲਈ ਡੋਲੀ ਤਜਾਰ ਹੋ ਕੇ ਆ ਗਈ ਤਾਂ ਸਰਦਾਰ ਸੇਵਾ ਸਿੰਘ ਜੀ ਨੇ ਨਿਮਾਣੋ ਗੋਲੀ ਨੂੰ ਪੁਛਿਆ ਕਿ ਰਾਜਕੁਮਾਰ ਦਾ ਪਤਾ ਦਿਓ ਕਿਥੇ ਹੈ? ਉਤ੍ਰ ਵਿਚ ਨਿਮਾਣੋ ਸਿਰ ਅਖਾਂ ਨੀਵੀਆਂ ਕਰ ਕੇ ਚੁਪ ਰਹਿ ਗਈ। ਫਿਰ ਉਪਰਾਮ ਕੌਰ ਵਲ ਰੁਖ ਕਰਕੇ ਪੁਛਿਆ ਕਿ ਤੂੰ ਏਥੇ ਹਾਜ਼ਰ ਹੈ, ਪਰ ਰਾਜਕੁਮਾਰ ਹਾਜ਼ਰ ਨਹੀਂ, ਓਹ ਕਿਥੇ ਹੈ? ਉਪਰਾਮ ਕੌਰ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜਿਸ ਵੇਲੇ ਇਹ ਜੰਗ ਛਿੜਿਆ ਸੀ, ਉਸ ਵੇਲੇ ਤੋਂ ਰਾਜਕੁਮਾਰ ਨੂੰ ਰਾਣੀ ਨੇ ਕੁਝ ਅਮਲ ਪਿਲਾ ਦਿਤਾ ਸੀ। ਓਸ ਵੇਲੇ ਤੋਂ ਇਸ ਸ਼ਊਰ ਖਾਂ ਦੇ ਪਿਛਲੇ ਪਾਸੇ ਕੋਠੜੀ ਵਿਚ ਸੁਤੇ ਪਏ ਹਨ। ਜਦ ਇਹ ਖਬਰ ਮਿਲੀ ਤਾਂ ਸਰਦਾਰ ਨੇ ਸ਼ਊਰ ਖਾਂ ਨੂੰ ਖੂਬ ਡਾਂਟਿਆ ਅਤੇ ਆਪ ਅਗੇ ਵਧਕੇ ਰਾਜਕੁਮਾਰ ਨੂੰ ਬੇਹੋਸ਼ ਲਭ ਲਿਆ। ਚੁਕ ਕੇ ਬਾਹਰ ਹਵਾ ਵਿਚ ਲਿਆਂਦਾ। ਪਖਾ ਕੀਤਾ, ਗੁਲਾਬ ਦੇ ਛਟੇ ਮਾਰੇ ਕੋਈ ਸੁਗੰਧੀ ਸੁੰਘਾਈ, ਹਿਲਾ ਜੁਲਾ ਅਵਾਜ਼ਾਂ ਮਾਰ ਕੇ ਜਗਾਇਆ ਅਤੇ ਖੁਸ਼ਖਬਰੀ ਸੁਣਾਈ ਕਿ 'ਮੜ੍ਹੋਲੀ ਫਤੇ ਹੋ ਗਈ'। ਆਪ ਨੂੰ ਮਹਾਰਾਜ ਜੀ ਯਾਦ ਕਰਦੇ ਹਨ, ਜਲਦੀ ਚਲੀਏ। ਦੂਜੇ ਪਾਸੇ ਸ੍ਰਦਾਰਾਂ ਨੇ ਰੂਪ ਕੌਰ ਨੂੰ ਡੋਲੀ ਵਿਚ ਪਾਕੇ ਨਿਮਾਣੋ ਗੋਲੀ, ਅਦਲੋ ਗੋਲੀ, ਸ਼ਊਰ ਖਾਂ ਗੁਲਾਮ ਤੇ ਉਪਰਾਮ ਕੌਰ ਦੇ ਮੋਢੀਂ ਚੁਕਾਇਆ ਅਤੇ ਇਧਰ ਰਾਜਕੁਮਾਰ ਮੰਨਾ ਸਿੰਘ 'ਵਿਚਾਰ ਘੋੜੇ' ਪਰ ਸਵਾਰ ਹੋਇਆ, ਸਾਰੀ ਫੌਜ ਨਾਲ ਹੋਕੇ ਖੁਸ਼ੀ ਅਤੇ ਫਤੇ ਦੇ ਜੈਕਾਰੇ ਗਜਾਉਂਦੀ ਹੋਈ ਮਹਾਰਾਜ ਜੀ ਦੀ ਹਜ਼ੂਰੀ ਵਲ ਰਵਾਨਾ ਹੋਈ। ਰਾਹ ਵਿਚੋਂ ਵਾਹਗੁਰੂ ਸਿੰਘ ਨੂੰ ਜੋ ਕਲਜੁਗ ਨੂੰ ਕਾਬੂ ਕਰੀ ਖਲੋਤਾ ਸੀ ਨਾਲ ਲੈ ਲਿਆ। ਇਧਰੋਂ ਮਹਾਰਾਜ ਵੀ ਮੰਤ੍ਰੀ ਅਤੇ ਸਰਦਾਰ ਗਿਆਨ ਸਿੰਘ ਅਤੇ ਕਮਾਨੀਅਰ ਨੇਮ ਸਿੰਘ ਸਮੇਤ ਸਹਜੇ ਸਹਜੇ ਅਗੇ ਵਧੇ। ਅਗੋਂ ਫੌਜੀ ਸਰਦਾਰ ਕੈਦੀਆਂ ਨੂੰ ਲਈ ਆਉਂਦੇ ਹੋਏ ਮਿਲੇ। ਮਹਾਰਾਜ ਨੇ ਕਮਾਨੀਅਰ ਨੂੰ ਹੁਕਮ ਦਿਤਾ ਕਿ ਫੌਜ ਦੀ ਸੰਭਾਲ ਕਰੋ। ਥਕੇ ਮਾਂਦਿਆਂ ਦੀ ਖਬਰ-ਗੀਰੀ ਕਰੋ। ਸਹੀਦਾਂ ਦੇ ਸਸਕਾਰ ਦਾ ਬੰਦੋਬਸਤ

ਕਰੋ। ਘਾਇਲਾਂ ਨੂੰ ਡੋਲੀਆਂ ਵਿਚ ਪਵਾਕੇ ਕਿਲੇ ਨੂੰ ਭੇਜੋ ਤਾਕਿ ਝਟ ਪਟ ਮਲਮ ਪਟੀ ਹੋ ਜਾਵੇ। ਕਮਾਨੀਅਰ ਏਸ ਹੁਕਮ ਦੀ ਤਾਮੀਲ ਵਿਚ ਲਗਾ। ਇਧਰੋਂ ਰਾਣੀ ਰੂਪ ਕੌਰ ਦੀ ਡੋਲੀ ਨੇੜੇ ਪਹੁੰਚ ਗਈ। ਰਾਣੀ ਨੂੰ ਰਾਹ ਵਿਚ ਸ਼ਊਰ ਖਾਂ ਨੇ ਅਵਾਜਾਂ ਮਾਰ ਮਾਰ ਕੇ ਹੋਸ਼ ਵਿਚ ਲਿਆਂਦਾ ਸੀ। ਜਦ ਡੋਲੀ ਕੈਂਪ ਦੇ ਅਗੇ ਪਹੁੰਚੀ ਤਾਂ ਰਾਣੀ ਨੇ ਝਟਪਟ ਉਤਰ ਕੇ ਗਲ ਪਲਾ ਮੂੰਹ ਘਾਹ ਲੈਕੇ ਤ੍ਰਾਹ ਤ੍ਰਾਹ ਕਰਦੀ ਨੇ ਏਹ ਤੁਕ ਮੂੰਹੋਂ ਕਢੀ-

**"ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ॥**
**ਜਿਨ੍ਹਾਂ ਨੇਹੁ ਦੂਜਾਣੈ ਲਗਾ ਝੂਰਿ ਮਰਹੁ ਸੇ ਵਾਢੀਆ॥"**

[ਸੂਹੀ ਮਹਲਾ ੫, ਅਸਟਪਦੀ, ਪੰ: ੭੬੧]

ਇਹ ਕਹਿੰਦੀ ਮਹਾਰਾਜ ਦੇ ਚਰਣਾਂ ਤੇ ਢਹਿ ਪਈ ਅਤੇ ਰੋ ਰੋ ਕੇ ਮਹਾਰਾਜ ਦੇ ਚਰਨ ਕਮਲ ਧੋ ਦਿਤੇ। ਮਹਾਰਾਜ ਨੇ ਆਖਿਆ ਉਠੋ, ਹੁਣ ਆਪਣਾ ਆਪ ਸਮ੍ਹਾਲੋ। ਜੋ ਕੁਝ ਤੁਸਾਂ ਕੀਤਾ ਉਸਦਾ ਫਲ ਪਾਇਆ। ਹੋਰ ਜੋ ਕੁਝ ਕਰੋਗੇ ਉਸਦਾ ਫਲ ਪਾਓਗੇ।

**"ਨਿਰਵੈਰੈ ਸੰਗਿ ਵੈਰੁ ਰਚਾਵੇ ਹਰਿ ਦਰਗਹਿ ਓਹੁ ਹਾਰੈ॥**
**ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ॥"**

[ਸਾਰਗ ਮ:੫, ਪੰ: ੧੨੧੭]

ਰਾਣੀ ਦਾ ਰੋਂਦਿਆਂ ਰੋਂਦਿਆਂ ਗਲਾ ਰੁਕ ਗਿਆ ਸੀ। ਹਿਚਕੀਆਂ ਲਗ ਗਈਆਂ ਸਾਨ। ਨੇਤ੍ਰਾਂ ਤੋਂ ਅਸਗਾਹ ਪ੍ਰਵਾਹ ਹੰਝੂਆਂ ਦਾ ਚਲ ਰਿਹਾ ਸੀ ਅਤੇ ਹਰ ਹਡਕੋਰੇ ਹਿਚਕੀ ਨਾਲ ਇਹੋ ਮੂੰਹੋਂ ਨਿਕਲਦਾ ਸੀ।

**"ਅਬ ਹਮ ਚਲੀ ਠਾਕੁਰ ਪਹਿ ਹਾਰਿ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥੧॥ਰਹਾਉ॥ ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥੧॥ ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥੨॥"** [ਦੇਵ ਗੰਧਾਰੀ ਮ:੩, ਪੰ: ੫੨੭]

ਇਸ ਘਿਘਿਆਉਣ ਅਤੇ ਰੋ ਰੋ ਕੇ ਬੇਨਤੀ ਕਰਨ ਤੇ ਮਹਾਰਾਜ ਦਾ ਹ੍ਰਿਦਾ ਦ੍ਰਵ ਆਇਆ ਅਤੇ ਬਚਨ ਕੀਤਾ ਕਹੁ ਇਸ ਵੇਲੇ ਕੀ ਚਾਹੀਦਾ ਹੈ?

ਰਾਣੀ ਬਹੁਤ ਹੀ ਨਿਮ੍ਰ ਹੋਕੇ ਗਲੇ ਰੁਕੇ ਹੋਏ ਦੀ ਟੁਟਦੀ ਅਵਾਜ ਵਿਚ ਬੋਲੀ: ਸਚਿਆ ਪਾਤਸਾਹ! ਜੋ ਕੁਝ ਕਸੂਰ ਇਸ ਦਾਸੀ ਪਾਸੋਂ ਹੋਇਆ ਇਹ ਸਾਰਾ ਦਵੈਤ ਦੀ ਸੰਗਤ ਹੋਣੇ ਕਰਕੇ ਹੋਇਆ ਸੋ ਅਪਣੇ ਕੀਤੇ ਦੀ ਸਜਾ ਪਾਈ ਮੈਂ ਇਸ ਵੇਲੇ–

**"ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ।"**

[ਤੁਖਾਰੀ ਮ:੧, ਪੰ: ੧੧੦੮]

ਆਪ ਦੇ ਦਰ ਤੇ ਪਈ ਹਾਂ। ਹੁਣ ਆਪ ਨੂੰ ਸਰਣ ਪਇਆਂ ਦੀ ਲਾਜ ਹੈ। ਅਪਣੇ ਜੋੜਿਆਂ ਵਿਚ ਜਗਾਹ ਬਖਸ਼ੋ। ਸਤਿਸੰਗ ਦੇ ਦਰ ਤੇ ਪਈ ਰਹਿਣ ਦਿਓ। ਗਰੀਬ ਨਵਾਜ ਜੀ ਮੈਂ ਸੁਮਤੀ ਦੇ ਜੋੜੇ ਝਾੜਾਂਗੀ। ਘਰ ਦਾ ਝਾੜੂ ਬਹਾਰੀ ਕਰਾਂਗੀ। ਪਾਣੀ ਢੋਵਾਂਗੀ, ਪਖਾ ਕਰਾਂਗੀ, ਖੜੋਤੀ ਸੇਵਾ ਕਰਾਂਗੀ। ਅਪਣੇ ਨਾਮ ਦੇ ਵਾਸਤੇ ਬਿਰਦ ਦੀ ਲਾਜ ਰਖੋ। ਅਪਣੇ ਦਰ ਤੇ ਪਈ ਰਹਿਣ ਦਿਓ। ਇਸ ਜਗਾ ਦਰਗਾਹ ਦੀਆਂ ਗੋਲੀਆਂ ਦੀ ਪੜਗੋਲੀ ਹੋਕੇ ਰਹਾਂਗੀ। ਇਹ ਕਹਿੰਦੀ ਹੋਈ ਫਿਰ ਪੈਰਾਂ ਤੇ ਡਿਗ ਪਈ। ਬਖਸ਼ ਲਓ। ਰਖ ਲਓ, ਰਖ ਲਓ। ਹੁਣ ਕੋਈ ਜਗਾਹ ਨਹੀਂ। –

**"ਦਰੁ ਬੀਭਾ ਮੈ ਨੀਮਿ੍ ਕੋ ਕੈ ਕਰੀ ਸੁਲਾਮੁ॥**
**ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ॥"**

[ਆਸਾ ਮ: ੧ ਕਾਫੀ ਅਸਟਪਦੀ, ਪੰ: ੪੧੮]

ਇਹ ਵਿਲਕਣੀਆਂ ਦੇਖ ਸੁਣ ਕੇ ਮਹਾਰਾਜ ਦੇ ਚਿਤ ਵਿਚ ਦਯਾ ਤਾਂ ਉਪਜੀ ਪਰ ਪਹਿਲੇ ਧੋਖਿਆਂ ਅਤੇ ਫਰੇਬਾਂ ਝੂਠਾਂ ਨੇ ਦਯਾ ਨੂੰ ਰਾਹ ਵਿਚ ਰੋਕਿਆ। ਇਸ ਲਈ ਹੁਕਮ ਹੋਇਆ, ਇਸ ਨੂੰ ਅਜੇ ਪਹਿਰੇ ਵਿਚ ਰਖੋ। ਹੋਰ ਕੋਈ ਕੈਦੀ ਹੈ, ਤਾਂ ਪੇਸ਼ ਕਰੋ। ਇਸ ਹੁਕਮ ਪਰ ਮੰਤ੍ਰੀ ਨੇ ਰਾਜਾ ਕਲਜੁਗ ਕੈਦੀ ਨੂੰ ਪੇਸ਼ ਕੀਤਾ। ਕਿਤਨੇ ਕੁ ਮੰਤ੍ਰੀ ਵੀ ਇਸਦੇ ਨਾਲ ਹੀ ਪੇਸ਼ ਹੋਏ।

ਕਲਜੁਗ ਦੀ ਦਸ਼ਾ ਇਸ ਵੇਲੇ ਬੜੀ ਹੀ ਅਚਰਜ ਸੀ। ਕਾਲਾ ਧੂਤ ਰੰਗ ਦਾ, ਬੜਾ ਡਰਾਉਣਾ ਸਰੀਰ, ਸਿਰ ਤੇ ਬਾਲ ਖਿੰਡੇ ਹੋਏ, ਅਖੀਆਂ ਦੀ ਲਾਲੀ ਫੁਟ ਫੁਟ ਕੇ ਅਖੀਆਂ ਸਮੇਤ ਬਾਹਰ ਨਿਕਲਣ ਨੂੰ ਕਰਦੀ ਸੀ। ਅਵਧੂਤ ਨੰਗਾ ਮੁੰਗਾ, ਥੋੜਾ ਜੇਹਾ ਚਮੜਾ ਲਕ ਦੁਆਲੇ ਲਪੇਟੀ, ਮਸਤ ਹਾਥੀ ਵਾਕਰ ਨਿਡਰ ਅਤੇ ਸਰੀਰ ਦਾ ਭਾਰਾ ਦਗੜ-ਦੁਲਾ ਜੇਹਾ, ਹਥ ਜੋੜੀ ਗਲ ਪਲਾ ਪਾਈ ਮੂੰਹ ਵਿਚ ਘਾਹ ਦੇ ਤਿਨਕੇ ਲਈ ਤ੍ਰਾਹਿ ਤ੍ਰਾਹਿ ਕਰਕੇ ਮਹਾਰਾਜ ਦੇ ਚਰਨਾਂ ਅਗੇ ਡਿਗ ਪਿਆ।

ਮਹਾਰਾਜ ਨੇ ਪੁਛਿਆ ਇਸ ਨੂੰ ਕਿਸ ਨੇ ਪਕੜਿਆ ਸੀ। ਮੰਤ੍ਰੀ ਨੇ ਹਥ ਜੋੜ ਕੇ ਬੇਨਤੀ ਕੀਤੀ ਮਹਾਰਾਜ ਜੀ ਭਾਈ ਵਾਹਿਗੁਰੂ ਸਿੰਘ ਨੇ ਕੀਰਤਨ ਸਿੰਘ ਦੀ ਮਦਦ ਨਾਲ ਸਾਥੀਆਂ ਸਮੇਤ ਪਕੜਿਆ ਸੀ, ਦੁਸ਼ਮਨ ਦੀ ਸਾਰੀ ਫੌਜ ਵਿਚੋਂ ਇਹ ਭਾਰਾ ਲੜਾਕਾ ਸੀ ਇਸ ਨੇ ਸਾਡੀ ਫੌਂਜ ਦੇ ਬੜੇ ਆਹੂ ਲਾਹੇ ਸਨ।

ਕਲਜੁਗ ਨੇ ਹਥ ਜੋੜ ਕੇ ਬੜੇ ਅਦਬ ਨਾਲ ਬੇਨਤੀ ਕੀਤੀ ਜੋ ਲੜਾਈ ਵਿਚ ਹਰ ਇਕ ਆਪਣੀ ਜਿਤ ਦੀ ਉਮੈਦ ਤੇ ਇਹੋ ਕੁਝ ਕਰਦਾ ਹੈ। ਪਰ ਹੁਣ ਮੈਂ ਆਪਦਾ ਕੈਦੀ ਹਾਂ, ਜੋ ਚਾਹੋ ਕਰੋ। ਇਸ ਪਰ ਮਹਾਰਾਜ ਨੇ ਬਚਨ ਕੀਤਾ ਕੇ ਤੇਰੇ ਲਾਇਕ ਸਜਾ ਫਾਸੀ ਦੀ ਹੋਣੀ ਚਾਹੀਦੀ ਹੈ, ਜਾਂ ਤੋਪ ਅਗੇ ਰਖਾ ਕੇ ਤੈਨੂੰ ਉਡਾ ਦਿਤਾ ਜਾਵੇ ਤਾਂ ਠੀਕ ਹੈ, ਪਰ ਇਸ ਵੇਲੇ ਤੇਰਾ ਅਜੇ ਸਮਾਂ ਨਹੀਂ ਪੁਜਾ। ਅਕਾਲ ਪੁਰਖ ਦਾ ਹੁਕਮ ਨਹੀਂ ਆਇਆ ਕਿ ਤੈਨੂੰ ਨਿਰਮੂਲ ਕੀਤਾ ਜਾਵੇ। ਇਸ ਲਈ ਤੂੰ ਏਥੇ ਅਹਦਨਾਮਾ ਲਿਖ ਦੇਹ ਕਿ ਜਿਥੇ ਇਸ ਸਿੰਘਾਂ ਦੀ ਫੌਜ ਦਾ ਕੋਈ ਸੂਰਮਾ ਹੋਵੇ ਓਥੇ ਮੁਕਾਬਲਾ ਨਹੀਂ ਕਰਨਾ। ਨਿਉਂਕੇ ਚਲਨਾ ਹੋਵੇਗਾ। ਸਿੰਘਾਂ ਦੇ ਮੁਲਕ ਜਗੀਰਾਂ ਵਿਚ ਕਦੀ ਆਪਨੇ ਸ਼ਿਕਾਰ ਨਹੀਂ ਖੇਡਣਾ ਹੋਵੇਗਾ। ਇਸ ਬਚਨ ਪਰ ਕਲਜੁਗ ਸਤਿ ਬਚਨ ਆਖ ਕੇ ਕਲਮ ਕਾਗਜ਼ ਦਵਾਤ ਲੈ ਇਕਰਾਰਨਾਮਾ ਲਿਖਣ ਲਗਾ। ਪਰ ਰਤਾਕੁ ਠਹੰਬਰ ਕੇ ਕਹਿਣ ਲਗਾ:- ਸਚੇ ਪਾਤਸ਼ਾਹ ਮੇਰੀ ਇਸਤ੍ਰੀ ਕਲਿਹਿ ਅਤੇ ਮਿਰਜਾ ਖਾਨਹ-ਜੰਗੀ ਬੇਗ ਆਪਦੇ ਪਾਸ ਕੈਦੀ ਹਨ ਓਨਹਾਂ ਦਾ ਫੈਸਲਾ ਮੇਰੇ ਨਾਲ ਹੋਣਾ ਚਾਹੀਦਾ ਹੈ, ਕਿਉਂਕਿ ਓਹ ਮੇਰੇ ਹਨ। ਜਦ ਮੈਨੂੰ ਬਖਸ਼ਿਆ ਜਾਂਦਾ ਹੈ, ਤਾਂ ਉਨਹਾਂ ਤੇ ਵੀ ਮਿਹਰ ਦੀ ਨਜ਼ਰ ਹੋਣੀ ਚਾਹੀਏ।

ਇਸ ਬਾਤ ਪਰ ਮਹਾਰਾਜ ਨੇ ਮੰਤ੍ਰੀ ਵਲ ਰੁਖ ਕਰ ਕੇ ਹੁਕਮ ਕੀਤਾ ਉਨਾਂ ਨੂੰ ਭੀ ਜਲਦੀ ਪੇਸ਼ ਕਰੋ। ਇਸ ਹੁਕਮ ਪਰ ਝਟਪਟ ਦਰਖਤਾਂ ਨਾਲੋਂ ਕੈਦੀ ਖੋਲੇ ਗਏ ਅਤੇ ਹਜ਼ੂਰ ਅਗੇ ਪੇਸ਼ ਕੀਤੇ ਗਏ। ਮਹਾਰਾਜ ਨੇ ਦੋਵੇਂ ਕਲਜੁਗ ਦੇ ਹਵਾਲੇ ਕੀਤੇ ਅਤੇ ਬਚਨ ਕੀਤਾ ਕਿ ਇਹ ਆਪ ਸਮੇਤ ਇਸੇ ਅਹਦ ਪਰ ਚਲਨ ਜੋ ਕੁਝ ਤੂੰਨੇ ਲਿਖਿਆ ਹੈ। ਜਿਥੇ ਕੋਈ ਸਿੰਘ ਹੋਵੇ ਅਥਵਾ ਜਥਾ ਹੋਵੇ ਤੁਹਾਡੇ ਵਿਚੋਂ ਓਥੇ ਕੋਈ ਨਾ ਠਹਿਰੇ। ਸਿੰਘਾਂ ਦੀਆਂ ਮਾਲ ਦੀਆਂ ਜਾਗੀਰਾਂ ਪਿੰਡਾਂ ਗਿਰਾਵਾਂ ਵਿਚ ਤੁਸਾਂ ਵਾਸਾ ਨਹੀਂ ਕਰਨਾ। ਓਥੇ ਸ਼ਿਕਾਰ ਨਹੀਂ ਖੇਡਨਾ। ਓਸ ਰਈਯਤ ਨੂੰ ਕੋਈ ਤਕਲੀਫ਼ ਨਹੀਂ ਦੇਣੀ।

ਕਲਜੁਗ ਨੇ (ਬੜੇ ਅਦਬ ਅਤੇ ਨਿੰਮ੍ਰਤਾ ਨਾਲ) ਕਿਹਾ- ਜੀ ਸਤਿ ਬਚਨ ਤੇ ਇਹ ਇਕਰਾਰਨਾਮਾ ਲਿਖ ਦਿਤਾ।

"ਮੈਂ ਰਾਜਾ ਕਲਜੁਗ ਦੇਵ ਇਸ ਵੇਲੇ ਮਹਾਰਾਜ ਸ੍ਰੀ ਪਰਮਾਤਮ ਰੂਪ ਸਿੰਘ ਜੀ ਦਾ ਕੈਦੀ ਆਪਨੀ ਇਸਤ੍ਰੀ ਕਲਹਿ ਅਤੇ ਮਿਤ੍ਰ ਖਾਨਹ-ਜੰਗੀ ਸਮੇਤ ਮਹਾਰਾਜ ਦਾ ਧੰਨਵਾਦ ਕਰਦਾ ਹੋਇਆ ਅਹਦਨਾਮਾ ਲਿਖਦਾ ਹਾਂ ਕਿ ਅਜ ਤੋਂ ਅਗੇ ਮਹਾਰਾਜ ਦੀ ਫੌਜ ਦੇ ਸਿੰਘਾਂ ਦਾ ਕੋਈ ਸੂਰਮਾ ਅਥਵਾ ਪਿੰਡ ਜਾਗੀਰ ਜਿਥੇ ਹੋਣਗੇ, ਓਥੇ ਮੈਂ ਆਪਣਾ ਆਪ ਸਮੇਟ ਕੇ ਲਾਂਭੇ ਹੋ ਰਹਾਂਗਾ। ਕਿਸੇ ਤਰ੍ਹਾਂ ਦਾ ਕੋਈ ਦਖ਼ਲ ਨਹੀਂ ਦਿਆਂ ਗਾ। ਨਹੀਂ ਤਾਂ ਫਿਰ ਵਾਹਿਗੁਰੂ ਸਿੰਘ ਅਤੇ ਕੀਰਤਨ ਸਿੰਘ ਹੋਰਾਂ ਨੂੰ ਅਖਤਜਾਰ ਹੋਵੇਗਾ ਜੋ ਚਾਹੁਣ ਸਜਾ ਦੇ ਸਕਦੇ ਹਨ। ਪਰੰਤੂ ਜੇ ਕੋਈ ਸਿੰਘ ਆਪ ਮੈਨੂੰ ਬੁਲਾਏਗਾ ਅਤੇ ਮਹਾਰਾਜ ਦੀ ਰਯੈਤ ਹੋਣ ਤੋਂ ਬਾਗ਼ੀ ਹੋ ਕੇ ਮੇਰੇ ਪਾਸ ਆਵੇਗਾ ਤਾਂ ਮੇਰਾ ਕਸੂਰ ਮਾਫ਼ ਕਰਨ ਦੇ ਲਾਇਕ ਹੋਵੇਗਾ। ਓਹ ਲਾਚਾਰ ਮੇਰੀ ਰਿਆਸਤ ਵਿਚ ਵਸ ਸਕੇ ਗਾ। ਹਾਂ ਜੇਕਰ ਮਹਾਰਾਜ ਉਸ ਬਾਗ਼ੀ ਦੀਆਂ ਬਾਹਾਂ ਮੰਗਾਣ ਗੇ ਤਾਂ ਮੈਨੂੰ ਉਸ ਬਾਗ਼ੀ ਦੇ ਵਾਪਸ ਦੇਣ ਵਿਚ ਕੋਈ ਉਜਰ ਨ ਹੋਵੇਗਾ ਅਤੇ ਮੈਂ ਅਜ ਤੋਂ ਆਪਣੇ ਆਪ ਨੂੰ ਮਹਾਰਾਜ ਦੀ ਤਾਬਿਆ ਰਖਾਂਗਾ। ਜੋ ਕੁਝ ਹੁਕਮ ਹੋਵੇਗਾ ਉਸ ਦੀ ਤਾਮੀਲ ਵਿਚ ਲਗਦੀ ਵਾਹੇ ਕੋਈ ਉਜਰ ਜਾਂ ਬਹਾਨਾ ਨਹੀਂ ਕਰਾਂਗਾ।"

ਇਹ ਥੋੜੀਆਂ ਸਤਰਾਂ ਯਾਦਗੀਰੀ ਲਈ ਆਪਣੇ ਹੱਥੀਂ ਲਿਖ ਦਿਤੀਆਂ ਹਨ, ਜੋ ਕਰਤਾਰ ਨਾ ਕਰੇ ਕਦੀ ਲੋੜ ਵੇਲੇ ਕੰਮ ਆਉਣ।"

ਸੰਮਤ ਨਾਨਕ ਸ਼ਾਹੀ } ਦਸਖਤ ਰਾਜਾ ਕਲਜੁਗ ਦੇਵ।
ਕਤਕ ਸੁਦੀ ਪੁਨਜਾਂ } ਕਲਹਿ ਦੇਵੀ ਤੇ ਖਾਨਹ-ਜੰਗੀ ਬੇਗ ਮੁਗਲ।

ਇਸ ਵੇਲੇ ਕਲਜੁਗ ਦੀ ਖਲਾਸੀ ਹੋਣੇ ਪਰ ਮਹਾਰਾਜ ਦੀ ਬਹਾਦਰੀ ਅਤੇ ਉਦਾਰਤਾ ਦੀਰਘ ਦਰਸਤਾ ਪਰ ਜਿਤਨੇ ਇਸ ਵੇਲੇ ਹਜ਼ੂਰੀ ਵਿਚ ਹਾਜ਼ਰ ਸਨ ਸਭ ਨੇ ਇਕ ਜ਼ੁਬਾਨ ਹੋਕੇ ਅਕਾਲ ਪੁਰਖ ਦੀ ਧੰਨਵਾਦਤਾ ਪਰ ਇਹ ਸਬਦ ਆਸਾ ਬਿਲਾਵਲ ਦੀ ਲੈ ਵਿਚ ਬੜੀ ਮਧੁਰ ਸੁਰ ਨਾਲ ਗਾਂਵਿਆ।

**"ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ॥ ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ॥੧॥ ਕਲਿਜੁਗੁ ਉਧਾਰਿਆ ਗੁਰਦੇਵ॥ ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ॥੧॥ਰਹਾਉ॥ ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ॥ ਧਰਮਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ॥੨॥ ਸਤਿਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥ ਅਹਿ ਕਰੁ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥੩॥ ਹਰਿ ਜੀਉ ਕੋਈ ਕਰਹਿ ਜਿ ਭਗਤ ਤੇਰੇ ਜਾਚਹਿ ਇਹੁ ਤੇਰਾ ਬਿਰਦੁ॥ ਕਰਿ ਜੋੜਿ ਨਾਨਕ ਦਾਨੁ ਮਾਗੈ ਆਪਣਿਆ ਸੰਤਾ ਦੇਹਿ ਹਰਿ ਦਰਸੁ॥੪॥੫॥੧੪੦॥"** [ਆਸਾ ਮ:੫, ਪੰ: ੪੦੬]

ਜਦੋਂ ਸਭਨਾਂ ਕੈਦੀਆਂ ਦੀ ਖਲਾਸੀ ਹੋ ਗਈ ਤਾਂ ਮਹਾਰਾਜ ਨੇ ਟਿਕਾ ਸਾਹਿਬ ਨੂੰ ਯਾਦ ਕੀਤਾ। ਮੰਤ੍ਰੀ ਨੇ ਮਹਾਰਾਜ ਦੇ ਹਜ਼ੂਰ ਪੇਸ਼ ਕੀਤਾ, ਇਸ ਵੇਲੇ ਰਾਜਕੁਮਾਰ ਮੰਨਾ ਸਿੰਘ ਦੀ ਅਚਰਜ ਸੂਰਤ ਬਣੀ ਹੋਈ ਸੀ। ਸਿਰ ਦੀ ਪਗ ਦੇ ਪੇਚ ਬਿਖਰੇ ਹੋਏ ਸਨ। ਅਖਾਂ ਵਿਚ ਮਾਨੋ ਟੁਟਦੇ ਹੋਏ ਅਮਲ ਦੀ ਪਤਲੀ ਲਾਲੀ ਪਈ ਹੋਈ ਸੀ। ਚਿਹਰੇ ਦੀ ਰੌਣਕ ਉਦਾਸੀ ਅਤੇ ਹੈਰਾਨੀ ਵਿਚ ਬਦਲੀ ਹੋਈ ਸੀ। ਅੰਗਾਂ ਵਿਚ ਸਿਥਲਤਾ ਦੀ ਭਜ ਟੁਟ ਵਾਲੀ

ਅਚਵੀ (Restlessness) ਹੋ ਰਹੀ ਸੀ। ਕਲੇਜੇ ਵਿਚ ਧੜਕੀ ਦੀ ਧਕ ਧਕ ਧੜੀ ਹੋਈ ਸੀ। ਸਾਰੀ ਦੇਹ ਸ਼ਰਮਿੰਦਗੀ ਅਤੇ ਪਸੀਨੇ ਵਿਚ ਡੁਬੀ ਹੋਈ ਸੀ। ਜੁਬਾਨ ਤੇ ਗਲਾ ਰੁਕੇ ਹੋਏ ਦੀ ਦਸ਼ਾ ਵਿਚ ਰਾਜਕੁਮਾਰ ਮੰਨਾ ਸਿੰਘ ਗਲ ਵਿਚ ਪਲਾ ਪਾਕੇ ਮਹਾਰਾਜ ਦੇ ਚਰਨਾਂ ਕਮਲਾਂ ਤੇ ਡਿਗ ਪਿਆ। ਮਹਾਰਾਜ ਰਾਜਕੁਮਾਰ ਨੂੰ ਇਸ ਤਰਹ ਦੀ ਦਸ਼ਾ ਵਿਚ ਦੇਖਕੇ ਬੜੀ ਗੰਭੀਰ ਅਵਾਜ ਵਿਚ ਬੋਲੇ- ਐ ਖੁਟਿਹਾਰੇ ਹੁਣ ਤੇਰਾ ਕੋਈ ਇਤਬਾਰ ਨਹੀਂ ਰਹਿਆ ਤੂੰ ਬਡਾ ਭਾਰੀ ਪਾਗਲ ਨਿਕਲਿਆ। ਸਚ ਹੈ ਗਧੇ ਦਾ ਪੈਖੜ ਲਦੀਣ ਵੇਲੇ ਹੀ ਲਾਹੁਣ ਚਾਹੀਏ। ਐਵੇਂ ਲਾਹਿਆਂ ਪਛਤਾਵਾ ਨਿਕਲਦਾ ਹੈ।

**"ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ॥ ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ॥੧॥ ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂੰ ਮਹਾ ਉਦਮਾਦਾ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰ ਲਾਦਾ॥੧॥ਰਹਾਉ॥ ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਭਾਂਡ॥ ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ॥੨॥ ਹਰਿ ਸੰਗ ਸਹਾਈ ਮਹਾਂ ਮੀਤੁ ਤਿਸ ਸਿਉ ਤੇਰਾ ਭੇਦੁ॥ ਬੀਧਾ ਪੰਚ ਬਟਵਾਰਈ ਉਪਜਿਉ ਮਹਾ ਖੇਦੁ॥੩॥ ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ॥ ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨਾ" ॥੪॥੨੮॥੫੮**

[ਬਿਲਾ:ਮ:੫, ਪੰ: ੮੧੫]

**"ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜ੍ਹੀ ਬਿਪਰੀਤਿ॥੧॥ ਮਾਇਆ ਮੋਹ ਭੂਲੋ ਅਵਰੈ ਹੀਤ॥ ਹਰਿ ਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥ ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ॥ ਅੰਮ੍ਰਿਤ ਸੰਗ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ॥੨॥ ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ॥ ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ॥੩॥ ਜਨਮ ਜਨਮ ਕੇ**

**ਕਿਲਵਿਖ ਦੂਖ ਭਾਗੇ ਗੁਰਿ ਗਿਆਨੁ ਅੰਜਨੁ ਨੇਤ੍ਰ ਦੀਤ॥ ਸਾਧ ਸੰਗਿ ਇਨ ਦੂਖ ਤੇ ਨਿਕਸਿਓ ਨਾਨਕ ਏਕ ਪਰੀਤ॥੪॥੯॥"**

[ਧਨਾਸਰੀ ਮ: ੫, ਪੰ: ੬੭੩]

**"ਬਿਨੁ ਹਰਿ ਕਾਮਿ ਨ ਆਵਤ ਹੇ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ॥੧॥ਰਹਾਉ॥ ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ॥ ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ॥੧॥ ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ॥ ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ॥੨॥ ਪੰਚ ਦੂਤ ਮੂਡ ਪਹਿ ਠਾਢੇ ਕੇਸ ਗਹੇ ਫੇਰਾਵਤ ਹੇ॥ ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ॥੩॥ ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ॥"**

[ਬਿ: ਮ:੫, ਪੰ: ੮੨੧]

ਜਦ ਮਹਾਰਾਜ ਨੇ ਝਿੜਕ ਕੇ ਇਹ ਕੁਝ ਬਚਨ ਕੀਤਾ ਤਾਂ ਰਾਜਕੁਮਾਰ ਮੰਨਾ ਸਿੰਘ ਨੇ ਬੜੀ ਨਿੰਮ੍ਰਤਾ ਨਾਲ ਰੁਕੇ ਹੋਏ ਗਲੇ ਨਾਲ ਟੁਟਦੀ ਹੋਈ ਬਾਣੀ ਵਿਚ ਛੇਕੜਲੀ ਤੁਕ ਕਹੀ **"ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖ ਧਿਆਵਤ ਹੇ"**(ਪੰ:੮੨੨)। ਮਹਾਰਾਜ ਇਸ ਕਹਨ ਪਰ ਪ੍ਰਸੰਨ ਹੋ ਗਏ। ਪਕੜ ਕੇ ਮੰਨਾ ਸਿੰਘ ਨੂੰ ਗਲੇ ਲਾਇਆ। ਗੋਦੀ ਵਿਚ ਬਿਠਾਕੇ ਪਜਾਰ ਕੀਤਾ ਅਤੇ ਬਚਨ ਕੀਤਾ; ਟਿਕਾ ਜੀ! ਆਪ ਨੂੰ ਭਾਈ ਸੁਚਜਾ ਸਿੰਘ ਜੀ ਨੇ ਜੋ ਸਭ ਕੁਝ ਸਮਝਾਇਆ ਸੀ ਫਿਰ ਕਿਉਂ ਕਾਬੂ ਆ ਗਏ ? ਮੰਨਾ ਸਿੰਘ ਨੇ ਹਥ ਜੋੜ ਕੇ ਡੁਬ ਡੁਬਾਈਆਂ ਅਖੀਆਂ ਨੀਵੀਆਂ ਕਰਕੇ ਬੇਨਤੀ ਕੀਤੀ, ਮਹਾਰਾਜ ਮੇਰੇ ਵਸ ਤੋਂ ਗਲ ਬਾਹਰ ਹੋ ਗਈ। ਓਸ ਮੋਹਨੀ ਦੇ ਛਲ ਫਰੇਬ ਮੇਰੀ ਸਮਝ ਵਿਚ ਕੁਝ ਨਹੀਂ ਆਏ ਸਨ। ਪਰੰਤੂ ਇਹ ਆਪ ਦੀ ਕ੍ਰਿਪਾਲਤਾ ਹੈ ਕਿ ਮੇਰੇ ਜੈਸੇ ਨੀਚ, ਕ੍ਰਿਤਘਨ, ਅਨਾਥ ਨੂੰ ਇਸ ਤਰਹ ਨਿਵਾਜਿਆ ਜੇ। ਮੈਂ ਕੀ ਕਹਾਂ ਮੇਰਾ ਇਹ ਮੂੰਹ ਸ਼ਰਮਿੰਦਾ ਕੁਝ ਕਹਣ ਜੋਗਾ

ਨਹੀਂ ਪਰੰਤੂ ਬਿਨਾ ਧੰਨਵਾਦ ਕਰਨ ਦੇ ਹੋਰ ਕੁਝ ਨਹੀਂ ਆਹੁੜਦਾ।

**"ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ॥ ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ॥੧॥ ਜਉ ਕਿਰਪਾ ਗੋਬਿੰਦ ਭਈ॥ ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ॥੧॥ ਰਹਾਉ॥ ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵ ਪ੍ਰਗਟਈ॥ ਸੰਗ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ॥੨॥ ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ॥ ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ॥੩॥ ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ॥ ਦਾਸੁ ਦਾਸ ਦਾਸਕੋ ਕਰੀਅਹੁ ਜਨ ਨਾਨਕ ਹਰਿ ਸਰਣਈ"॥੪॥੨॥੧੨੪॥** [ਆਸਾ ਮ:੫, ਪੰ: ੪੦੨]

**"ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ॥ ਬਰਨਿ ਨ ਸਾਕਉ ਬਹੁ ਗੁਣ ਤੇਰੇ॥੧॥ਰਹਾਉ॥ .....ਅਕਿਰਤਘਨਾ ਕਾ ਕਰੇ ਉਧਾਰੁ॥ ਪ੍ਰਭੁ ਮੇਰਾ ਹੈ ਸਦਾ ਦਇਆਰੁ॥.....॥੪॥੩੯॥੫੦॥"** [ਰਾਮ:ਮ:੫, ਪੰ: ੮੯੮]

ਇਸ ਤਰ੍ਹਾਂ ਦੀਆਂ ਰਾਜਕੁਮਾਰ ਦੀਆਂ ਬੇਨਤੀਆਂ ਤੇ ਧੰਨਵਾਦ ਸੁਣਕੇ ਮਹਾਰਾਜ ਨੇ ਫਿਰ ਗਲੇ ਲਗਾਇਆ। ਸਿਰ ਤੇ ਕ੍ਰਿਪਾ ਦ੍ਰਿਸਟੀ ਦਾ ਹਥ ਫੇਰਿਆ। ਇਧਰ ਮੰਤ੍ਰੀ ਵਲ ਰੁਖ ਕਰਕੇ ਹੁਕਮ ਦਿਤਾ ਕਿ ਹੁਣ ਕੂਚ ਕਰੋ, ਅਪਣੇ ਕਿਲ੍ਹੇ ਵਲ ਜਲਦੀ ਚਲੋ। ਇਸ ਹੁਕਮ ਦੀ ਤਾਮੀਲ ਲਈ ਬਿਗਲ ਹੋ ਗਇਆ। ਸਭ ਸਰਦਾਰ ਘੋੜਿਆਂ ਪਰ ਸਵਾਰ ਹੋ ਗਏ। ਮਹਾਰਾਜ ਦੇ ਨਾਲ ਨਾਲ ਕਦਮ ਕਦਮ ਟੁਰ ਪਏ। ਇਨੇ ਤਕ ਮੰਤ੍ਰੀ ਨੇ ਹਥ ਜੋੜਕੇ ਬੇਨਤੀ ਕੀਤੀ ਕਿ ਹਜ਼ੂਰ ਰਾਣੀ ਰੂਪ ਕੌਰ ਲਈ ਕੀ ਹੁਕਮ ਹੈ? ਮਹਾਰਾਜ ਨੇ ਹੁਕਮ ਕੀਤਾ: ਇਕੁਰ ਹੀ ਡੋਲੀ ਚੁਕਾਈ ਨਾਲ ਲਈ ਚਲੋ, ਕਿਲ੍ਹੇ ਚਲਕੇ ਮੁਨਾਸਬ ਬੰਦੋਬਸਤ ਕੀਤਾ ਜਾਵੇਗਾ। ਰਸਤੇ ਵਿਚ ਅਗੇ ਇਕ ਗਹਬਰ ਜੰਗਲ ਆ ਗਿਆ। ਇਥੇ ਮਹਾਰਾਜ ਨੇ ਆਪਣੀ ਫੌਜ ਦੇ ਖੁਸ਼ੀ ਕਰਣ ਲਈ ਹੁਕਮ ਦਿਤਾ, ਕਿ ਇਸ ਜੰਗਲ ਵਿਚ ਸ਼ਿਕਾਰ ਖੇਡਦੇ ਚਲੋ। ਇਸ ਹੁਕਮ ਨੂੰ ਪਾ ਕੇ ਖਾਲਸੇ ਜੀ ਨੇ ਸ਼ਿਕਾਰ ਅਰੰਭਿਆ।

**"ਦਸ ਮਿਰਗੀ ਸਹਜੇ ਬੰਧਿ ਆਨੀ॥ ਪਾਚ ਮਿਰਗ ਬੇਧੇ ਸਿਵ ਕੀ ਬਾਨੀ॥੧॥ ਸੰਤ ਸੰਗਿ ਲੇ ਚੜਿਓ ਸਿਕਾਰ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥੧॥ਰਹਾਉ॥ ਆਖੇਰ ਬਿਰਤਿ ਬਾਹਰਿ ਆਇਓ ਧਾਇ॥ ਆਹੇਰਾ ਪਾਇਓ ਘਰ ਕੈ ਗਾਂਇ॥੨॥ ਮ੍ਰਿਗ ਪਕਰੇ ਘਰਿ ਆਣੇ ਹਾਟਿ॥ ਚੁਖ ਚੁਖ ਲੇ ਗਏ ਬਾਂਢੇ ਬਾਟਿ॥੩॥ ਏਹੁ ਅਹੇਰਾ ਕੀਨੋ ਦਾਨੁ॥ ਨਾਨਕ ਕੈ ਘਰਿ ਕੇਵਲੁ ਨਾਮੁ"॥੪॥** [ਭੈ:ਮ:੫, ਪੰ: ੧੧੩੬]

ਇਸ ਸ਼ਿਕਾਰ ਵਿਚ ਦਸ ਹਰਨੀਆਂ ਅਤੇ ਪੰਜ ਹਰਨ ਮਾਰ ਲਏ। ਕਿੰਨੇਕੁ ਜੀਵ ਜੰਤ ਹਰਨ ਪਾਹੜੇ ਆਦਿਕ ਪੈਦਲਾਂ ਨੇ ਹਥੋ ਹਥੀ ਫੜ ਲਏ। ਕਈਆਂ ਨੇ ਏਹ ਸ਼ਿਕਾਰ ਦੇ ਜੀਵ ਨਾਲ ਚੁਕ ਲਏ, ਪਈ ਘਰ ਲੈ ਚਲੀਏ, ਕਈਆਂ ਨੇ ਟੋਟੇ ਕਰਕੇ ਵੰਡ ਦਿਤੇ, ਆਪ ਨਿਰਾ ਸ਼ਿਕਾਰ ਦਾ ਨਾਉਂ ਹੀ ਨਾਲ ਲੈਕੇ ਤੁਰ ਪਏ। ਇਸ ਤਰ੍ਹਾਂ ਬਨ ਵਿਚ ਅਨਿਕ ਤਰਹ ਦੇ ਕੌਤਕ ਕਰਦੇ ਹੋਏ ਕਿਤੇ ਕਿਸੇ ਮ੍ਰਿਗ ਨੂੰ ਫੜਦੇ ਕਿਤੇ ਤਰਸ ਖਾਕੇ ਛਡ ਦਿੰਦੇ, ਹੋਏ ਸਾਰੇ ਜੰਗਲ ਨੂੰ ਲੰਘ ਆਏ ਤਾਂ ਆਪਣੇ ਕਿਲ੍ਹੇ ਦੀਆਂ ਕੰਧਾਂ ਦਿਸਣ ਲਗ ਪਈਆਂ।

ਜਦ ਕਿਲੇ ਵਿਚ ਫ਼ਤੇ ਦੀਆਂ ਖ਼ਬਰਾਂ ਪਹੁੰਚੀਆਂ ਤਾਂ ਅਗੇ ਹੀ ਵਧਾਈਆਂ ਅਨੰਦ ਉਤਸ਼ਾਹ ਹੋਣ ਲਗ ਪਏ। ਕਿਲ੍ਹੇ ਦੀ ਸਫ਼ਾਈ ਅਤੇ ਸਜਾਵਟ ਹੋ ਗਈ। ਸਤ ਨਾਮ ਦਾ ਝੰਡਾ ਝੂਲਣ ਲਗ ਪਿਆ। ਬੂਹਿਆਂ ਤੇ ਬੰਦਨਵਾਰਾਂ ਬਝ ਗਈਆਂ। ਘਰੋ ਘਰੀ ਲੰਗਰ ਲਗ ਪਏ। ਦਾਨ ਪੁੰਨ ਨੇ ਅਸਗਾਹ ਪ੍ਰਵਾਹ ਵਗਾ ਦਿਤਾ। ਕੋਈ ਜਗਹ ਤੇ ਸਜਾਵਟ ਲਈ ਕੋਈ ਤਰਹ ਦੇ ਰੰਗਦਾਰ ਨਕਸ਼ੇ ਅਤੇ ਝੰਡੀਆਂ ਲਟਕਾਈਆਂ ਗਈਆਂ। ਪ੍ਰਜਾ ਅਤੇ ਨੌਕਰਾਂ ਚਾਕਰਾਂ ਨੇ ਵਧਾਈਆਂ ਵੰਡੀਆਂ ਰੋਣਕਾਂ ਦਿਖਾਈਆਂ।

ਜਦ ਕਿਲ੍ਹੇ ਦੇ ਬਹੁਤ ਨੇੜੇ ਅਪੜੇ ਤਾਂ ਨਗਰ ਦੇ ਚੰਗੇ ਚੰਗੇ ਮਹਾਜਨ (ਰਾਈਸ) ਲੋਗ ਮਿਲਕੇ ਅਗਲਵਾਂਢੀ ਲੈਣ ਲਈ ਆਏ। ਇਕੁਰਿ ਜੇਹੜੇ ਕੋਈ ਸੰਤ ਭਗਤ ਲੋਗ ਰਹਿੰਦੇ ਸਨ ਓਹ ਭੀ ਛੈਣੇ ਢੋਲਕੀਆਂ ਲੈਕੇ ਬੜੇ ਪ੍ਰੇਮ ਉਤਸ਼ਾਹ ਨਾਲ ਸ਼ਬਦ ਪੜ੍ਹਦੇ ਹੋਏ ਆਏ।

**"ਮਿਲਿ ਆਏ ਨਗਰ ਮਹਾਜਨਾ ਗੁਰ ਸਤਿ ਗੁਰ ਓਟ ਗਹੀ॥ ਗੁਰੁ ਸਤਿਗੁਰੁ ਗੁਰੁ ਗੋਵਿੰਦੁ ਪੁਛਿ ਸਿਮ੍ਰਿਤਿ ਕੀਤਾ ਸਹੀ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀ ਰਾਮਿ ਕਰਿ ਗੁਰ ਗੋਵਿੰਦ ਧਿਆਇਆ॥ ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨਕਾ ਥਾਉ ਥੇਹੁ ਗਵਾਇਆ॥ ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥ ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ"॥੬॥੪॥੧੦॥** [ਤੁਖਾਰੀ ਮ:੫, ਪੰਨਾ ੧੧੧੭]

ਮਹਾਰਾਜ ਨੇ ਅਗੋਂ ਆਉਂਦਿਆਂ ਨੂੰ ਦੇਖਕੇ ਬੜੇ ਸਤਕਾਰ ਅਤੇ ਆਦਰ ਨਾਲ ਖੇਮ ਕੁਸਲ ਪੁਛੀ। ਬੜੇ ਪਿਆਰ ਭਰੀਆਂ ਗਲਾਂ ਕਰਦੇ ਕਰਾਉਂਦੇ ਕਿਲ੍ਹੇ ਦੇ ਅੰਦਰ ਆਨ ਪਹੁੰਚੇ। ਅਗੇ ਰਾਣੀ ਸੁਬੁਧ ਕੌਰ ਅਤੇ ਸੁਮਤਿ ਕੌਰ (ਜੋ ਹਰ ਵੇਲੇ ਇਸ ਫ਼ਤੇ ਦੀ ਉਡੀਕ ਵਿਚ ਘੜੀਆਂ ਪਲਾਂ ਗਿਣ ਰਹੀਆਂ ਸਨ) ਸਬ ਹਰਖ ਅਤੇ ਉਤਸ਼ਾਹ ਨਾਲ ਭਰਪੂਰ ਹੋਕੇ ਉਠੀਆਂ।

**"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ"** [ਪੰ: ੬੬੩] ਸ਼ਬਦ ਪੜਦੀਆਂ ਨੇ ਅਕਾਲ ਪੁਰਖ ਦੀ ਉਪਮਾ ਵਿਚ ਆਰਤੀ ਦੇ ਸਬਦ ਦਾ ਪਾਠ ਕੀਤਾ ਤੇ ਇਸ ਸ਼ਬਦ ਦਾ ਉਚਾਰਨ ਕੀਤਾ-

**"ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰ ਆਉ॥ ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜ ਕਮਾਉ॥੧॥ ਤੁਮ ਘਰਿ ਆਵਹੁ ਮੇਰੇ ਮੀਤ॥ ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥ਰਹਾਉ॥ ਪ੍ਰਗਟ ਕੀਨੇ ਪ੍ਰਭ ਕਰਨੇ ਹਾਰੇ ਨਾਸਨ ਭਾਜਨ ਥਾਕੇ॥ ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ॥੨॥ ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ॥ ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ॥੩॥ ਜਿਨਕੈ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ॥ ਅਚਰਜੁ ਕੀਆ ਕਰਨੈ ਹਾਰੈ ਨਾਨਕ ਸਚੁ ਵਡਿਆਈ"॥੪॥੪॥੨੮॥** [ਧ:ਮ:੫, ਪੰ: ੬੭੮]

ਫਿਰ ਧੰਨਵਾਦਤਾ ਦੇ ਹੋਰ ਸ਼ਬਦ ਬੜੀ ਮਧੁਰ ਸੁਰ ਨਾਲ ਗਾਵੇਂ। ਮਹਾਰਾਜ ਨੇ ਬਹੁਤ ਸਤਿਕਾਰ ਕੀਤਾ। ਆਪ ਕਿਲ੍ਹੇ ਅੰਦਰ ਅਪੜ ਕੇ ਘੋੜੇ ਤੋਂ ਉਤਰੇ ਕਮਰ ਕਸਾ ਖੋਲਿਆ। ਕਚਹਰੀ ਘਰ ਬੈਠ ਕੇ ਆਪਣੇ ਸੂਰਮਿਆਂ ਦੀ ਸਾਰੀ ਫੌਜ ਦੀ ਹਾਜ਼ਰੀ ਲਾਈ। ਸਤਿਨਾਮ ਸਿੰਘ ਕੀਰਤਨ ਸਿੰਘ ਅਤੇ ਗੁਰਬਾਨੀ ਸਿੰਘ ਪਰ ਬਹੁਤ ਖੁਸ਼ੀ ਹੋਈ। ਸਰ ਸਰਦਾਰੀ ਦੇ ਖਿਤਾਬ ਬਖਸ਼ੇ। ਸਤ ਸੰਗਿਤ ਪੁਰਾ, ਨਿਰਬਾਣ ਪੁਰਾ, ਕੈਵਲਜ ਪੁਰਾ ਇਨ੍ਹਾਂ ਤਿੰਨਾਂ ਨੂੰ ਜਾਗੀਰ ਵਿਚ ਬਖਸ਼ਿਆ। ਅਤਾਨਾਮਿਆਂ ਪੁਰ ਆਪਣੇ ਦਸਤਖ਼ਤ ਕਰ ਦਿਤੇ ਅਤੇ ਸ਼ਾਂਤਿ ਸੰਤੋਖ ਦੇ ਤਮਗੇ ਬਹਾਦਰੀ ਦੀ ਨਿਸਾਨੀ ਦੇ ਬਖਸ਼ੇ। ਇਕਰਾਂ ਹੀ ਹੋਰ ਵੀ ਸ੍ਰਦਾਰਾਂ ਅਤੇ ਸਿਪਾਹੀਆਂ ਨੂੰ ਜਥਾ ਅਧਿਕਾਰ ਸਰਦਾਰੀਆਂ, ਜਾਗੀਰਾਂ ਅਤੇ ਤਮਗੇ ਬਖਸ਼ੇ। ਇਸਤੋਂ ਉਪਰੰਤ ਮਹਾਰਾਜ ਨੇ ਟਿਕਾ ਸਾਹਿਬ ਨੂੰ ਹੁਕਮ ਦਿਤਾ ਕਿ ਇਸ਼ਨਾਨ ਕਰੋ, ਪੁਸ਼ਾਕ ਬਦਲੋ। ਸਵਾ ਲਖ ਪਾਠ ਜਪ ਸਾਹਿਬ ਦੇ ਕਰਨ ਦਾ ਨੇਮ ਕਰੋ। ਸਤਿਸੰਗਤ ਵਿਚ ਖੜੇ ਹੋਕੇ ਅਰਦਾਸਾ ਸੁਧਾਓ। ਇਸ ਕਿਲ੍ਹੇ ਦੀ ਰਾਖੀ ਕਰੋ। ਏਥੇ ਆਪਦੀ ਬਾਦਸ਼ਾਹਤ ਹੈ। ਨੌਕਰਾਂ ਚਾਕਰਾਂ ਨੂੰ ਡਾਂਟ ਕੇ ਰਖੋ। ਕੋਈ ਗਾਫ਼ਲ ਅਤੇ ਸੁਸਤ ਨਾ ਹੋਣਾ ਪਾਵੇ। ਖ਼ਬਰਦਾਰ ਹੋ ਫਿਰ ਕਿਸੇ ਇਜੇਹੇ ਫੌਧ ਫਰੇਬ ਵਿਚ ਨਾ ਫਸ ਜਾਣਾ।

ਇਸ ਵੇਲੇ ਅਚਾਨਕ ਰਾਣੀ ਰੂਪ ਕੌਰ ਡੋਲੀ ਵਿਚੋਂ ਨਿਕਲ ਕੇ ਰੋਂਦੀ ਰੋਂਦੀ ਘਿਘਜਾ ਕੇ ਮਹਾਰਾਜ ਦੇ ਚਰਨਾਂ ਤੇ ਆ ਪਈ ਤੇ ਕਹਣ ਲਗੀ ਹੇ ਬਖਸ਼ਿੰਦਾ! ਬਖਸ਼ ਲੈ, ਰਖ ਲੈ। ਸ਼ਰਣ ਪਇਆਂ ਦੀ ਸਦਾ ਰਖਦਾ ਆਇਆ ਹੈਂ। ਹੁਣ ਵੀ ਰਖ ਲੈ। ਮੇਰੇ ਅਵਗੁਣਾਂ ਵਲ ਨਾ ਵੇਖ ਕਿਉਂਕਿ ਮੈਂ ਨਿਰੀ ਅਵਗਾਣਾਂ ਦੀ ਪੰਡ ਹਾਂ। ਪਰੰਤੂ ਆਪਣੇ ਬਖਸ਼ਿੰਦ ਬਿਰਦ ਦੀ ਲਾਜ ਰਖ। ਮੇਰੇ ਜੇਹੇ ਅਨੇਕ ਪਾਪੀ ਤੇਰੀ ਸਰਣ ਪੈਕੇ ਵਰੁਸਾਏ ਗਏ ਹਨ। ਹੇ ਕ੍ਰਿਪਾ ਸਾਗਰ, ਮੈਂ ਅਨਾਥ ਤੁਛ ਕੀੜੀ ਪਰ ਭੀ ਮਿਹਰ ਕਰੋ (ਫਿਰ ਮਥਾ ਟੇਕਕੇ) ਰਖ ਲੈ! ਰਖ ਲੈਂ!! ਬਖਸ਼ ਲੈ! ਬਖਸ਼ ਲੈ!! ਇਸ ਦਰਗਾਹ ਤੋਂ ਬਾਝ ਮੇਰੀ ਹੋਰ ਕੋਈ ਥਾਉਂ ਨਹੀਂ। ਹੇ ਸ਼ਰਣ ਪਾਲ ਤ੍ਰਾਹਿ ਤ੍ਰਾਹਿ ਮੈਂ ਤੇਰੀ ਸ਼ਰਣਿ ਹਾਂ। ਪਾਹਿ ਮਾਂ ਪਾਹਿ ਮਾਂ ਕਹ ਕਹ ਕੇ ਬਾਰੰਬਾਰ ਮਥਾ ਟੇਕਣ ਲਗੀ ਤੇ ਤਰਲੇ ਮਿੰਨਤਾਂ ਹਾੜੇ ਕਢਣ

ਲਗੀ। ਇਸ ਵੇਲੇ ਜਿਤਨੇ ਹਾਜ਼ਰੀਨ ਸਨ ਸਭਨਾਂ ਦੇ ਮਨ ਇਸਦੀ ਇਸ ਦੀਨਤਾ ਪਰ ਦ੍ਰਵ ਗਏ ਅਤੇ ਮਨੋ ਮਨੀ ਇਹ ਚਾਹੁਣ ਲਗੇ ਕਿ ਏਹ ਇਸ ਵੇਲੇ ਬਖਸ਼ਣੇ ਜੋਗ ਹੈ। ਕੀਤੇ ਕਰਮਾਂ ਦੀ ਸਜਾ ਇਸਨੂੰ ਬਤੇਰੀ ਮਿਲ ਗਈ ਹੈ। ਇਨੇ ਤਕ ਮਹਾਰਾਜ ਨੇ ਬਚਨ ਕੀਤਾ ਕਹੁ ਕੀ ਚਾਹੁੰਦੀ ਹੈ?

**ਰਾਣੀ**: ਜਿਸਦੀ ਰੋਦਿਆਂ ਕੁਰਲਾਂਦਿਆਂ ਤੇ ਹਾੜੇ ਕਢਦਿਆਂ ਡਾਢੀ ਅਨੋਖੀ ਦਸ਼ਾ ਹੋ ਗਈ ਹੋਈ ਸੀ, ਹਿਚਕੀ ਬਝ ਗਈ ਹੋਈ ਸੀ ਏਸੇ ਹਾਲ ਵਿਚ ਆਪਣੇ ਆਪ ਨੂੰ ਸੰਭਲ ਕੇ ਬੜੀ ਅਧੀਨਗੀ ਅਤੇ ਨਿੰਮ੍ਰਤਾ ਨਾਲ ਬੋਲੀ- ਹੇ ਸਚੇ ਪਾਤਸ਼ਾਹ ਅਪਣੇ ਦਰ ਘਰ ਵਿਚ ਨਿਵਾਸ ਬਖਸ਼ੋ।

**"ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥੧॥ ਜਿਹਵਾ ਏਕ ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤ ਨ ਕਿਨਹੀ ਲਹੀਐ॥੧॥ਰਹਾਉ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ"॥੩॥੧੨॥**

[ਧਨਾ: ਮ:੫, ਪੰ: ੬੭੪]

ਆਪਣੇ ਦਰ ਦੇ ਗੋਲਿਆਂ ਦੀ ਗੋਲੀ ਬਣਾਕੇ ਰਖੋ। ਸੁਮਤਿ ਕੌਰ ਦੀ ਚਰਨੀ ਲਾਓ। **"ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗ ਪਾਵੈ"** [ਸੋਰ:ਮ:੫, ਪੰ: ੬੨੪] ਇਜੇਹੇ ਆਰਤ ਬਚਨ ਸੁਣਿਕੇ ਮਹਾਰਾਜ ਨੇ ਕ੍ਰਿਪਾ ਕੀਤੀ ਤੇ ਬਚਨ ਕੀਤਾ ਇਸ਼ਨਾਨ ਕਰੋ ਪੁਸ਼ਾਕ ਬਦਲੋ। ਯਾਰਾਂ ਦਿਨ ਤਕ ਇਕਤਾਲੀ ਪਾਠ ਰੋਜ ਜਪ ਸਾਹਿਬ ਦੇ ਕਰੋ। ਉਪਰੰਤ ਗੁਰੂ ਖਾਲਸੇ ਦੀ ਸਤਿ ਸੰਗਤ ਵਿਚ ਹਾਜ਼ਰ ਹੋਕੇ ਸਨੰਮ੍ਰ ਬੇਨਤੀ ਕਰੋ। ਜਦ ਓਹ ਕ੍ਰਿਪਾ ਕਰਕੇ ਆਪਨੂੰ ਜਹਾਜ ਚੜ੍ਹਾਉਣ (ਅੰਮ੍ਰਿਤ ਛਕਾਉਣਗੇ) ਅਤੇ ਰਹਤ ਬਹਤ ਦੇ ਜੋ ਉਪਦੇਸ਼ ਉਹ ਕਰਨਗੇ ਓਨਹਾਂ ਪਰ ਆਪ ਭਰੋਸਾ ਰਖਕੇ ਪੂਰਾ ਅਮਲ ਕਰੋਗੇ ਤਾਂ ਸੁਮਤੀ ਦੀ ਸੇਵਾ ਵਿਚ ਹਾਜ਼ਰ ਹੋ ਸਕੋਗੇ। ਜੇ ਕਰ ਆਪਨੂੰ ਇਹ ਗਲਾਂ ਪਰਵਾਨ ਹਨ ਤਾਂ ਕਹੋ?

ਰੂਪ ਕੌਰ ਨੇ ਹਥ ਜੋੜ ਕੇ ਬੇਨਤੀ ਕੀਤੀ ਮੈਂ ਨਿਮਾਣੀ ਨੂੰ ਕੀ ਉਜਰ ਹੋ ਸਕਦਾ ਹੈ। ਇਹ ਕਹ ਕੇ ਝਟਪਟ ਕੁਝ ਗਹਣਾ ਉਤਾਰ ਕੇ ਮੀਆਂ ਸ਼ਊਰ ਖ਼ਾਨ ਨੂੰ ਦੇ ਦਿਤਾ ਤੇ ਆਖਿਆ ਮੇਰੀ ਸਾਰੀ ਫੌਜ ਵਿਚੋਂ ਇਕ ਤੂੰ ਬਾਕੀ ਬਚਿਆ ਹੈਂ। ਤੇਰੀ ਨਿਮਕ ਹਲਾਲੀ ਪਰ ਸ਼ਾਬਾਸ਼ ਹੈ। ਇਹ ਜੇਵਰ ਜੋ ਕੁਝ ਮੇਰੇ ਪਾਸ ਹੈ ਤੈਨੂੰ ਇਨਾਮ ਵਿਚ ਦਿਤਾ ਜਾਂਦਾ ਹੈ। ਜਾਓ ਰੁਖ਼ਸਤ। ਪਰ ਜਨਰਲ ਗਰੂਰ ਖਾਂ ਦੇ ਮਾਤੈਹਤ ਹੋਣ ਕਰਕੇ ਤੂੰ ਜੋ ਆਪਣੇ ਅਸਲੀ ਫ਼ਰਜ਼ਾਂ ਨੂੰ ਭੁਲਾਕੇ ਮੈਨੂੰ ਗੁਰਮਤ ਅਨੁਸਾਰ ਸਲਾਹ ਨਾ ਦਿਤੀ ਤੇ ਇਸ ਜੰਗ ਵਿਚ ਫਸਾ ਕੇ ਮਹਾਰਾਜ ਦਾ ਸਾਹਮਣਾ ਕਰਾਇਆ ਇਸ ਦਾ ਹੁਣ ਇਹ ਡੰਡ ਨਾਲ ਦਿਤਾ ਜਾਂਦਾ ਹੈ, ਜੋ ਤੇਰੀ ਸਰਦਾਰੀ ਤੋੜਕੇ ਹੁਣ ਤੈਨੂੰ ਰਾਜਕੁਮਾਰ ਜੀ ਦਾ ਗੋਲਾ ਕਰਕੇ ਉਨਾਂ ਦੇ ਪਾਸ ਜਾਣੇ ਦਾ ਹੁਕਮ ਹੈ। ਉਨਾਂ ਦੀ ਸੇਵਾ ਕਰੋ, ਨਿਮਕ ਹਲਾਲ ਹੋਕੇ ਸੇਵਕ ਬਣੋ ਤੇ ਫਿਰ ਪਰਸੰਨਤਾ ਹਾਸਲ ਕਰਕੇ ਆਪਣੀ ਨਿਮਕ ਹਲਾਲੀ ਦੇ ਬਦਲੇ ਸਰਦਾਰੀ ਪਾਓ। ਇਕਰ ਹੀ ਅਦਲੋ ਗੋਲੀ ਨੂੰ ਵੀ ਕੁਝ ਗੈਹਣਾ ਦੇਕੇ ਆਖਿਆ ਮੈਂ ਤੇਰੀਆਂ ਕਹੀਆਂ ਬਹੁਤ ਗਲਾਂ ਨਹੀਂ ਮੰਨਦੀ ਸੀ ਤੇ ਤੈਨੂੰ ਕਮੀਨੀ ਗੋਲੀ ਸਮਝਦੀ ਹੁੰਦੀ ਸੀ। ਪਰ ਤੇਰੀਆਂ ਗਲਾਂ ਸਬ ਠੀਕ ਨਿਕਲੀਆਂ। ਤੇਰੀ ਸੇਵਾ ਦਾ ਬਦਲਾ ਤਾਂ ਮੈਂ ਕੁਝ ਦੇ ਨਹੀਂ ਸਕਦੀ ਪਰ ਇਹ ਜੇਵਰ ਕੁਝ ਰਹੀ ਖਹੀ ਚੂਨ ਭੂਨ ਵਿਚੋਂ ਬਾਕੀ ਹੈ, ਸੋ ਤੂੰ ਲੈ ਜਾਹ ਤੇ ਅਗੇ ਲਈ ਮਹਾਰਾਜ ਦੀ ਸਰਨ ਪੈਕੇ ਉਨਾਂ ਥੋਂ ਆਗਿਆ ਮੰਗ। ਇਕੁਰ ਦੋਹਾਂ ਨੂੰ ਰੁਖ਼ਸਤ ਕਰਕੇ ਫਿਰ ਹਥ ਜੋੜਕੇ ਬੇਨਤੀ ਕੀਤੀ ਗਰੀਬ ਨਵਾਜ ਕੋਈ ਆਸਰਾ ਬਖਸ਼ੋ ਜਿਸਦੇ ਸਾਂਗੇ ਹੁਕਮ ਦੀ ਤਾਮੀਲ ਕਰ ਸਕਾਂ। ਇਸ ਬਾਤ ਪਰ ਮਹਾਰਾਜ ਨੇ ਕਮਾਂਨੀਅਰ ਨੇਮ ਸਿੰਘ ਵਲ ਰੁਖ ਕਰ ਕੇ ਬਚਨ ਕੀਤਾ ਕਿ ਰੂਪ ਕੌਰ ਨੂੰ ਉਪਰਾਮ ਕੌਰ ਅਤੇ ਵਿਮਲ ਵਿਰਾਗ ਕੌਰ ਦੀ ਨਿਗਰਾਨੀ ਵਿਚ ਰਖੋ, ਜਦ ਇਸਦਾ ਅੰਮ੍ਰਤ ਸੰਸਕਾਰ ਹੋ ਜਾਵੇ ਤਾਂ ਇਸਨੂੰ ਸੁਮਤ ਕੌਰ ਦੀ ਸੇਵਾ ਦਾ ਅਧਕਾਰ ਬਖਸ਼ਣਾ। ਦੂਜੇ ਪਾਸੇ ਗਿਆਨੀ ਸੂਰਜ ਸਿੰਘ ਜੀ ਵਲ ਨਿਗਾਹ ਕਰਕੇ ਮਹਾਰਾਜ ਨੇ ਹੁਕਮ ਦਿਤਾ ਜੋ ਰੂਪ ਕੌਰ ਦੇ ਸੇਵਕ ਸ਼ਊਰ ਖਾਂ ਤੇ ਅਦਲੋ ਗੋਲੀ ਨੂੰ ਆਪਦੇ ਸਪੁਰਦ ਕੀਤਾ ਜਾਂਦਾ ਹੈ। ਇਨਾਂ ਨੂੰ ਗੁਰਮਤ ਦੇ ਅਧਕਾਰੀ ਬਣਾਵੋ।

ਇਸ ਹੁਕਮ ਤੋਂ ਉਪਰੰਤ ਮਹਾਰਾਜ ਨੇ ਕਚਹਰੀ ਬਰਖ਼ਾਸਤ ਕੀਤੀ, ਆਪ ਉਠਕੇ ਅਪਨੇ ਸਰੂਪ ਰੂਪੀ ਮਹਲ* ਵਿਚ ਜਾ ਬਿਰਾਜੇ ਜਿਸ ਇਸਥਤੀ ਵਿਚ ਉਨਾਂ ਨੂੰ ਘਟ ਘਟ ਵਨ ਅਕਾਲ ਪੁਰਖ ਦਾ ਨਿਰੰਤਰ ਮਿਲਾਪ ਤੇ ਉਸ ਦੇ ਮਿਲਾਪ ਦਾ ਅਖੰਡ ਅਪਨੇ ਵਿਚ ਖਚਤ ਰਖਦਾ ਹੈ ਯਥਾ:

**"ਹਰਖ ਅਨੰਤ ਸੋਗ ਨਹੀ ਥੀਆ॥**
**ਸੋ ਘਰੁ ਗੁਰਿ ਨਾਨਕ ਕੋ ਦੀਆ॥੪॥"**

[ਗਉ: ਮ:੫, ਪੰ: ੧੮੬]

ਇਧਰ ਟਿਕਾ ਸਾਹਿਬ ਜੀ ਇਸ਼ਨਾਨ ਕਰਕੇ ਜਪ ਸਾਹਿਬ ਦਾ ਪਾਠ ਕਰਦੇ ਸੁਮਤ ਕੌਰ ਦੇ ਮਹਿਲਾਂ ਵਿਚ ਅਪੜੇ ਤਾਂ ਅਗੇ ਬੜੇ ਅਦਬ ਅਤੇ ਪ੍ਰੇਮ ਨਾਲ ਸੁਮਤ ਕੌਰ ਨੇ ਚਰਨਾਂ ਤੇ ਮਥਾ ਟੇਕਿਆ ਅਤੇ ਧੰਨਵਾਦ ਪਰ ਇਹ ਸ਼ਬਦ ਬੜੀ ਮਧੁਰ ਸੁਰ ਨਾਲ ਸਹਜੇ ਸਹਜੇ ਗਾਵਿਆ:

**"ਹਰਿ ਜੀਉ ਕੇ ਦਰਸਨ ਕਉ ਕੁਰਬਾਨੀ॥ ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ॥੧॥ਰਹਾਉ॥ ਛੂਟਰਿ ਤੇ ਗੁਰਿ ਕੀਈ ਸੋੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ॥ ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨ ਮਿਲਿਓ ਬਾਸਾਨੀ॥੧॥ ਉਨ੍ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ॥ ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ ਸਭ ਚੂਕੀ ਕਾਣਿ ਲੋੁਕਾਨੀ"॥੫॥੮॥੩੧॥**

[ਸਾਰਗ ਮ: ੫, ਪੰ: ੧੨੧੦]

ਇਹ ਸਬਦ ਪੜਦੀ ਹੋਈ ਨੇ ਰਾਜਕੁਮਾਰ ਜੀ ਨੂੰ ਸੁੰਦਰ ਆਸਨ ਪਰ ਬਿਠਾਇਆ। ਕੁਸਲ ਅਨੰਦ ਪੁਛੀ ਤੇ ਆਪ ਬਹੁਤ ਫੁਰਤੀ ਕਰਕੇ ਲੰਗਰ

---

* ਇਹ ਮਹਲ ਸਰੂਪ ਪ੍ਰਾਪਤੀ, ਸਹਜ ਅਵਸਥਾ ਆਦਿ ਦਸ਼ਾ ਦਾ ਵਾਚਕ ਹੈ। ਦੇਹੀ ਦੇ ਵਿਚ ਪ੍ਰਾਛਿੰਨ ਹੋਕੇ ਕਿਸੇ ਨੁਕਰੇ ਲੁਕਿਆ ਬੈਠਾ ਨਾ ਸਮਝ ਲੈਣਾ। ਵਾਰਤਾ ਹੋਣ ਕਰਕੇ ਉਸ ਅਨੰਦਮਜ ਅਵਸਥਾ ਨੂੰ ਅਗਮ ਗੜ ਕਿਲਾ ਮਹਲ ਕੋਟ ਆਦੀ ਕਿਹਾ ਹੈ ਪਰ ਏਹ ਵਾਚਕ ਸਰੂਪ ਇਸਥਿਤੀ ਦਾ ਹੈ

 www.sikhbookclub.com

ਤਜਾਰ ਕੀਤਾ। ਬੜੇ ਚਾਉ ਅਤੇ ਹਰਖ ਉਤਸਾਹ ਵਿਚ ਜਿਤਨੇ ਕੁ ਸੇਵਾ ਦੇ ਢੰਗ ਸਨ ਸਭ ਆਪਣੇ ਹਥੀਂ ਆਪ ਨਿਭਾਏ। ਨੌਕਰਾਂ ਚਾਕਰਾਂ ਨੂੰ ਉਪਰਲੀ ਸੇਵਾ ਪਰ ਰਖਿਆ। ਇੰਨੇ ਤਕ ਪ੍ਰੇਮ ਦੇ ਬਦਲ ਅਖੀਆਂ ਦੀਆਂ ਕਾਲੀਆਂ ਘਟਾਂ ਬੰਨਕੇ ਉਮਡੇ। ਘਟਾਂ ਵਿਚੋਂ ਬਿਜਲੀ ਦੀ ਚਮਕ ਬੂੰਦਾਂ ਬਾਂਦੀ ਦੀ ਰਿੰਮ ਝਿੰਮ ਤੇ ਠੰਡੀ ਠੰਡੀ ਪੌਨ ਦੇ ਝੋਕੇ ਚਲਨ ਲਗੇ। ਪ੍ਰੇਮ ਦੇ ਰੰਗ ਵਿਚ ਭਿਜੀ ਹੋਈ ਨੇ ਧੰਨਵਾਦਤਾ ਪਰ ਇਹ ਸ਼ਬਦ ਠੀਕ ਇਸ ਵੇਲੇ ਦੀ ਦਸ਼ਾ ਵਿਚ ਮਲਾਰ ਰਾਗ ਦੀ ਲੈ ਵਿਚ ਗਾ ਕੇ ਰਾਜਕੁਮਾਰ ਪ੍ਰਤੀ ਬੇਨਤੀ ਕੀਤੀ ਕਿ ਲੰਗਰ ਤਿਆਰ ਹੈ। ਪ੍ਰਸਾਦਿ ਛਕੀਏ।

ੴ ਸਤਿਗੁਰ ਪ੍ਰਸਾਦਿ॥

**"ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂ ਕਰਹਿ ਉਪਾਏ॥ ਤਾਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ॥੧॥ ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥ ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵਨਿਧਿ ਨਾਮਿ ਸਮਾਏ॥੧॥ਰਹਾਉ॥ ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ॥ ਕਰੀ ਪਾਕ ਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ॥੨॥ ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ॥ ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ॥੩॥ ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ॥ ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ"॥੪॥੧॥**

[ਰਾਗ ਮਲਾ:ਮ:੫, ਪੰ: ੧੨੬੬]

ਰਾਜਕੁਮਾਰ ਨੇ ਇਸ ਪ੍ਰੇਮ ਰਸ ਵਿਚ ਭਿਜੀ ਹੋਈ ਮਧੁਰ ਸੁਰ ਦੇ ਸ਼ਬਦ ਨੂੰ ਸੁਣ ਕੇ ਪਾਠ ਦਾ ਭੋਗ ਪਾਇਆ। ਉਠਕੇ ਅੰਮ੍ਰਿਤ ਭੋਜਨ ਪਾਇਆ ਅਤੇ

ਸੁਮਤੀ ਸਮੇਤ ਮਾਤਾ ਸੁਬੁਧ ਕੌਰ ਦੇ ਪਾਸ ਪੁਜੇ। ਬੜੀ ਹੀ ਨਿੰਮ੍ਰਤਾ ਨਾਲ ਹਥ ਜੋੜ ਕੇ ਤ੍ਰਾਹ ਤ੍ਰਾਹ ਕਰਦੇ ਇਹ ਸ਼ਬਦ ਮੂੰਹੋ ਪੜਦੇ ਹੋਏ ਚਰਨਾਂ ਤੇ ਡਿਗ ਪਏ।

**"ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨ ਭਾਇਆ॥ ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧ ਸੰਗਤਿ ਮਹਿ ਪਾਇਆ॥੧॥ ਮਾਈ ਖਾਟਿ ਆਇਓ ਘਰਿ ਪੂਤਾ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ॥੧॥ਰਹਾਉ॥ ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗ ਲਾਇ ਧਿਆਨਾ॥ ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰ ਪਰਾਨਾ॥੨॥ ਹਰਿ ਧਨੁ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ॥ ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ॥੩॥ ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ॥ ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹ ਮਨੁ ਹਰਿ ਰੰਗਿ ਰੰਗੇ"॥੪॥੨॥** [ਗੁਜਰੀ ਮ:੫, ਪੰ: ੪੯੫]

ਮਾਤਾ ਜੀ ਨੇ ਬੜੇ ਪਿਆਰ ਅਤੇ ਸਤਕਾਰ ਨਾਲ ਟਿਕਾ ਜੀ ਨੂੰ ਉਠਾਕੇ ਗਲ ਨਾਲ ਲਾਇਆ ਮਥਾ ਚੁੰਮਿਆ, ਅਕਾਲ ਪੁਰਖ ਜੀ ਦਾ ਧੰਨਵਾਦ ਕੀਤਾ ਪੁਤ੍ਰ ਨੂੰ ਸਹੀ ਸਲਾਮਤ ਆਪਣੀ ਗੋਦੀ ਵਿਚ ਬੈਠਾ ਦੇਖਿਆ, ਦੁਸ਼ਟ ਅਰਿਸ਼ਟ ਅਤੇ ਅਪਦਾ ਕਲੇਸ਼ ਦੁਖ ਬਿਤੀਤ ਹੋਏ ਹੋਏ ਦੇਖੇ ਤਾਂ ਇਸ ਵੇਲੇ ਚਿਤ ਦੀ ਪ੍ਰਸੰਨਤਾ ਨਾਲ ਸਿਖਯਾ ਮਈ ਅਸੀਸ ਪਰਥਾਇ ਇਹ ਸਬਦ ਪੜਿਆ:-

**"ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥ ਸੋ ਹਰਿ ਹਰਿ ਤੁਮ ਸਦਹੀ ਜਾਪਹੁ ਜਾਕਾ ਅੰਤੁ ਨ ਪਾਰੋ॥੧॥ ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ਰਹਾਉ॥ ਸਤਿਗੁਰ ਤੁਮ ਕਉ ਹੋਇ ਦਇਆਲਾ ਸੰਤ ਸੰਗ ਤੇਰੀ ਪ੍ਰੀਤਿ॥ ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨ ਕੀਰਤਨੁ ਨੀਤਿ॥੨॥ ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ**

**ਅਨੰਤਾ॥ ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥੩॥ ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ॥ ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਓਂ ਬੂੰਦਹਿ ਚਾਤ੍ਰਿਕੁ ਮਉਲਾ" ॥੪॥੩॥੪॥**

[ਗੂਜਰੀ ਮ:੫, ਪੰ: ੪੯੬]

ਫਿਰ ਕੁਝ ਕੁਝ ਬਾਰਤਾਲਾਪ ਬੀਤੀ ਹੋਈ ਬਾਤ ਪਰ ਭੀ ਹੋਈ ਜਿਨ੍ਹਾਂ ਗਲਾਂ ਦੇ ਉਤ੍ਰ ਵਿਚ ਟਿਕਾ ਜੀ ਨੇ ਸ਼ਰਮੀਲੀਆਂ ਅਖਾਂ ਨੂੰ ਨੀਵੀਆਂ ਕਰਕੇ ਹਾਂ, ਹੂੰ, ਜੀ, ਨਹੀਂ, ਸਤਬਚਨ, ਭੁਲ ਗਇਆ, ਭਾਵੀ, ਭਾਣਾ, ਆਦਿਕ ਬਚਨ ਕਹ ਕਹਾ ਕੇ ਓੜਕ ਨੂੰ ਆਗਿਆ ਮੰਗੀ ਤਾਂ ਮਾਤਾ ਜੀ ਨੇ ਪਿਆਰ ਦੇਕੇ ਅਸੀਸ ਦਿਤੀ। ਇਕੁਰ ਹੀ ਸੁਮਤ ਕੌਰ ਨੂੰ ਪੈਰਾਂ ਤੇ ਮਥਾ ਟੇਕਦਿਆਂ ਦੇਖਕੇ ਅਸੀਸ ਦਿਤੀ।

ਟਿਕਾ ਜੀ ਪੂਰੇ ਅਦਬ ਅਤੇ ਨਿੰਮ੍ਰਤਾ ਪ੍ਰੇਮ ਨਾਲ ਗਹ ਗਟ ਮਥਾ ਟੇਕ ਕੇ ਆਨੰਦ ਪੂਰਬਕ ਆਪਣੇ ਆਰਾਮ ਅਸਥਾਨ ਵਿਚ ਆਰਾਮ ਕਰਨ ਲਈ ਆਣ ਬਿਰਾਜੇ। ਰਾਜਕੁਮਾਰ ਦਿਨ ਰਾਤ ਜਪ ਸਾਹਿਬ ਦੇ ਪਾਠ ਵਿਚ ਐਸੇ ਰੁਝੇ ਕਿ ਹਰ ਵੇਲੇ ਪਾਠ ਦੀ ਧੁਨਿ ਲਗੀ ਰਹੇ। ਕਿਸੇ ਵੇਲੇ ਵੀ ਪਾਠ ਤੋਂ ਵਿਹਲੇ ਨਾ ਹੋਣ। ਇਸੇ ਤਰਾਂ ਰਾਜ ਕੁਮਾਰ ਦੀ ਦਸ਼ਾ ਠੀਕ ਇਸ ਸਬਦ ਅਨੁਸਾਰ ਹੋ ਗਈ।

**"ਅਨਹਦੁ ਵਾਜੈ ਸਹਜਿ ਸੁਹੇਲਾ॥ ਸਬਦਿ ਅਨੰਦ ਕਰੇ ਸਦ ਕੇਲਾ॥ ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ॥੧॥ ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ॥ ਜੋ ਲੋੜੀਦਾ ਸੋਈ ਪਾਇਆ॥ ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ॥੨॥ ਆਪੇ ਰਾਜਨੁ ਆਪੇ ਲੋਗਾ॥ ਆਪਿ ਨਿਰਬਾਣੀ ਆਪੇ ਭੋਗਾ॥ ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ॥੩॥ ਜੇਹਾ ਡਿਠਾ ਮੈਂ ਤੇਹੋ ਕਹਿਆ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ॥ ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ"॥੪॥੩॥੧੦॥** [ਮਾਝ ਮ:੫, ਪੰ:੯੭]

ਇਧਰ ਰੂਪ ਕੌਰ ਨੇ ਮਹਾਰਾਜ ਦੀ ਆਗਿਆ ਅਨੁਸਾਰ ਦਿਨ ਰਾਤ ਲਗ ਕੇ ਜਪ ਸਾਹਿਬ ਦੇ ਪਾਠਾਂ ਦੇ ਨੇਮ ਨਿਬਾਹੇ। ਹਰ ਵੇਲੇ ਉਪਰਾਮ ਕੌਰ ਦੀ ਸਿਖਜਾ, ਵਿਮਲ ਵਿਰਾਗ ਕੌਰ ਦੇ ਉਪਦੇਸ਼, ਨਿਮਾਣੋ ਗੋਲੀ ਦੀ ਤਨ ਮਨ ਵਾਰਵੀਂ ਸੇਵਾ ਨੇ ਰੂਪ ਕੌਰ ਦੀ ਥੋੜੇ ਦਿਨਾਂ ਵਿਚ ਕਾਇਆ ਪਲਟ ਕਰ ਦਿਤੀ। ਜਿਸ ਵੇਲੇ ਦੇਖੋ ਜੀਭ ਪਾਠ ਵਿਚ ਰੁਧੀ ਹੋਈ ਹੈ, ਮਨ ਪ੍ਰੇਮ ਵਿਚ ਡੁਬਾ ਹੋਇਆ ਹੈ, ਹਥ ਝਾੜੂ ਫੇਰ ਰਹੇ ਹਨ, ਸਿਰ ਪਾਣੀ ਢੋਅ ਰਹਿਆ ਹੈ, ਪੈਰ ਸਤਸੰਗ ਵਲ ਦੌੜ ਰਹੇ ਹਨ, ਮਥਾ ਦਰਵਾਜੇ ਅਗੇ ਘਿਸ ਰਹਿਆ ਹੈ, ਚਿਤ ਹਾੜੇ ਕਰਨ ਦੀਆਂ ਚਿਤਵਨੀਆਂ ਕਰ ਰਹਿਆ ਹੈ, ਰਿਦਾ ਪਛਤਾਵੇ ਵਿਚ ਸ਼ਰਮਿੰਦਾ ਹੁੰਦਾ ਹੋਇਆ ਗੜੇ ਜੇਡੀਆਂ ਹੰਝੂਆਂ ਬਰਸਾ ਰਹਿਆ ਹੈ, ਬੁਧਿ ਧੰਨਵਾਦ ਕਰਦੀ ਹੋਈ ਅਥਕ ਹੋ ਰਹੀ ਹੈ, ਸਰੀਰ ਸਤਸੰਗ ਦੀ ਧੂੜੀ ਵਿਚ ਨਹਾ ਰਿਹਾ ਹੈ, ਅਖਾਂ ਦਰਸ਼ਨ ਦੀ ਅਭਿਲਾਖਾ ਵਿਚ ਤਰਸ ਰਹੀਆਂ ਹਨ, ਕੰਨ ਗੁਰਬਾਣੀ ਦੇ ਰਸ ਵਿਚ ਗੁਧੇ ਗਏ ਹਨ, ਨਾਸਾਂ ਸਤਸੰਗ ਦੇ ਮੇਲ ਦੀ ਸੁਗੰਧੀ ਨੂੰ ਲੋਚ ਰਹੀਆਂ ਹਨ। ਇਕੁਰ ਸਾਰਾ ਸਰੀਰ ਕੀ ਸਰੀਰ ਦੇ ਰੋਮ ਰੋਮ ਵਿਚੋਂ ਗੁਰਬਾਣੀ ਦਾ ਅਨੰਦ ਪਿਆਰੇ ਪ੍ਰਮੇਸ਼ੁਰ ਦੀ ਅਭਿਲਾਖਾ, ਧੰਨਵਾਦ ਮਈ ਬੇਨਤੀ ਦੇ ਰੰਗ ਢੰਗ ਦਿਸ ਰਹੇ ਹਨ। ਪਿਛਲੀ ਰਾਣੀ ਪਣੇ ਦੀ ਕੋਈ ਗਲ ਦਾ ਚੇਤਾ ਤਕ ਵੀ ਨਹੀਂ ਰਹਿਆ।

ਇਕ ਦਿਨ ਰੂਪ ਕੌਰ ਵਿਮਲ ਵਿਰਾਗ ਕੌਰ ਦੇ ਨਾਲ ਮਹਾਰਾਜ ਦੇ ਦਰਵਾਜੇ ਪਰ ਝਾੜੂ ਦੇਂਦੀ ਹੋਈ ਵੈਰਾਗ ਭਰੀ ਸੁਰ ਵਿਚ ਪ੍ਰਾਤੇਕਾਲ ਨੇਤ੍ਰਾਂ ਤੋਂ ਜਲ ਦਾ ਪ੍ਰਵਾਹ ਵਗਾਉਂਦੀ ਹੋਈ ਤੇ ਆਪਨੇ ਆਪ ਬੇਨਤੀ ਧੰਨਵਾਦੀ ਪਸਚਾਤਾਪ ਅਤੇ ਅਭਿਲਾਖਾ ਵਿਚ ਇਹ ਸ਼ਬਦ ਗਾਉਂ ਰਹੀ ਸੀ:-

ੴ ਸਤਿਗੁਰ ਪ੍ਰਸਾਦਿ॥

**"ਕਵਨ ਗੁਨ ਪ੍ਰਾਣਪਤਿ ਮਿਲਉ ਮੇਰੀ ਮਾਈ॥੧॥ਰਹਾਉ॥**
**ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥੧॥**
**ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ**

**ਸਮਾਈ॥੨॥ ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤੁ ਤਿਸਾਈ॥੩॥ ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ" ॥੪॥੧॥੧੧੮॥**

[ਗਉੜੀ ਪੂਰਬੀ ਮ:੫, ਪੰ: ੨੦੪ ]

ਇਹ ਨਿਰਮਲ ਸਤੋ ਗੁਣ ਸਾਂਤਿ ਸਰੂਪ ਪਿਛਲੀ ਰਾਤ ਦੇ ਵੇਲੇ ਨਿਸ਼ਕਪਟ ਹਿਰਦੇ ਵਿਚੋਂ ਪ੍ਰੇਮ ਨਾਲ ਭਿਜੇ ਹੋਏ ਸ਼ਬਦ ਦੀ ਲੈ ਮਹਾਰਾਜ ਦੇ ਕੰਨਾਂ ਤਕ ਅਚਾਨਕ ਪਹੁੰਚ ਗਈ। ਪਹਚਾਨ ਕਰਨੇ ਤੇ ਰੂਪ ਕੌਰ ਜਾਪੀ ਤਾਂ ਓਸੇ ਵੇਲੇ ਮੰਤ੍ਰੀ ਦ੍ਰਿੜ ਨਿਸਚਾ ਸਿੰਘ ਹੋਰਾਂ ਨੂੰ ਹੁਕਮ ਹੋਇਆ ਕਿ ਮਾਲੂਮ ਹੁੰਦਾ ਹੈ ਜੋ ਰੂਪ ਕੌਰ ਅੰਮ੍ਰਿਤ ਸੰਸਕਾਰ ਦੀ ਅਧਿਕਾਰਨ ਹੋ ਗਈ ਹੈ, ਅਜ ਇਸਨੂੰ ਖਾਲਸੇ ਜੀ ਦੇ ਸਤਿਸੰਗਤ ਦੇ ਦੀਵਾਨ ਵਿਚ ਖੜਾ ਕਰ ਦਿਓ। ਅਜੇ ਅੰਮ੍ਰਤ ਛਕਾਕੇ ਉਪਰੰਤ ਰਹਤ ਬਹਤ ਵਿਚ ਪਕਿਆਂ ਕਰਕੇ ਸੁਮਤਿ ਕੌਰ ਦੀ ਸੇਵਾ ਵਿਚ ਲਾ ਦਿਓ। ਇਸ ਹੁਕਮ ਦੀ ਤਾਮੀਲ ਕਰਨ ਤੋਂ ਪਹਿਲੇ ਮੰਤ੍ਰੀ ਨੇ ਬੜੇ ਅਦਬ ਅਤੇ ਨਿੰਮ੍ਰਤਾ ਨਾਲ ਬੇਨਤੀ ਕੀਤੀ ਕਿ ਇਹ ਵਿਮਲ ਵਿਰਾਗ ਕੌਰ ਦੇ ਹਰ ਵੇਲੇ ਦੇ ਉਪਦੇਸ਼ ਅਤੇ ਤਾੜਨਾ ਕਰਕੇ ਰਹਤ ਬਹਤ ਵਿਚ ਪਕੀ ਹੋ ਗਈ ਹੈ। ਦੀਵਾ ਵਟੀ ਤੇਲ ਨਾਲ ਸਵਾਰਿਆ ਗਇਆ ਹੈ, ਕੇਵਲ ਅਗਨੀ ਜਗਾਉਣ ਦੀ ਲੋੜ ਸੀ ਸੋ ਹਜੂਰ ਦੀ ਆਗਿਆ ਅਨੁਸਾਰ ਅਜ ਹੀ ਸਾਧ ਸੰਗਤ ਦੇ ਦਰੋਂ ਘਰੋਂ ਇਸਦਾ ਅੰਮ੍ਰਤ ਸੰਸਕਾਰ ਵੀ ਹੋ ਜਾਏਗਾ। ਇਹ ਕਹਕੇ ਮਥਾ ਟੇਕਕੇ ਹੁਕਮ ਅਨੁਸਾਰ ਆਕੇ ਸਾਧ ਸੰਗਤ ਵਿਚ ਸਨੰਮ੍ਰ ਬੇਨਤੀ ਕਰਕੇ ਰੂਪ ਕੌਰ ਨੂੰ ਇਸ਼ਨਾਨ ਕਰਾਕੇ ਸ਼ੁਧ ਬਸਤ੍ਰਾਂ ਨਾਲ ਸਨਮੁਖ ਖੜਾ ਕਰ ਦਿਤਾ। ਖਾਲਸਾ ਜੀ ਨੇ ਕੇਸਾਂ ਸਮੇਤ ਇਸਨਾਨ ਕਰਾਇਆ। ਅਰਦਾਸਾ ਸੋਧਕੇ ਅੰਮ੍ਰਤ ਤਿਆਰ ਕਰਕੇ ਪੂਰਣ ਮ੍ਰਿਯਾਦਾ ਨਾਲ ਛਕਾਇਆ। ਰਹਤ ਬਹਤ ਦਾ ਉਪਦੇਸ ਕੀਤਾ। ਅੰਮ੍ਰਤ ਸੰਸਕਾਰ ਤੋਂ ਉਪਰੰਤ ਰੂਪ ਕੌਰ ਨੂੰ ਵਿਮਲ ਵਿਰਾਗ ਕੌਰ ਅਤੇ ਉਪਰਾਮ ਕੌਰ ਤੇ ਨਿਮਾਣੋ ਗੋਲੀ ਦੇ ਸਮੇਤ ਮੰਤ੍ਰੀ ਨੇ ਰਾਜਕੁਮਾਰ ਦੇ ਪੇਸ਼ ਕੀਤਾ ਅਤੇ ਬੇਨਤੀ ਕੀਤੀ ਕਿ ਮਹਾਰਾਜ ਦਾ ਹੁਕਮ ਹੈ ਕਿ ਇਸ ਨੂੰ ਅੰਮ੍ਰਤ ਸੰਸਕਾਰ ਹੋ ਗਯਾ ਹੈ। ਹੁਣ ਇਹ ਸੁਮਤਿ ਕੌਰ ਦੀ ਸੇਵਾ ਵਿਚ

ਅੰਤ੍ਰੰਗ ਟਹਲਣ ਹੋਕੇ ਰਹੇ।* ਇਸ ਪਰ ਰਾਜਕੁਮਾਰ ਨੇ ਦੋਇ ਕਰ ਜੋੜ ਪਰਮ ਅਧੀਨਗੀ ਨਾਲ ਮਹਾਰਾਜ ਦਾ ਹੁਕਮ ਪਰਵਾਨ ਕੀਤਾ ਤੇ ਸੁਮਤਿ ਕੌਰ ਵਲ ਭੀ ਪਰਵਾਨਗੀ ਲਈ ਹੁਕਮ ਭਰੀ ਨਿਗਾਹ ਕੀਤੀ।

ਸੁਮਤੀ ਨੇ ਹਥ ਜੋੜ ਕੇ ਬੇਨਤੀ ਕੀਤੀ:-

**"ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥**
**ਜੋ ਤਿਸੁ ਭਾਵੈ ਨਾਨਕ ਸਾਈ ਗਲ ਚੰਗੀ॥"**

[ਤਿਲ:ਮ:੪-੨੨, ਪੰ: ੭੨੬]

ਇਸ ਪਰ ਰੂਪ ਕੌਰ ਨੇ ਹਥ ਜੋੜਕੇ ਗਲ ਵਿਚ ਪਲਾ ਪਾਕੇ ਬੜੀ ਅਧੀਨਗੀ ਨਾਲ ਆਪਣੀ ਇਸ ਵੇਲੇ ਦੀ ਦਸ਼ਾ ਪਰ ਇਹ ਸ਼ਬਦ ਪੜ੍ਹਿਆ।

**"ਸਿਮਰਿ ਸਿਮਰਿ ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ॥ ਗੁਨ ਗਾਵਤ ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ॥੧॥ ਜਗਜੀਵਨ ਨਾਮੁ ਤੁਮਾਰਾ॥ ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ ਪਾਰਿ ਉਤਾਰਾ॥ਰਹਾਉ॥ ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ ਸਭੁ ਕਿਛੁ ਕਰਣੈ ਹਾਰਾ॥ ਤੂ ਆਪੇ ਦਾਤਾ ਆਪੇ ਭੁਗਤਾ ਕਿਆ ਇਹੁ ਜੰਤੁ ਵਿਚਾਰਾ॥੨॥ ਕਿਆ ਗੁਣ ਤੇਰੇ ਆਖਿ ਵਖਾਣੀ ਕੀਮਤਿ ਕਹਣੁ ਨ ਜਾਈ॥ ਪੇਖਿ ਪੇਖਿ ਜੀਵੈ ਪ੍ਰਭੁ ਅਪਨਾ ਅਚਰਜ ਤੁਮਹਿ ਵਡਾਈ॥੩॥ ਧਾਰਿ ਅਨੁਗ੍ਰਹੁ ਆਪ ਪ੍ਰਭ ਸ੍ਵਾਮੀ ਪਤਿ ਮਤਿ ਕੀਨੀ ਪੂਰੀ॥ ਸਦਾ ਸਦਾ ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ"॥੪॥੧੩॥੬੩॥** [ਸੋਰਠ ਮ:੫, ਪੰ: ੬੨੫]

ਇਸ ਦਿਨ ਤੋਂ ਰੂਪ ਕੌਰ ਸੁਮਤੀ ਦੀ ਸੰਗਤ ਵਿਚ ਰਹਕੇ ਸੁਮਤੀ ਦਾ ਰੂਪ ਹੋ ਗਈ, ਸੇਵਾ ਕਰਨ ਵਿਚ ਤਾਂ ਅਗੇ ਹੀ ਅਥਕ ਅਤੇ ਨਿਰਾਲਸ ਸੀ, ਹੁਣ ਸੁਮਤੀ ਨੇ ਮਨ ਨੂੰ ਏਕਾਗ੍ਰ ਕਰਕੇ ਬਾਣੀ ਪੜਨੀ ਅਤੇ ਸੇਵਾ ਕਰਨੇ ਦੇ ਢੰਗ ਸਿਖਾਏ। ਮਨ ਬਾਣੀ ਅਤੇ ਸੁਰਤਿ ਇਨ੍ਹਾਂ ਦੀ ਇਕ ਲਿਵ (ਤਾਰ) ਦੇ ਢੰਗ ਸਮਝਾਏ। ਇਸ ਵੇਲੇ ਰੂਪ ਕੌਰ ਦੀ ਦਸ਼ਾ ਠੀਕ ਇਸ ਸ਼ਬਦ ਦੇ ਅਨੁਸਾਰ ਹੋ ਗਈ।

---

* ਮਾਇਆ ਭਗਤੀ ਬਣ ਗਈ ਹੈ।

**"ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭ ਜੂਐ ਹਾਰੇ॥ ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੇ ਗ੍ਰਿਹ ਭੀਤਰਿ ਵਾਰੇ॥੧॥ ਜਨਮ ਮਰਨ ਕੇ ਚੂਕੇ ਸਭਿ ਭਾਰੇ॥ ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿਤਾਰੇ॥੧॥ਰਹਾਉ॥ ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥ ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ॥੨॥ ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ॥ ਜਪਿ ਜਪਿ ਹੋਏ ਸਗਲ ਸਾਧ ਜਨੁ ਏਕੁ ਨਾਮੁ ਧਿਆਇ ਬਹੁਤੁ ਉਧਾਰੇ॥੩॥ ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀਂ ਕਿਛੁ ਪਾਰਾਵਾਰੇ॥ ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ"॥੪॥੩੬॥** [ਆਸਾ ਮ:੫, ਪੰ: ੩੭੯]

ਅਤੇ ਰਾਜਕੁਮਾਰ ਦੀ ਇਹ ਬਿਵਸਥਾ ਹੋਈ:

**"ਮਨ ਤੇ ਭੈ ਭਉ ਦੂਰਿ ਪਰਾਇਓ॥ ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ॥੧॥ਰਹਾਉ॥ ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ॥ ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ॥੧॥ ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ॥ ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ ਆਪਿ ਆਪਾਇਓ"॥੨॥੩੦॥੫੩॥** [ਸਾਰੰ:ਮ:੫, ਪੰ: ੧੨੧੪]

**-0-**

ਭਾਈ ਦਿਵਾਕਰ ਸਿੰਘ ਜੀ ਨੇ ਚੇਤਾਕੇ ਆਖਿਆ ਸਰਦਾਰ ਅਲਬੇਲਾ ਸਿੰਘ ਜੀ ਸਾਨੂੰ ਤਾਂ ਇਜੇਹੇ ਮੋਟੇ ਸੋਟੇ ਨਾਵਲ ਆਉਂਦੇ ਹਨ। ਹੁਣ ਤੁਸੀਂ ਦਸੋ ਇਹ ਨਾਵਲ ਕੁਝ ਤੁਹਾਡੇ ਪਸਿੰਦ ਵੀ ਆਇਆ ਕਿ ਨਹੀਂ?

ਅਲਬੇਲਾ ਸਿੰਘ ਹਥ ਜੋੜ ਕੇ ਕਹਿਣ ਲਗਾ ਮਹਾਰਾਜ ਜੀ ਇਹ ਤਾਂ ਅਨੋਖਾ ਨਾਵਲ ਸੁਣਿਆ ਹੈ ਅਤੇ ਮਤਲਬ ਵੀ ਇਸ ਵਿਚ ਅਨੋਖਾ ਹੀ ਹੈ।

ਸਰਦਾਰ ਅਪਰਮਿਤ ਸਿੰਘ ਹੋਰੀ ਬੋਲੇ ਜੇ ਕਦੀ ਹੋਰ ਵੀ ਇਜੈਹੇ ਨਾਵਲ ਹੋਣ ਤਾਂ ਪਰਮਾਰਥ ਦਾ ਤਾਂ ਕੁਝ ਸਵਰ ਜਾਵੇ, ਪਰ ਅਫਸੋਸ ਹੈ ਕਿ ਹੋਰ

ਨਾਵਲ ਨਿਰੇ ਹਾ ਹਾ ਹੀ ਹੀ ਕਰਾਉਣ ਵਾਲੇ ਹੀ ਹੁੰਦੇ ਹਨ। ਅਸੀਂ ਤਾਂ ਜਾਣਦੇ ਹਾਂ ਇਹ ਨਾਵਲ ਸਤਸੰਗੀ ਪੁਰਸ਼ਾਂ ਦੇ ਪੜਨੇ ਲਾਇਕ ਹੈ।

ਭਾਈ ਜੀ ਇਸ ਗਲ ਵਿਚ ਕੀ ਸ਼ਕ ਹੈ। ਪਰ ਜੇ ਕਦੀ ਸਰਦਾਰ ਅਲਬੇਲਾ ਸਿੰਘ ਹੋਰੀਂ ਪਸਿੰਦ ਕਰਨ ਤਾਂ ਠੀਕ ਹੈ। ਨਹੀਂ ਤਾਂ ਕੁਝ ਨਾ।

**ਅਲਬੇਲਾ ਸਿੰਘ ਜੀ**: ਭਲਾ ਮੈਂ ਕਿਉਂ ਨਾ ਪਸਿੰਦ ਕਰਾਂ? ਇਹ ਪੰਜਾਬੀ ਵਿਦਜਾ ਦਾ ਮੁਢ ਬੰਨਣ ਵਾਲਾ ਪ੍ਰੇਮ ਗ੍ਰੰਥ ਹੈ। ਨਾਵਲ ਨਿਕਾਰੇ ਇਸ ਪਵਿਤ੍ਰ ਪੁਸਤਕ ਦੇ ਅਗੇ ਕੀ ਹਕੀਕਤ ਰਖਦੇ ਹਨ। ਇਸ ਦਾ ਗਹਰਾ ਮਤਲਬ ਖੋਜੀਆਂ ਨੂੰ ਪਰਮਾਰਥ ਦੇ ਸਿਧੇ ਰਸਤੇ ਪਾ ਦੇਣ ਵਾਲਾ ਹੈ। ਪੜਨ ਵਾਲਿਆਂ ਨੂੰ ਇਕ ਲੜਾਈ ਭਿੜਾਈ ਦੀ ਕਹਾਣੀ ਤੇ ਸਵਾਦਲੀ ਬਣਤ ਦਾ ਉਤਮ ਗ੍ਰੰਥ ਪ੍ਰਸੰਨ ਕਰਨ ਵਾਲਾ ਹੈ।

ਭਾਈ ਦਿਵਾਕਰ ਸਿੰਘ ਜੀ ਨੇ ਹਸਕੇ ਆਖਿਆ ਨਿਕਿਆ ਤੇਰੀ ਸਮਝ ਬਹੁਤ ਬਾਰੀਕ ਹੈ, ਭਰੋਸਾ ਹੈ ਗੁਰੂ ਕਿਰਪਾ ਕਰੇ ਤੇ ਤੂੰ ਕਿਸੇ ਚੰਗੇਰੇ ਕੰਮ ਤੇ ਹੋਵੇਂ ਤਾਂ ਤੇਰੇ ਹਥੋਂ ਚੰਗੇ ਬੁਧਮਤਾ ਵਾਲੇ ਕੰਮ ਹੋਣਗੇ। ਲੌ ਹੁਣ ਨਾਵਲਾਂ ਵਿਚ ਦੀਦੇ ਖੋਰੀ ਕਰਨ ਨੂੰ ਮਥਾ ਟੇਕੋ ਓਹੋ ਵਿਹਲਾ ਵੇਲਾ ਗੁਰਬਾਣੀ ਵਿਚ ਸਫ਼ਲ ਕਰੋ। ਇਸ ਸ਼ਬਦ ਨੂੰ ਸਭੈ ਮਿਲਕੇ ਪੜੀਏ:

**"ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ॥**
**ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ॥**
**ਦਸ ਨਾਰੀ[੧] ਇਕੁ ਪੁਰਖੁ ਕਰਿ ਦਸੇ ਸਾਦਿ ਲੋੁਭਾਈਆ॥**
**ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ॥**
**ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ॥**
**ਸਿਵ ਅਗੈ ਸਕਤੀ ਹਾਰਿਆ[੨] ਏਵੈ ਹਰਿ ਭਾਈਆ॥**

੧. ਪੰਜ ਕਰਮ ਇੰਦ੍ਰੀਆਂ-ਹਥ, ਪੈਰ, ਜਿਹਵਾ ਤੇ ਮਲਮੂਤ ਦੇ ਦੋ ਰਸਤੇ ਤੇ ਪੰਜ ਗਿਆਨ ਇੰਦ੍ਰੀਆਂ ਹਨ, ਤ੍ਵਚਾ, ਅਖਾਂ, ਜਿਹਵਾ, ਨਕ ਤੇ ਕੰਨ।

੨. ਬ੍ਰਹਮ ਦੇ ਸਾਹਮਣੇ ਮਾਇਆ ਹਾਰ ਗਈ ਹੈ।

ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗ ਮਿਲਾਈਆ॥
ਜਲ ਵਿਚਹੁ ਬਿੰਬ ਉਠਾਲਿਓ ਜਲ ਮਾਹਿ ਸਮਾਈਆ॥੬॥"
[ਮਾਰੂ ਵਾਰ ਮ: ੫, ਪੰ: ੧੦੯੬]

## ਸਿਧਾਂਤ

"ਲੋਗੁ ਜਾਨੈ ਇਹ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥੩॥ ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥ ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ"॥੪॥੧॥੪॥੫੫॥
[ਗਉ: ਕਬੀ:, ਪੰ: ੩੩੫]

-ਇਤਿ-

 www.sikhbookclub.com